# ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਦਾਰਸ਼ਨਿਕ ਅਤੇ ਸਮਾਜ-ਸਭਿਆਚਾਰਕ ਅਧਿਐਨ

**GURU ARJAN DEV JI DI BANI DA DARSHANIK ATTE SAMAAJ-SABHYACHARAK ADHYAN**

Submitted to

**LOVELY PROFESSIONAL UNIVERSITY**

in partial fulfillment of the requirements for the award of degree of

**M.Phil. (Punjabi)**


**Submitted by:**

**Ranjit Kaur**

**ਰਜਿ.ਨੰ.11617212**

**Supervised by:**

**Dr. Kirandeep Singh**

**Associate Professor**

**FACULTY OF BUSINESS AND ARTS**

**LOVELY PROFESSIONAL UNIVERSITY**

**PUNJAB**


**2017**

# ਘੋਸ਼ਣਾ-ਪੱਤਰ

ਮੈਂ ਰਣਜੀਤ ਕੌਰ ਇਹ ਬਿਆਨ ਕਰਦੀ ਹਾਂ ਕਿ '**ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਦਾਰਸ਼ਨਿਕ ਅਤੇ ਸਮਾਜ-ਸਭਿਆਚਾਰਕ ਅਧਿਐਨ (ਸੁਖਮਨੀ ਸਾਹਿਬ ਅਤੇ ਬਾਰਾਮਾਹ ਦੇ ਵਿਸ਼ੇਸ਼ ਸੰਦਰਭ ਵਿਚ)**' ਵਿਸ਼ੇ ਉੱਤੇ ਐਮ.ਫਿਲ. (ਪੰਜਾਬੀ) ਦੀ ਡਿਗਰੀ ਲਈ ਖੋਜ-ਕਾਰਜ ਕੀਤਾ ਹੈ। ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ ਅਤੇ ਇਸ ਵਿਚ ਕੋਈ ਹੋਰ ਹਿੱਸੇਦਾਰ ਨਹੀਂ ਹੈ। ਇਸ ਖੋਜ-ਪ੍ਰਬੰਧ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਲ ਨਹੀਂ ਹੈ ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਜਾ ਚੁੱਕਾ ਹੋਵੇ।

**ਖੋਜਾਰਥਣ**

**ਰਣਜੀਤ ਕੌਰ**

**ਰਜਿ. ਨੰਬਰ-11617212**

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥਣ ਰਣਜੀਤ ਕੌਰ ਨੇ '**ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਦਾਰਸ਼ਨਿਕ ਅਤੇ ਸਮਾਜ-ਸਭਿਆਚਾਰਕ ਅਧਿਐਨ (ਸੁਖਮਨੀ ਸਾਹਿਬ ਅਤੇ ਬਾਰਾਮਾਹ ਦੇ ਵਿਸ਼ੇਸ਼ ਸੰਦਰਭ ਵਿਚ)**' ਵਿਸ਼ੇ ਉੱਤੇ ਐਮ.ਫਿਲ. (ਪੰਜਾਬੀ) ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ-ਕਾਰਜ ਕੀਤਾ ਹੈ। ਇਹ ਖੋਜਾਰਥਣ ਦਾ ਮੌਲਿਕ ਕਾਰਜ ਹੈ ਅਤੇ ਉਸ ਦੀ ਮਿਹਨਤ ਦਾ ਪ੍ਰਤਿਫ਼ਲ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਐਮ.ਫਿਲ. ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਹਿੱਤ ਪ੍ਰਸਤੁਤ ਕਰਨ ਦੀ ਸਿਫ਼ਾਰਸ਼ ਕਰਦਾ ਹਾਂ। ਇਸ ਤੋਂ ਪਹਿਲਾਂ ਇਹ ਖੋਜ-ਕਾਰਜ ਕਿਸੇ ਵੀ ਡਿਗਰੀ ਲਈ ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ।

**ਮਿਤੀ: …………** **ਨਿਗਰਾਨ**

**ਡਾ. ਕਿਰਨਦੀਪ ਸਿੰਘ**

ਐਸੋਸੀਏਟ ਪ੍ਰੋਫ਼ੈਸਰ

ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼,

ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ

(ਪੰਜਾਬ)

# ਤਤਕਰਾ


**ਭੂਮਿਕਾ** 1–2

**ਅਧਿਆਇ-ਪਹਿਲਾ: ਸਿਧਾਂਤਕ ਪਿੱਠ ਭੂਮੀ** 3–25

- 1.1 ਵਿਸ਼ੇ ਦੀ ਸਾਰਥਿਕਤਾ
- 1.2 ਉਦੇਸ਼
- 1.3 ਖੋਜ ਵਿਧੀਆਂ
  - 1.3.1 ਮਨੋਵਿਗਿਆਨਿਕ ਵਿਧੀ
  - 1.3.2 ਸਮਾਜ ਸ਼ਾਸਤਰੀ ਵਿਧੀ
- 1.4 ਪੂਰਵ ਖੋਜ ਕਾਰਜ
- 1.5 ਮੱਧਕਾਲੀ ਸਾਹਿਤ
- 1.6 ਗੁਰੂ ਅਰਜਨ ਦੇਵ ਜੀ ਦਾ ਜੀਵਨ ਅਤੇ ਰਚਨਾ

**ਅਧਿਆਇ ਦੂਜਾ: ਸੁਖਮਨੀ ਸਾਹਿਬ ਦਾ ਦਾਰਸ਼ਨਿਕ ਅਧਿਐਨ** 26–53

- 2.1 ਦਰਸ਼ਨ ਦਾ ਸਿਧਾਂਤਕ ਪੱਖ
- 2.2 ਅਕਾਲ-ਪੁਰਖ ਦਾ ਸਰੂਪ
- 2.3 ਸਤਿਗੁਰੂ ਦਾ ਸਰੂਪ
- 2.4 ਬ੍ਰਹਮਗਿਆਨੀ ਦਾ ਸਰੂਪ
- 2.5 ਸਾਧ ਸੰਗਤ ਦਾ ਸਰੂਪ
- 2.6 ਨਾਮ-ਸਿਮਰਨ ਦਾ ਸਰੂਪ

**ਅਧਿਆਇ ਤੀਜਾ : ਸੁਖਮਨੀ ਸਾਹਿਬ ਦਾ ਸਮਾਜ-ਸਭਿਆਚਾਰਕ ਅਧਿਐਨ** 54–68

- 3.1 ਸਮਾਜ ਦਾ ਸਿਧਾਂਤਕ ਪੱਖ
- 3.2 ਸਭਿਆਚਾਰ ਦਾ ਸਿਧਾਂਤਕ ਪੱਖ
- 3.3 ਸਮਾਜ-ਸਭਿਆਚਾਰ ਦਾ ਸੰਬੰਧ
- 3.4 ਸਮਾਜ-ਸਭਿਆਚਾਰਕ ਪਾਸਾਰ

**ਅਧਿਆਇ ਚੌਥਾ : ਬਾਰਾਮਾਹ ਬਾਣੀ ਦਾ ਦਾਰਸ਼ਨਿਕ ਅਧਿਐਨ** 69–78

- 4.1 ਬਾਰਾਮਾਹ ਦਾ ਸ਼ਾਬਦਿਕ ਅਰਥ
- 4.2 ਬਾਰਾਮਾਹ ਪਰੰਪਰਾ ਅਤੇ ਵਿਕਾਸ
- 4.3 ਆਤਮਾ-ਪਰਮਾਤਮਾ ਦਾ ਅਧਿਐਨ

**ਅਧਿਆਇ ਪੰਜਵਾਂ : ਬਾਰਾਮਾਹ ਬਾਣੀ ਦਾ ਸਮਾਜ-ਸਭਿਆਚਾਰਕ ਅਧਿਐਨ** 79–89

- 5.1 ਇਸਤਰੀ ਪਰਿਪੇਖ
- 5.2 ਸਭਿਆਚਾਰ ਜਲਵਾਯੂ

**ਸਾਰ ਅਤੇ ਸਥਾਪਨਾਵਾਂ** 90–97

**ਸਹਾਇਕ ਪੁਸਤਕ ਸੂਚੀ** 98–100

## ਭੂਮਿਕਾ

'ਸੁਖਮਨੀ ਸਾਹਿਬ' ਅਤੇ 'ਬਾਰਾਮਾਹ' ਸਿੱਖ ਵਿਰਸੇ ਦੀ ਰਚਨਾ ਹੋਣ ਦੇ ਨਾਲ-ਨਾਲ ਮੱਧਕਾਲੀਨ ਭਾਰਤ ਦੀ ਮਹੱਤਵਯੋਗ ਧਾਰਮਕ ਅਤੇ ਸਮਾਜਕ ਟੈਕਸਟ ਵੀ ਹੈ। ਜਿਸ ਦੇ ਅਣਗਿਣਤ ਤੇ ਬਹੁਪੱਖੀ ਪਸਾਰਾਂ ਵਿਚ ਮੁੱਖ ਪ੍ਰਵਚਨ ਮਨੁੱਖੀ ਜੀਵਨ ਦੀ ਨੈਤਿਕ ਅਤੇ ਅਧਿਆਤਮਿਕ ਅਗਵਾਈ ਹੈ। ਸਮਾਜਕ ਸੰਸਥਾਵਾਂ ਅਤੇ ਸਭਿਆਚਾਰਕ ਕਦਰਾਂ-ਕੀਮਤਾਂ ਵਿਚ ਰਹਿ ਕੇ ਆਪਣੀ ਪਛਾਣ ਸਥਾਪਿਤ ਕਰਨ ਦਾ ਕ੍ਰਾਂਤੀਕਾਰੀ ਸੰਵਾਦ ਹੈ। ਇਹ ਠੀਕ ਹੈ ਕਿ ਇਹ ਰਚਨਾ ਮੱਧਕਾਲ ਦੀ ਹੈ। ਪਰ ਇਸ ਵਿਚ ਪੇਸ਼ ਅੰਤਰ ਦ੍ਰਿਸ਼ਟੀਆਂ ਵਰਤਮਾਨ ਮਨੁੱਖ ਦੀ ਰਹਿਬਰੀ ਲਈ ਉਨ੍ਹੀਆਂ ਹੀ ਢੁੱਕਵੀਂਆਂ ਅਤੇ ਸਾਰਥਕ ਹਨ ਜਿਨ੍ਹੀਆਂ ਮੱਧਕਾਲ ਵਿਚ ਸਨ। ਵਿਸ਼ੇ ਦੀ ਸਾਰਥਿਕਤਾ ਨੂੰ ਸਿੱਧ ਕਰਦੇ ਹੋਏ ਮੈਂ 'ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਦਾਰਸ਼ਨਿਕ ਅਤੇ ਸਮਾਜ-ਸਭਿਆਚਾਰਕ ਅਧਿਐਨ' "ਸੁਖਮਨੀ ਸਾਹਿਬ ਅਤੇ ਬਾਰਾਮਾਹ ਦੇ ਵਿਸ਼ੇਸ਼ ਸੰਦਰਭ ਵਿਚ" ਦੇ ਸਿਰਲੇਖ ਹੇਠ ਸਮਾਜ-ਸਭਿਆਚਾਰਕ ਮੁੱਲਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਹਾਨ ਸੰਪਾਦਕ ਬਾਣੀ ਦੇ ਬੋਹਿਥੇ, ਸ਼ਾਂਤੀ ਦੇ ਪੁੰਜ ਅਤੇ ਸ਼ਹੀਦਾਂ ਦੇ ਸਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਾਗ ਗਾਉੜੀ ਵਿਚ ਪੰਨਾ 262 ਤੋਂ 296 ਤੱਕ ਪਾਵਨ ਬਾਣੀ 'ਸੁਖਮਨੀ ਸਾਹਿਬ' ਅੰਕਿਤ ਕੀਤੀ ਹੈ। ਇਸ ਬਾਣੀ ਦੀਆਂ 24 ਅਸਟਪਦੀਆਂ ਤੇ ਹਰ ਅਸਟਪਦੀ ਦੇ ਆਰੰਭ ਵਿਚ ਇਕ ਸਲੋਕ ਦਰਜ ਹੈ। ਇਸ ਤਰ੍ਹਾਂ ਇਸ ਬਾਣੀ ਵਿਚ 24 ਸਲੋਕ ਵੀ ਸੁਸ਼ੋਭਿਤ ਹਨ। ਅੰਕਿਤ ਕੀਤੇ ਹਰ ਸਲੋਕ ਦੀ ਵਿਆਖਿਆ ਹੀ ਸੰਬੰਧਿਤ ਅਸਟਪਦੀ ਵਿਚ ਕੀਤੀ ਗਈ ਹੈ। ਇਸ ਰਚਨਾ ਵਿਚ ਇਕ ਰਹਾਉ ਹੈ। ਜੋ ਪਹਿਲੀ ਅਸਟਪਦੀ ਵਿਚ ਹੀ ਦਰਜ ਕੀਤਾ ਹੋਇਆ ਹੈ। ਰਹਾਉ ਦੀ ਤੁੱਕ ਵਿਚ ਸੁਖਮਨੀ ਸਾਹਿਬ ਦਾ ਕੇਂਦਰੀ ਭਾਵ ਹੈ। ਇਹ ਜੋ ਇਸ ਪ੍ਰਕਾਰ ਹੈ।

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥
ਭਗਤ ਜਨਾ ਕੈ ਮਨਿ ਬਿਸ੍ਰਤਮ॥ ਰਹਾਉ॥

ਇਸ ਤੋਂ ਇਲਾਵਾ ਸ੍ਰੀ ਗੁਰੂ ਅਰਜਨ ਦੇਵ ਜੀ ਮਾਝ ਰਾਗ ਵਿਚ ਗੁਰੂ ਗ੍ਰੰਥ ਸਾਹਿਬ ਦੇ ਪੰਨਾ 132 ਤੋਂ 136 ਤੱਕ ਪਾਵਨ ਬਾਣੀ 'ਬਾਰਾਮਾਹ' ਅੰਕਿਤ ਕੀਤੀ ਹੈ। ਇਸ ਬਾਣੀ ਵਿਚ ਗੁਰੂ ਜੀ ਨੇ ਬਾਰ੍ਹਾਂ ਦੇਸੀ ਮਹੀਨਿਆਂ ਨੂੰ 14 ਬੰਦਾਂ ਰਾਹੀ ਪੇਸ਼ ਕੀਤਾ ਗਿਆ ਹੈ। ਇਸ ਦਾ ਮੂਲ ਕੇਂਦਰੀ ਭਾਵ ਹੈ:-

ਕਿਰਤ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥
ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥

ਪ੍ਰਸਤੁਤ ਸ਼ੋਧ-ਪ੍ਰਬੰਧ ਨੂੰ ਨਿਯਮਬੱਧ ਰੂਪ ਵਿਚ ਪੇਸ਼ ਕਰਨ ਲਈ ਮੈਂ ਇਸ ਦੀ ਵੰਡ ਪੰਜ ਅਧਿਆਇ ਵਿਚ ਇਸ ਤਰ੍ਹਾਂ ਕੀਤੀ ਹੈ। ਪਹਿਲੇ ਅਧਿਆਇ ਵਿਚ ਸਿਧਾਂਤਕ ਪੱਖ ਵਿਚ ਮੱਧਕਾਲੀ ਸਾਹਿਤ ਬਾਰੇ ਦੱਸਦੇ ਹੋਏ ਇਸ ਸਮੇਂ ਦੀਆਂ ਮੁੱਖ ਕਾਵਿ ਧਾਰਾਵਾਂ ਦਾ ਵਰਣਨ ਕੀਤਾ ਹੈ। ਇਸ ਵਿਚ ਗੁਰੂ ਅਰਜਨ ਦੇਵ ਜੀ ਦੇ ਜੀਵਨ ਅਤੇ ਬਾਣੀ ਸੰਸਾਰ ਨੂੰ ਵੀ ਪੇਸ਼ ਕੀਤਾ ਹੈ।

ਦੂਸਰੇ ਅਧਿਆਇ ਦੇ ਆਰੰਭ ਵਿਚ ਦਾਰਸ਼ਨਿਕ ਪੱਖ ਦੇ ਸਿਧਾਂਤਕ ਪੱਖ ਨੂੰ ਦਰਸਾਉਂਦੇ ਹੋਏ ਇਸ ਵਿਚ ਦਰਸ਼ਨ ਦਾ ਸਰੂਪ, ਪਰਿਭਾਸ਼ਾਂ, ਵਿਸ਼ੇਸ਼ਤਾਵਾਂ ਅਤੇ ਦਰਸ਼ਨ ਦੇ ਤੱਤਾਂ ਨੂੰ ਬਿਆਨ ਕੀਤਾ ਹੈ। ਸੁਖਮਨੀ ਬਾਣੀ ਦਾ ਦਾਰਸ਼ਨਿਕ ਅਧਿਐਨ ਕਰਦੇ ਹੋਏ ਇਸ ਵਿਚ ਬ੍ਰਹਮ ਦਾ ਸਰੂਪ, ਗੁਰੂ, ਬ੍ਰਹਮਗਿਆਨੀ, ਸਾਧ ਸੰਗਤ, ਨਾਮ ਸਿਮਰਨ ਆਦਿ ਦੇ ਸਰੂਪ ਨੂੰ ਨਿਰਧਾਰਿਤ ਕੀਤਾ ਗਿਆ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਦਾਰਸ਼ਨਿਕ ਪੱਖ ਵਿਚੋਂ ਜੀਵਨ ਦੀ ਅਸਲ ਸੱਚਾਈ ਨਾਲ ਪਹਿਚਾਣ ਕਰਵਾਈ ਗਈ ਹੈ ਅਤੇ ਇਸ ਦੀ ਸਾਰਥਿਕਤਾ ਨੂੰ ਸਿੱਧ ਕੀਤਾ ਗਿਆ ਹੈ।

ਤੀਸਰੇ ਅਧਿਆਇ ਵਿਚ ਸੁਖਮਨੀ ਸਾਹਿਬ ਦਾ ਸਮਾਜ-ਸਭਿਆਚਾਰਕ ਅਧਿਐਨ ਕੀਤਾ ਗਿਆ ਹੈ। ਇਸ ਅਧਿਆਇ ਵਿਚ ਸਭ ਤੋਂ ਪਹਿਲਾ ਸਮਾਜ-ਸਭਿਆਚਾਰਕ ਦਾ ਸਿਧਾਂਤਕ ਪੱਖ ਪੇਸ਼ ਕੀਤਾ ਗਿਆ ਹੈ ਅਤੇ ਸੁਖਮਨੀ ਬਾਣੀ ਸਮਾਜਕ ਅਤੇ ਸਭਿਆਚਾਰਕ ਮੁੱਲਾਂ ਦਾ ਅਧਿਐਨ ਕੀਤਾ ਗਿਆ ਹੈ। ਬਾਣੀ ਵਿਚ ਸਮਾਜ-ਸਭਿਆਚਾਰਕ ਪੱਖ ਦਾ ਵਰਣਨ ਕਰਦੇ ਹੋਏ ਅੱਜ ਦੇ ਸਮਾਜ ਦੀ ਤਸਵੀਰ ਨੂੰ ਪੇਸ਼ ਕੀਤਾ ਗਿਆ ਹੈ।

ਚੌਥਾ ਅਧਿਆਇ ਵਿਚ ਬਾਰਾਮਾਹ ਬਾਣੀ ਦਾ ਦਾਰਸ਼ਨਿਕ ਅਧਿਐਨ ਕਰਦੇ ਹੋਏ, ਬਾਰਾਮਾਹ ਦੇ ਸਿਧਾਂਤਕ ਪੱਖ ਵਿਚ ਬਾਰਾਮਾਹ ਦਾ ਸ਼ਾਬਦਿਕ ਅਰਥ, ਪੰਰਪਰਾ, ਵਿਕਾਸ ਅਤੇ ਵਿਸ਼ੇ ਨੂੰ ਪੇਸ਼ ਕੀਤਾ ਗਿਆ ਹੈ। ਆਤਮਾ ਪਰਮਾਤਮਾ ਦੇ ਸੰਬੰਧ ਨੂੰ ਜੀਵਨ ਦੇ ਮੂਲ ਆਧਾਰ ਨਾਲ ਜੋੜਿਆ ਹੈ।

ਪੰਜਵਾਂ ਅਧਿਆਇ ਵਿਚ ਸਮਾਜ-ਸਭਿਆਚਾਰਕ ਪੱਖ ਨੂੰ ਪੇਸ਼ ਕੀਤਾ ਗਿਆ ਹੈ। ਇਸ ਸਮਾਜ-ਸਭਿਆਚਾਰ ਪੱਖ ਵਿਚ ਇਸਤਰੀ ਪਰਿਪੇਖ ਨੂੰ ਪ੍ਰਸਤੁਤ ਕਰਦੇ ਹੋਏ ਜੀਵ ਇਸਤਰੀ ਅਤੇ ਪਰਮਾਤਮਾ ਦੇ ਸੰਬੰਧ ਨੂੰ ਪੇਸ਼ ਕੀਤਾ ਗਿਆ ਹੈ। ਇਸ ਦੇ ਨਾਲ ਹੀ ਸਮਾਜ ਵਿਚ ਔਰਤ ਦੇ ਸਥਾਨ ਤੋਂ ਜਾਣੂ ਕਰਵਾਉਂਦੇ ਹੋਏ ਔਰਤ ਨੂੰ ਆਪਣੀ ਬਾਣੀ ਰਾਹੀ ਮਹਾਨ ਦਰਜ ਪ੍ਰਾਪਤ ਕਰਵਾਇਆ ਹੈ। ਇਸ ਅਧਿਆਇ ਵਿਚ ਨਾਲ ਹੀ ਬਾਣੀ ਵਿਚ ਸਭਿਆਚਾਰਕ ਜਲਵਾਯੂ ਅਤੇ ਵਾਤਾਵਰਨ ਤੋਂ ਜਾਣੂ ਕਰਵਾਉਂਦੇ ਹੋਏ ਵਾਤਾਵਰਨ ਪ੍ਰਤੀ ਸੁਚੇਤ ਵੀ ਕਰਵਾਇਆ ਗਿਆ ਹੈ। ਅੰਤ ਵਿਚ ਸਾਰ ਅੰਸ਼ ਨੂੰ ਪੇਸ਼ ਕੀਤਾ ਗਿਆ ਹੈ।

ਇਸ ਖੋਜ ਕਾਰਜ ਨੂੰ ਤਿਆਰ ਕਰਨ ਅਤੇ ਇਸ ਨੂੰ ਸਿਰੇ ਚਾੜਨ ਵਿੱਚ ਮੇਰੇ ਨਿਗਰਾਨ ਡਾ. ਕਿਰਨਦੀਪ ਸਿੰਘ ਨੇ ਮੇਰੀ ਬਹੁਤ ਮੱਦਦ ਕੀਤੀ ਹੈ। ਉਨ੍ਹਾਂ ਦੇ ਵਿਦਵਤਾ ਭਰਪੂਰ ਸੁਝਾਵਾਂ ਨਾਲ ਮੇਰਾ ਨਿਰੰਤਰ ਮਾਰਗ ਦਰਸ਼ਨ ਹੁੰਦਾ ਰਿਹਾ ਹੈ। ਇਸ ਖੋਜ ਕਾਰਜ ਨਾਲ ਜੁੜੇ ਭਿੰਨ-ਭਿੰਨ ਅਕਾਦਮਕ ਮਸਲਿਆਂ ਨੂੰਹੱਲ ਕਰਨ ਵਿੱਚ ਉਨ੍ਹਾਂ ਨੇ ਮੇਰੀ ਕਦਮ-ਕਦਮ ਤੇ ਸਹਾਇਤਾ ਕੀਤੀ ਹੈ।

**(ਰਣਜੀਤ ਕੌਰ)**

# ਅਧਿਆਇ ਪਹਿਲਾ
# ਸਿਧਾਂਤਕ ਪਿੱਠ ਭੂਮੀ

## ਵਿਸ਼ੇ ਦੀ ਸਾਰਥਕਤਾ

ਗੁਰੂ ਅਰਜਨ ਦੇਵ ਜੀ ਸ਼ਾਹਕਾਰ ਰਚਨਾ ਸੁਖਮਨੀ ਸਾਹਿਬ ਅਤੇ ਬਾਰਾਮਾਹ ਬਾਣੀ ਆਧਿਆਤਮਕ ਮੰਡਲਾਂ ਦਾ ਸਿਖ਼ਰ, ਉੱਚ ਆਤਮਕ ਤੱਤਾਂ ਦੀ ਪਛਾਣ ਹੈ, ਬਹੁਤ ਉੱਚਕੋਟੀ ਦੇ ਜੀਵਨ ਦੀ ਪੇਸ਼ਕਾਰੀ ਹੈ, ਗੁਰਮੁਖਿ ਦਾ ਜੀਵਨ ਹੈ, ਗੁਰਮਤਿ ਦੇ ਅਨੁਸਾਰੀ ਹੋਣਾ ਹੈ। ਸੁਖਮਨੀ ਸਾਹਿਬ ਅਤੇ ਬਾਰਾਮਾਹ ਬਾਣੀ ਅੱਜ ਦੇ ਯੁੱਗ ਵਿਚ ਬਹੁਤ ਹੀ ਸਾਰਥਿਕ ਬਾਣੀ ਹੈ। ਜਿਸ ਤਣਾਓ ਵਿਚ ਅਸੀਂ ਆਪਣਾ ਜੀਵਨ ਬਤੀਤ ਕਰ ਰਹੇ ਹਾਂ ਸੁਖਮਨੀ ਸਾਹਿਬ ਅਤੇ ਬਾਰਾਮਾਹ ਬਾਣੀ ਉਸ ਤੋਂ ਨਿਜਾਤ ਪਾਉਣ ਦਾ ਇਕ ਸਾਧਨ ਹੈ ਕਿਉਂਕਿ ਅੱਜ ਦਾ ਮਨੁੱਖ ਪਰੇਸ਼ਾਨ ਹੈ, ਦੁਚਿਤੀ ਵਿਚ ਹੈ, ਦੁਵਿਧਾ ਵਿਚ ਹੈ, ਚਿੰਤਾ ਵਿਚ ਜੀ ਰਿਹਾ ਹੈ। ਨਿਰਾਸ਼ਾ, ਗਮ, ਵਿਸ਼ਾਦ, ਹਨੇਰੇ, ਭਟਕਣ ਆਦਿ ਵਿਚ ਆਪਣਾ ਜੀਵਨ ਬਤੀਤ ਕਰ ਰਿਹਾ ਹੈ। ਭੈਅ ਗ੍ਰਸਤ ਹੈ, ਚਿੰਤਾ ਗ੍ਰਸਤ ਹੈ। ਅੱਜ ਹਰ ਪਾਸੇ ਅਸ਼ਾਤੀ ਹੈ, ਅਸ਼ਤੁੰਟੀ ਹੈ। ਇਸ ਦਾ ਕਾਰਨ ਸਾਡੀ ਜੀਵਨ ਜਾਚ ਸ਼ੈਲੀ ਹੈ। ਲੋੜ ਹੈ ਆਪਣੇ ਜੀਵਨ ਨੂੰ ਸਮਝਣ ਦੀ ਤੇ ਆਪਣੇ ਜੀਵਨ ਦੇ ਨਜ਼ਰੀਏ ਨੂੰ ਬਦਲਣ ਦੀ। ਨਿਰਸੰਦੇਹ ਅੱਜ ਪਥਾਰਥਵਾਦ ਦਾ ਯੁੱਗ ਹੈ,ਵਿਸ਼ਵੀਕਰਨ ਦਾ ਦੌਰ ਹੈ। ਸਮੁੱਚਾ ਵਿਸ਼ਵ ਸਿਮਟ ਕੇ ਰਹਿ ਚੁੱਕਾ ਹੈ। ਅਸੀਂ ਪੂਰੀ ਤਰ੍ਹਾਂ ਨਾਲ ਟੁੱਟ ਚੁੱਕੇ ਹਾਂ। ਕੋਈ ਸ਼ੱਕ ਨਹੀਂ ਹੈ ਕਿ ਅੱਜ ਅਸੀਂ ਬਹੁਤ ਤਰੱਕੀ , ਵਿਕਾਸ, ਉੱਨਤੀ ਕੀਤੀ ਹੈ ਪਰ ਸਾਡੀ ਅੰਤਰ-ਆਤਮਾ ਦਾ ਦਿਨ-ਬਦਿਨਨਿਘਾਰ ਹੋ ਰਿਹਾ ਹੈ।

ਅੱਜ ਅਸੀਂ ਸਰੀਰਕ ਸੁੱਖ ਦੀ ਪ੍ਰਾਪਤੀ ਵੱਲ ਧਿਆਨ ਦਿੰਦੇ ਹਾਂ ਅਤੇ ਸੁੱਖ ਦੀ ਤਲਾਸ਼ ਵਿਚ ਇੱਧਰ-ਉੱਧਰ ਭਟਕ ਰਹੇਹਾਂ। ਇਹੀ ਸਾਡੇ ਦੁੱਖ ਦਾ ਕਾਰਨ ਹੈ। ਅੱਜ ਸਾਡੇ ਕੋਲ ਸੁੱਖ ਸੁਵਿਦਾ ਦੀ ਹਰ ਇਕ ਵਸਤੂ ਹੈ। ਪਰ ਅੱਜ ਵੀ ਅਸੀਂ ਨਿਰਾਸ਼ ਹਾਂ। ਆਤਮਕ ਸੁੱਖ ਨੂੰ ਉਹੀ ਪ੍ਰਾਪਤ ਕਰ ਸਕਦਾ ਹੈ ਜਿਸ ਕੋਲ ਪ੍ਰਭੂ ਦਾ ਨਾਮ ਸਿਮਰਨ ਹੈ। ਸੁਖਮਨੀ ਬਾਣੀ ਵਿਚ ਵੀ ਦੱਸਿਆ ਹੈ।

ਸਗਲ ਸ੍ਰਿਸਟਿ ਕੋ ਰਾਜਾ ਦੁਖੀਆ॥
ਹਰਿ ਕਾ ਨਾਮੁ ਜਪਤ ਹੋਇ ਸੁਖੀਆ॥

ਭਾਵ ਕੀ ਜੋ ਪਰਮਾਤਮਾ ਦਾ ਨਾਮ ਸਿਮਰਨ ਕਰਦਾ ਹੈ। ਅਸਲ ਸੁੱਖ ਨੂੰ ਉਹੀ ਪ੍ਰਾਪਤ ਕਰ ਸਕਦਾ ਹੈ। ਪਰ ਅੱਜ ਦਾ ਮਨੁੱਖ ਪੈਸੇ ਦੀ ਦੌੜ ਵਿਚ ਲੋਭੀ, ਲਾਲਚੀ, ਰਿਸ਼ਵਤੀ ਬੇ ਇਨਸਾਨੀ ਹੋ ਗਿਆ ਹੈ। ਹਰ ਪਾਸੇ ਇਕ ਦੌੜ ਜਿਹੀ ਲੱਗੀ। ਹਰ ਰੋਜ਼ ਦੰਗੇ, ਮਾਰ ਕੁਟਾਈ, ਲੜਾਈਆਂ ਹੋ ਰਹੀਆਂ ਹਨ। ਆਤੰਕਵਾਦ ਦੇ ਕਾਲੇ ਬੱਦਲ ਮੰਡਰਾ ਰਹੇ ਹਨ। ਜ਼ਬਰ-ਜਿਨਹ ਦੀਆਂ ਘਟਨਾਵਾਂ ਦਿਨ-ਪ੍ਰਤੀ-ਦਿਨ ਵੱਧ ਰਹੀਆਂ ਹਨ। ਆਪਸੀ ਭਾਈਚਾਰਕ ਸਾਂਝ, ਰਿਸ਼ਤੇ ਟੁੱਟਦੇ ਜਾ ਰਹੇ ਹਨ। ਇੱਕ-ਦੂਜੇ ਦਾ ਦੁੱਖ-ਦਰਦ ਸਮਝਣ ਤੇ ਵੰਡਣ ਦੀ ਪਰਉਪਕਾਰੀ ਭਾਵਨਾ ਸਮਾਪਤ ਹੁੰਦੀ ਜਾ ਰਹੀ ਹੈ। ਸਾਰਾ ਪ੍ਰਬੰਧ ਹੀ ਵਿਗੜ ਗਿਆ ਹੈ। ਇਸ ਲਈ ਲੋੜ ਹੈ ਮਨੁੱਖ ਨੂੰ ਅਧਿਆਤਮਕ ਬ੍ਰਹਮ ਗਿਆਨ ਦੀ, ਤੇ ਇਸ ਬ੍ਰਹਮਗਿਆਨ ਦਾ ਸਰੋਤ ਹੈ ਸੁਖਮਨੀ ਬਾਣੀ ਭਾਵ ਕਿ ਸੁਖਮਨੀ ਬਾਣੀ ਵਿਚ ਦੱਸਿਆ ਗਿਆ ਹੈ ਕਿ ਸਤਿਗੁਰੂ ਦੁਆਰਾ ਹੀ ਅਸੀਂ ਬ੍ਰਹਮ ਗਿਆਨ ਨੂੰ ਪ੍ਰਾਪਤ ਕਰ ਸਕਦੇ ਹਾਂ।

ਸਾਧ ਕੈ ਸੰਗਿ ਮਿਟੈ ਅਭਿਮਾਨੁ॥

ਸਾਧ ਕੈ ਸੰਗਿ ਪ੍ਰਗਟੈ ਸੁਗਿਆਨ॥

ਗੁਰੂ ਅਰਜਨ ਦੇਵ ਜੀ ਆਪਣੀ ਰਚਨਾ ਬਾਰਾਮਾਹ ਵਿਚ ਦੱਸਦੇ ਹਨ:-

ਜਿਨ ਜਿਨ ਨਾਮ ਧਿਆਇਆ।

ਤਿਨ ਕੇ ਕਾਰਜ ਸਰੇ॥

ਪਿਛਲੇ ਸਮੇਂ ਦੌਰਾਨ ਕੁੱਝ ਅਜਿਹੇ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਕਾਰਕ ਰੂਪਮਾਨ ਹੋਏ ਹਨ। ਜਿੰਨ੍ਹਾਂ ਕਾਰਨ ਮਨੁੱਖੀ ਮਨ ਦੀਆਂ ਸੱਧਰਾਂ ਸ਼ੰਦਰ ਖੇਤਰਵਾਦ, ਨਸਲਵਾਦ ਅਤੇ ਜਾਤੀਵਾਦ ਵਰਗੇ ਸ਼ਬਦਾਂ ਦਾ ਬੋਲਬਾਲਾ ਵਧ ਗਿਆ ਹੈ। ਹੁਣ ਇਸ ਦੇ ਪ੍ਰਭਾਵ ਹੇਠ ਕੋਈ ਵਿਸ਼ੇਸ਼ ਰਾਸ਼ਟਰ, ਰਾਜ ਜਾਂ ਖਿੱਤਾ ਹੀ ਨਹੀਂ ਸਗੋਂ ਇਹ ਤਾਂ ਹਰੇਕ ਮਨੁੱਖ ਦੀ ਕਹਾਣੀ ਹੈ। ਮਨੁੱਖ ਇਸ ਕਦਰ ਨਿੱਜਵਾਦੀ ਹੋ ਗਿਆ ਹੈ ਕਿ ਉਹ ਇਹਨਾਂ ਲਈ ਆਪਣੇ ਪਰਿਵਾਰ ਤਾਂ ਕੀ ਆਪਣੇ-ਆਪ ਨਾਲ ਧੋਖਾ ਕਰ ਰਿਹਾ ਹੈ। ਜੇਕਰ ਅਜੋਕੇ ਮਨੁੱਖ ਨੂੰ ਮਸ਼ੀਨ ਕਹਿ ਲਿਆ ਜਾਵੇ ਤਾਂ ਇਹ ਕੋਈ ਅਤਿਕਥਤੀ ਨਹੀਂ ਹੋਵੇਗੀ ਕਿਉਂਕਿ ਇਹ ਵੀ ਅੱਜ ਭਾਵਨਾਵਾਂ ਤੋਂ ਮੁਕਤ ਹੁੰਦਾ ਜਾ ਰਿਹਾ ਹੈ।

ਇਸ ਲਈ ਲੋੜ ਹੈ ਕਿ ਅਸੀਂ ਆਪਣੇ ਜੀਵਨ ਨੂੰ ਪਰਮਾਤਮਾ ਦੀ ਭਗਤੀ ਵਿਚ ਲਗਾਈਏ। ਅੱਜ ਲੋੜ ਹੈ ਸਾਡੇ ਸਮਾਜ ਨੂੰ ਇਸ ਬਾਣੀ ਦੀ ਕਿਉਂਕਿ ਅੱਜ ਸਾਡਾ ਸਮਾਜ ਪਤਨ ਦੇ ਰਸਤੇ ਤੇ ਚੱਲ ਰਿਹਾ ਹੈ। ਸਮਾਜ ਵਿਚ ਚੱਲ ਰਹੀਆ ਇਨ੍ਹਾਂ ਕੁਰੀਤੀਆਂ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਸੁਖਮਨੀ ਸਾਹਿਬ ਅਤੇ ਬਾਰਾਮਾਹ ਬਾਣੀ ਹੀ ਸਾਰਥਿਕ ਸਿੱਧ ਹੋਵੇਗੀ। ਸੁਖਮਨੀ ਸਾਹਿਬ ਅਤੇ ਬਾਰਾਮਾਹ ਦੁਆਰਾ ਪੇਸ਼ ਜੀਵਨ-ਜਾਚ ਸਾਡਾ ਮਾਰਗ ਦਰਸ਼ਨ ਕਰਦੀ ਹੈ। ਉਹ ਢੰਗ ਜਾਂ ਜੁਗਤਾਂ ਜਿਸ ਨਾਲ ਸਾਡਾ ਲੋਕ ਅਤੇ ਪ੍ਰਲੋਕ ਦੋਵੇਂ ਹੀ ਸਫਲ ਹੋ ਜਾਣਗੇ। ਮੇਰਾ ਖੋਜ ਕਾਰਜ ਬਾਕੀ ਖੋਜ ਕਾਰਜਾਂ ਨਾਲੋਂ ਨਿਵੇਕਲਾ ਹੈ। ਇਸ ਖੋਜ ਕਾਰਜ ਰਾਹੀਂ ਸਮਾਜ-ਸਭਿਆਚਾਰਕ ਦੀ ਤਸਵੀਰ ਪੇਸ਼ ਕੀਤਾ ਗਿਆ ਹੈ। ਇਸ ਖੋਜ ਕਾਰਜ ਰਾਹੀਂ ਬਾਣੀ ਵਿਚ ਪੇਸ਼ ਸਮਾਜਕ-ਸਭਿਆਚਾਰਕ ਅੰਸ਼ਾਂ ਦੀ ਅਜੋਕੇ ਸਮੇਂ ਵਿਚ ਸਾਰਥਕਤਾ ਦੀ ਪ੍ਰਮਾਣਕਤਾ ਨੂੰ ਸਥਾਪਿਤ ਕਰਨ ਦਾ ਯਤਨ ਕੀਤਾ ਗਿਆ ਹੈ।

## ਉਦੇਸ਼

1. ਸੁਖਮਨੀ ਸਾਹਿਬ ਤੇ ਬਾਰਾਮਾਹ ਦੇ ਸਰੋਕਾਰਾਂ ਦਾ ਵਿਸ਼ਲੇਸ਼ਣਾਤਮਕ ਅਧਿਐਨ ਕਰਨਾ।
2. ਅਜੋਕੇ ਯੁੱਗ ਦੇ ਸੰਦਰਭ ਵਿਚ ਸੁਖਮਨੀ ਸਾਹਿਬ ਅਤੇ ਬਾਰਾਮਾਹ ਦੀ ਸਾਰਥਕਤਾ ਨੂੰ ਪ੍ਰਮਾਣਤ ਕਰਨਾ।
3. ਅਜੋਕੇ ਸਮਿਆਂ ਵਿਚ ਮੱਧਕਾਲੀ ਰਚਨਾ 'ਸੁਖਮਨੀ ਸਾਹਿਬ' ਤੇ 'ਬਾਰਾਮਾਹ' ਨੂੰ ਗਿਆਨ ਦੇ ਸਰੋਤ ਵਜੋਂ ਸਥਾਪਿਤ ਕਰਨਾ।

## ਖੋਜ ਵਿਧੀ

ਕਿਸੇ ਵੀ ਖੋਜ ਕਾਰਜ ਨੂੰ ਵਿਗਿਆਨਕ ਤੇ ਤਰਕਸੰਗਤ ਬਣਾਉਣ ਲਈ ਕਿਸੇ ਨਾ ਕਿਸੇ ਖੋਜ ਵਿਧੀ ਨੂੰ ਲਾਗੂ ਕਰਨਾ ਜ਼ਰੂਰੀ ਹੈ। ਹਰੇਕ ਅਨੁਸ਼ਾਸਨ ਵਿਚ ਇਕ ਵੱਖਰੀ ਕਿਸਮ ਦੀ ਖੋਜ ਵਿਧੀ ਅਪਣਾਈ ਜਾਂਦੀ ਹੈ। ਇਸ ਖੋਜ ਕਾਰਜ ਲਈ ਅੰਤਰ ਅਨੁਸ਼ਾਸਨੀ ਵਿਧੀ ਦਾ ਪ੍ਰਯੋਗ ਕੀਤਾ ਗਿਆ। ਜਿਸ ਦੇ ਅੰਤਰਗਤ ਸਮਾਜ ਸ਼ਾਸ਼ਤਰੀ ਵਿਧੀ ਅਤੇ ਮਨੋਵਿਗਿਆਨਕ ਵਿਧੀ ਦਾ ਪ੍ਰਯੋਗ ਕੀਤਾ।

## ਮਨੋਵਿਗਿਆਨਕ ਵਿਧੀ:-

ਮਨੋਵਿਗਿਆਨ ਉਹ ਵਿਗਿਆਨ ਹੈ, ਜੋ ਮਨੁੱਖੀ ਮਨ ਦਾ ਅਧਿਐਨ ਕਰਦਾ ਹੈ। ਮਨੁੱਖੀ ਮਨ ਦੀ ਹੋਂਦ ਸਰੀਰ ਵਿਚ ਹੀ ਸੰਭਵ ਹੈ। ਇਸ ਲਈ ਇਸ ਦਾ ਅਧਿਐਨ ਖੇਤਰ ਵੀ ਮਨੁੱਖੀ ਮਨ ਅਤੇ ਮਨੁੱਖੀ ਸਰੀਰ ਨਾਲ ਹੈ। ਮਨ ਤੋਂ ਭਾਵ ਮਾਨਸਿਕਤਾ ਤੋਂ ਹੈ। ਮਨੁੱਖੀ ਮਨ ਦਾ ਕੋਈ ਹਿੱਸਾ ਸੁਚੇਤ, ਅਰਧ ਸੁਚੇਤ ਜਾਂ ਅਵਚੇਤਨ ਜਦੋਂ ਕਿਸੇ ਵਿਸ਼ੇਸ਼ ਦਿਸ਼ਾ ਵਲ ਯਾਤਰਾ ਕਰਦਾ ਹੈ ਤਾਂ ਉਸ ਵਿਚੋਂ ਉਪਜੀਆਂ ਬਿਰਤੀਆਂ ਨੂੰ ਮਾਨਸਿਕਤਾ ਕਿਹਾ ਜਾਂਦਾ ਹੈ। ਮਨੋਵਿਗਿਆਨ ਮਨੁੱਖੀ ਵਿਵਹਾਰ ਦਾ ਅਧਿਐਨ ਕਰਦਾ ਹੈ। ਮਨੁੱਖੀ ਮਨ ਬਹੁਤ ਗੁੰਝਲਦਾਰ ਹੈ। ਗੁੰਝਲਦਾਰ ਮਨ ਗੁੰਝਲਦਾਰ ਵਿਵਹਾਰ ਦਾ ਕਾਰਨ ਬਣਦਾ ਹੈ। ਮਨੁੱਖੀ ਮਨ ਵਿਚ ਸਭ ਤੋਂ ਵੱਧ ਉਲਝਣਾ ਉਹ ਅਨੁਭਵ ਆਉਂਦੇ ਹਨ ਜਿਨ੍ਹਾਂ ਨੂੰ ਦੂਜਿਆਂ ਨਾਲ ਸਾਂਝਾ ਕਰਨ ਵਿਚ ਸਭ ਤੋਂ ਵੱਧ ਝਿਜਕ ਹੁੰਦੀ ਹੈ। ਮਨੋਵਿਗਿਆਨ ਦਾ ਮੋਢੀ ਸਿਗਮੰਡ ਫਰਾਇਡ ਹੈ। ਇਸ ਪਿੱਛੋਂ ਯੁੰਗ ਅਤੇ ਐਡਲਰ ਨੇ ਇਸ ਦੇ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਫਰਾਇਡਿ ਅਨੁਸਾਰ ਮਨੁੱਖੀ ਸਰੀਰ ਵਾਂਗ ਮਨੁੱਖੀ ਮਨ ਵੀ ਬਿਮਾਰ ਹੋ ਜਾਂਦਾ ਹੈ। ਬਿਮਾਰ ਮਨ ਬਿਮਾਰ ਮਾਨਸਿਕਤਾ ਦੀ ਸਿਰਜਣਾ ਕਰਦਾ ਹੈ। ਮਨੁੱਖ ਦੀਆਂ ਖਾਹਿਸ਼ਾ ਅਤੇ ਬਾਹਰੀ ਸਮਾਜ ਦੇ ਵਿਚਕਾਰ ਵਿਰੋਧ ਹੈ। ਸਮਾਜ ਦੇ ਵਿਰੋਧ ਦੇ ਬਾਵਜੂਦ ਇਹ ਦੱਬੀਆਂ-ਘੁਟੀਆਂ ਖਾਹਿਸ਼ਾ ਕਦੀਂ-ਕਦੀਂ ਜਦੋਂ ਪੂਰਤੀ ਲਈ ਸਿਰ ਚੁੱਕਦੀਆਂ ਹਨ ਤਾਂ ਮਾਨਸਿਕਤਾ ਤਣਾਵ ਜਾ ਉਲਜਣਾਂ ਨੂੰ ਸੁਲਝਾਓਣ ਲਈ ਜਿਹੜੀ ਵਿਧੀ ਵਰਤੀ ਜਾਂਦੀ ਹੈ ਉਸ ਨੂੰ ਮਨੋਵਿਗਿਆਨੀ ਵਿਧੀ ਕਿਹਾ ਜਾਂਦਾ ਹੈ।

### ਸਮਾਜ ਸ਼ਾਸਤਰੀ ਵਿਧੀ:-

ਸਮਾਜ ਸ਼ਾਸਤਰ ਦਾ ਸੌਖਾ ਭਾਵ ਹੈ ਕਿ ਉਹ ਸ਼ਾਸਤਰ ਜੋ ਸਮਾਜ ਦਾ ਵਿਗਿਆਨਕ ਅਧਿਐਨ ਕਰਨ ਵਾਲਾ ਸ਼ਾਸਤਰ ਹੈ। ਇਸ ਸ਼ਾਸਤਰ ਅਧੀਨ ਸਮਾਜ ਵਿਚ ਵਸਦੇ ਮਨੁੱਖਾਂ ਦੇ ਪਰਸਪਰ ਸਮਾਜਕ ਸੰਬੰਧਾਂ ਦਾ ਅਧਿਐਨ ਕੀਤਾ ਜਾਂਦਾ ਹੈ। ਸਮਾਜ ਸ਼ਾਸਤਰ ਵਿਚ ਸਿਰਫ ਵਿਅਕਤੀ ਦੀ ਹੀ ਗੱਲ ਨਹੀਂ ਕੀਤੀ ਜਾਂਦੀ ਸਗੋਂ ਸਮੁੱਚੇ ਸਮਾਜ ਦੀ ਅਤੇ ਵਿਭਿੰਨ ਸੰਸਥਾਵਾਂ ਉਪਰ ਵੀ ਵਿਚਾਰ ਚਰਚਾ ਕੀਤੀ ਜਾਂਦੀ ਹੈ।ਸਮਾਜ ਵਿਗਿਆਨ ਦਾ ਵਿਸ਼ਾ ਖੇਤਰ ਸਮਾਜਕ ਸੰਬੰਧਾਂ ਦਾ ਜਾਲ ਜਿਸ ਨੂੰ ਸਮਾਜ ਕਿਹਾ ਜਾਂਦਾ ਹੈ ਦਾ ਵਿਗਿਆਨਕ ਅਧਿਐਨ ਹੈ।

## ਪੂਰਵ ਖੋਜ ਕਾਰਜ

1. ਅਮਰਜੀਤ ਢੀਂਗਰਾ, ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਲੋਕ-ਤੱਤ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1980.
2. ਇਸ ਖੋਜ-ਪ੍ਰਬੰਧ ਵਿਚ ਅੱਠ ਅਧਿਆਇ ਬਣਾਏ ਗਏ ਹਨ। ਜਿਹਨਾਂ ਵਿਚੋ ਪਹਿਲੇ ਅਧਿਆਇ ਵਿਚ ਲੋਕ ਤੱਤ ਅਤੇ ਲੋਕ ਧਾਰਾ ਦਾ ਵਰਣਨ ਕੀਤਾ ਗਿਆ ਹੈ। ਦੂਜੇ ਅਧਿਆਇ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਵਿਸ਼ੇ ਪੱਖ ਨੂੰ ਪੇਸ਼ ਕੀਤਾ ਹੈ। ਤੀਜੇ ਅਧਿਆਇ ਵਿਚ ਲੋਕ ਕਾਵਿ ਰੂਪ ਨੂੰ ਪੇਸ਼ ਕੀਤਾ ਹੈ। ਚੌਥੇ ਅਧਿਆਇ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਲੋਕ ਧਾਰਾ ਪੱਖ ਨੂੰ ਪੇਸ਼ ਕੀਤਾ ਗਿਆ ਹੈ। ਪੰਜਵੇਂ ਅਧਿਆਇ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਪਰਾਣਿਕ ਸੰਕੇਤ ਪੇਸ਼ ਕੀਤੇ ਗਏ ਹਨ। ਛੇਵੇਂ ਅਧਿਆਇ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਕਲਾ ਪੱਖ ਨੂੰ ਪੇਸ਼ ਕਰਦੇ ਹੋਏ ਲੋਕ ਬਿੰਬ ਅਤੇ ਆਲੰਕਾਰਾਂ ਦੀ ਪੇਸ਼ਕਾਰੀ ਕੀਤੀ ਗਈ ਹੈ। ਸੱਤਵੇਂ ਅਧਿਆਇ ਵਿਚ ਬਾਣੀ ਵਿਚਲੇ ਸੰਗੀਤਾਤਮਕਤਾ ਚਿੰਨ੍ਹਾਂ ਨੂੰ ਪੇਸ਼ ਕੀਤਾ ਹੈ। ਅੱਠਵੇਂ ਅਧਿਆਇ ਵਿਚ ਬਾਣੀ ਵਿਚਲੀ ਲੋਕ ਬੋਲੀ ਦਾ ਵਰਣਨ ਕੀਤਾ ਹੈ।
3. ਕੰਵਲਜੀਤ ਸਿੱਧੂ, ਗੁਰੂ ਅਰਜਨ ਬਾਣੀ ਦਾ ਚਿੰਨ੍ਹ ਵਿਗਿਆਨਕ ਅਧਿਐਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2004.

ਇਸ ਖੋਜ-ਪ੍ਰਬੰਧ ਵਿਚ ਪੰਜ ਅਧਿਆਇ ਬਣਾਏ ਗਏ ਹਨ। ਪਹਿਲੇ ਅਧਿਆਇ ਵਿਚ ਚਿੰਨ੍ਹ ਵਿਗਿਆਨ ਦਾ ਸਰੂਪ, ਖੇਤਰ, ਤੱਤ, ਪਰਿਭਾਸ਼ਾ ਆਦਿ ਨੂੰ ਪੇਸ਼ ਕੀਤਾ ਹੈ ਅਤੇ ਚਿੰਨ੍ਹਾਂ ਦਾ ਵਰਗੀਕਰਨ ਕੀਤਾ ਹੈ। ਦੂਜੇ ਅਧਿਆਇ ਵਿਚ ਗੁਰੂ ਅਰਜਨ ਦੇਵ ਜੀ ਅਤੇ ਤੱਤਕਾਲੀਨ ਵਿਵਸਥਾ ਵਿਚ ਧਾਰਮਿਕ, ਸਮਾਜਕ, ਰਾਜਨੀਤਕ, ਸਭਿਆਚਾਰਕ ਅਤੇ ਆਰਥਕ ਵਿਵਸਥਾ ਨੂੰ ਪੇਸ਼ ਕੀਤਾ ਹੈ। ਤੀਜੇ ਅਧਿਆਇ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਕੇਂਦਰੀ ਚਿੰਨ੍ਹ ਬ੍ਰਹਮ ਅਤੇ ਜੀਵ ਦੇ ਸਰੂਪ ਨੂੰ ਪੇਸ਼ ਕੀਤਾ ਹੈ। ਚੌਥੇ ਅਧਿਆਇ ਵਿਚ ਮਾਇਆ, ਜਗਤ, ਸ੍ਰਿਸ਼ਟੀ, ਹੁਕਮ, ਗੁਰੂ ਅਤੇ ਨਾਮ ਬਾਰੇ ਦੱਸਿਆ ਹੈ। ਪੰਜਵੇਂ ਅਧਿਆਇ ਵਿਚ ਜੀਵਨ ਮੁਕਤ, ਮੁਕਤੀ, ਮੋਖਸ਼ ਵਿਚ ਜੀਵਨ ਮੁਕਤ ਦਾ ਸਰੂਪ ਅਤੇ ਮਹੱਤਵ ਬਾਰੇ ਦੱਸਿਆ ਹੈ।

4. ਇੰਦਰਜੀਤ ਕੌਰ, ਗੁਰੂ ਅਰਜਨ ਦੇਵ ਜੀ ਦੀ ਬਾਣੀ :ਸੰਚਾਰ ਪ੍ਰਬੰਧ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2008.

ਇਸ ਖੋਜ-ਪ੍ਰਬੰਧ ਵਿਚ ਸੱਤ ਅਧਿਆਇ ਵੰਡ ਕੀਤੀ ਗਈ ਹੈ। ਪਹਿਲੇ ਅਧਿਆਇ ਵਿਚ ਸੰਚਾਰ ਦੀ ਪਰਿਭਾਸ਼ਾ, ਪ੍ਰਕਿਰਤੀ ਤੇ ਪ੍ਰਕਾਰਜ, ਸੰਚਾਰ ਅਤੇ ਕਾਵਿ ਸੰਚਾਰ ਵਿਧੀਆਂ ਨੂੰ ਪੇਸ਼ ਕੀਤਾ ਹੈ। ਦੂਜੇ ਅਧਿਆਇ ਵਿਚ ਗੁਰਬਾਣੀ: ਪ੍ਰਕਿਰਤੀ, ਬਾਣੀ ਅਤੇ ਕਾਵਿ ਦਾ ਅੰਤਰ, ਬਾਣੀ ਅਤੇ ਸੰਚਾਰ ਨੂੰ ਪੇਸ਼ ਕੀਤਾ ਹੈ। ਤੀਜੇ ਅਧਿਆਇ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਰੂਪਾਕਾਰਕ ਸੰਚਾਰ-ਵਿਧੀਆਂ ਨੂੰ ਪੇਸ਼ ਕੀਤਾ ਹੈ। ਚੌਥੇ ਅਧਿਆਇ ਵਿਚ ਬਾਣੀ ਵਿਚਲੇ ਆਲੰਕਾਰਕ ਸੰਚਾਰ ਵਿਧੀਆਂ ਨੂੰ ਪੇਸ਼ ਕੀਤਾ ਹੈ। ਪੰਜਵੇਂ ਅਧਿਆਇ ਵਿਚ

ਭਾਸ਼ਾਈ ਸੰਚਾਰ ਵਿਧੀਆਂ ਨੂੰ ਪੇਸ਼ ਕੀਤਾ ਹੈ। ਛੇਵੇਂ ਅਧਿਆਇ ਵਿਚ ਸੰਗੀਤਕ ਸੰਚਾਰ ਵਿਧੀਆਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਸੱਤਵੇਂ ਅਧਿਆਇ ਵਿਚ ਗੁਰੁ ਅਰਜਨ ਦੇਵ ਜੀ ਦੀ ਬਾਣੀ ਦੀਆਂ ਵਿਭਿੰਨ ਸੰਚਾਰ ਜੁਗਤਾਂ ਦੇ ਆਧਾਰ ਤੇ ਬਾਣੀ ਦੇ ਸਮੁੱਚੇ ਪ੍ਰਬੰਧ ਦੀ ਉਸਾਰੀ ਨੂੰ ਵਿਸ਼ਲੇਸ਼ਿਤ ਕੀਤਾ ਗਿਆ ਹੈ।

5. ਮਲਕੀਤ ਸਿੰਘ ਬਾਜਵਾ, ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਪ੍ਰਾਪਤ ਸਰੋਦੀ ਅੰਸ਼, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1987

ਇਸ ਥੀਸਸ ਵਿਚ ਛੇ ਅਧਿਆਇ ਦਾ ਵਰਣਨ ਕੀਤਾ ਗਿਆ ਹੈ। ਪਹਿਲੇ ਅਧਿਆਇ ਵਿਚ ਸਰੋਂਦੀ ਕਾਵਿ ਦੀ ਪਰਿਭਾਸ਼ਾ, ਸੁਭਾ ਅਤੇ ਸਰੋਂਦੀ ਅੰਸ਼ ਦੀ ਕਵਿਤਾ ਵਿਚ ਥਾਂ ਨੂੰ ਪੇਸ਼ ਕੀਤਾ ਹੈ। ਦੂਸਰੇ ਅਧਿਆਇ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਵਰਗੀਕਰਨ ਕੀਤਾ ਹੈ। ਤੀਜੇ ਅਧਿਆਇ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਪ੍ਰਾਪਤ ਸਰੋਂਦੀ ਅੰਸ਼ਾਂ ਦਾ ਉਸਾਰੀ ਪੈਟਰਨ, ਸਰੋਂਦੀ ਕਾਵਿ ਦੀ ਸੀਮਾ ਬੱਧਤਾ, ਸਰੋਂਦੀ ਕਵਿਤਾ ਦੇ ਲੱਛਣ ਨੂੰ ਪੇਸ਼ ਕੀਤਾ ਹੈ। ਚੌਥੇ ਅਧਿਆਇ ਵਿਚ ਵਿਸ਼ੇ ਦੇ ਨਿਭਾ ਮੁਤਾਬਕ ਸਰੋਂਦੀ ਅੰਸ਼ ਦੀ ਉਤਪਤੀ ਬਾਰੇ ਦੱਸਿਆ ਹੈ। ਪੰਜਵੇਂ ਅਧਿਆਇ ਵਿਚ ਗੁਰੂ ਅਰਜਨ ਦੇਵ ਜੀ ਦੀ ਰਚਨਾ ਵਿਚੋਂ ਪ੍ਰਾਪਤ ਸਰੋਂਦੀ ਅੰਸ਼ ਅਤੇ ਭਾਵਾਂ/ਰਸਾਂ ਦਾ ਸੰਚਾਰ ਨੂੰ ਪੇਸ਼ ਕੀਤਾ ਹੈ । ਛੇਵੇਂ ਅਧਿਆਇ ਵਿਚ ਸਰੋਂਦੀ ਅੰਸ਼ ਪੈਦਾ ਕਰਨ ਵਾਲੀਆਂ ਵਿਧੀਆਂ ਪ੍ਰਤੀਕਾਂ, ਸੰਗੀਤਕ ਤੱਤ, ਕਲਪਨਾ ਅਤੇ ਸ਼ਬਦ ਚੋਣ ਨੂੰ ਪੇਸ਼ ਕੀਤਾ ਗਿਆ ਹੈ।

6. ਨਵਜੀਤ ਕੌਰ, ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਬਿੰਬ-ਵਿਧਾਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996.

ਇਸ ਖੋਜ-ਪ੍ਰਬੰਧ ਵਿਚ ਚਾਰ ਅਧਿਆਇ ਨੂੰ ਪੇਸ਼ ਕੀਤਾ ਗਿਆ ਹੈ। ਪਹਿਲੇ ਅਧਿਆਇ ਵਿਚ ਬਿੰਬ ਵਿਧਾਨ ਦੇ ਸਿਧਾਂਤਿਕ ਪਰਿਪੇਖ ਨੂੰ ਪੇਸ਼ ਕਰਦੇ ਇਸ ਵਿਚ ਬਿੰਬ ਦੀ ਉਤਪਤੀ, ਸ਼ਾਬਦਿਕ ਅਰਥ, ਬਿੰਬ ਦਾ ਮਹੱਤਵ, ਬਿੰਬ ਦੇ ਗੁਣ, ਬਿੰਬਾਂ ਦਾ ਵਰਗੀਕਰਣ, ਬਿੰਬ ਤੇ ਅਲੰਕਾਰ, ਬਿੰਬ ਤੇ ਰਸ ਆਦਿ ਨੂੰ ਪੇਸ਼ ਕੀਤਾ ਹੈ। ਦੂਜੇ ਅਧਿਆਇ ਵਿਚ ਗੁਰੂ ਅਰਜਨ ਦੇਵ ਬਾਣੀ ਦਾ ਬਿੰਬ ਵਿਧਾਨਕ ਅਧਿਐਨ ਵਿਚ ਪਰੋਖ ਰੂਪ ਨਾਲ ਸੰਬੰਧਿਤ ਜਾਂ ਸਿਰਜਕ ਕਲਪਨਾ ਦੇ ਆਧਾਰ ਤੇ, ਪ੍ਰੇਰਕ ਅਨੁਭੂਤੀ ਦੇ ਆਧਾਰ ਤੇ, ਖੰਡਿਤ ਜਾਂ ਸਮਕਾਲੀ ਬਿੰਬ, ਵਿਸ਼ੇ ਅਨੁਸਾਰੀ ਬਿੰਬ ਨੂੰ ਪੇਸ਼ ਕੀਤਾ ਗਿਆ ਹੈ। ਤੀਜੇ ਅਧਿਆਇ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਪ੍ਰਤੀਕ-ਵਿਧਾਨ ਨੂੰ ਪੇਸ਼ ਕੀਤਾ ਹੈ। ਚੌਥੇ ਅਧਿਆਇ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਬਿੰਬ-ਵਿਧਾਨਕ ਸ੍ਰੋਤ ਵਿਚ ਪ੍ਰਕਿਰਤੀ, ਸਮਾਜ ਆਦਿ ਨੂੰ ਪੇਸ਼ ਕੀਤਾ ਗਿਆ ਹੈ।

## ਮੱਧਕਾਲੀ ਸਾਹਿਤ:-

ਮੱਧਕਾਲ ਕਾਲ ਨੂੰ ਪੰਜਾਬੀ ਸਾਹਿਤ ਦਾ ਸੁਨਹਿਰੀ ਕਾਲ ਮੰਨਿਆ ਜਾਂਦਾ ਹੈ।ਮੱਧਕਾਲੀ ਪੰਜਾਬੀ ਸਾਹਿਤ ਨੂੰ ਜਾਣਨ ਤੋਂ ਪਹਿਲਾਂ ਇਸ ਕਾਲ ਦੇ ਪਿਛੋਕੜ ਬਾਰੇ ਜਾਣਨਾ ਜ਼ਰੂਰੀ ਹੈ।ਮੱਧਕਾਲ ਦਾ ਸਮਾਂ 1500 ਈ. ਅਤੇ 1700 ਈ. ਦਾ ਮੰਨਿਆ ਜਾਂਦਾ ਹੈ। ਲੋਕਾਂ ਦਾ ਸਮਾਜਿਕ ਤਾਣਾ ਬਾਣਾ ਜਿਸ ਤਰ੍ਹਾਂ ਦਾ ਹੁੰਦਾ ਹੈ ਸਾਹਿਤ ਉਸੇ ਦੀ ਹੀ ਪੇਸ਼ਕਾਰੀ ਕਰਦਾ ਹੈ। ਅਰਥਾਤ ਕਿ ਮੱਧਕਾਲ ਦਾ ਸਮਾਂ ਉਥਲ-ਪੁੱਥਲ ਵਾਲਾ ਸਮਾਂ ਸੀ। ਮੂਲ ਰੂਪ ਵਿਚ

ਪੰਜਾਬ ਦੀ ਸਥਿਤੀ ਵਿਚ ਗਿਰਾਵਟ ਆਈ ਹੋਈ ਸੀ।ਇਸ ਸਮੇਂ ਅਸ਼ਾਂਤੀ, ਵੈਰ-ਵਿਰੋਧ,ਹਿੰਸਾ ਅਤੇ ਹੋਰ ਕਈ ਤਰ੍ਹਾਂ ਦੀਆਂ ਲਹਿਰਾਂ ਨੇ ਜਨਮ ਲਿਆ ਸੀ। ਇਸ ਸਮੇਂ ਮੁਸਲਮਾਨ ਕੌਮ ਦਾ ਪੂਰਾ ਜ਼ੋਰ ਸੀ ਅਤੇ ਹਿੰਦੂ ਸ਼ਾਹੀ ਖ਼ਤਮ ਹੋ ਰਹੀ ਸੀ। ਇਸਲਾਮੀ ਲੋਕ ਆਪਣੀ ਤਾਕਤ ਨਾਲ ਹਿੰਦੂ ਕੌਮ ਨੂੰ ਆਪਣੇ ਅਧੀਨ ਕਰਦੇ ਸੀ। ਇਸ ਦੇ ਨਾਲ ਲੁੱਟ ਮਾਰ ਕਰਦੇ ਅਤੇ ਆਪਣੀ ਕੌਮ ਦਾ ਪ੍ਰਚਾਰ ਵੀ ਕਰਦੇ। ਇਸ ਨਾਲ ਪੰਜਾਬ ਵਿਚ ਵੱਖਰੀਆਂ ਹੀ ਪ੍ਰਸਥਿਤੀਆਂ ਜਨਮ ਲੈ ਰਹੀਆਂ ਸੀ। ਇਸੇ ਕਾਰਨ ਬਹੁਤ ਸਾਰੀਆਂ ਕਾਵਿ ਵਿਚਾਰਧਾਰਾਵਾਂ ਨੇ ਮੱਧਕਾਲੀ ਪੰਜਾਬੀ ਸਾਹਿਤ ਵਿਚ ਪੈਦਾ ਹੋਈਆਂ। ਇਨ੍ਹਾਂ ਕਾਵਿ-ਧਾਰਾਵਾਂ ਨੇ ਮੱਧਕਾਲੀ ਪੰਜਾਬੀ ਸਾਹਿਤ ਨੂੰ ਪ੍ਰਭਾਵਿਤ ਕੀਤਾ ਅਤੇ ਇਸ ਦਾ ਸਰਬ ਪੱਖੀ ਵਿਕਾਸ ਵੀ ਕੀਤਾ। ਇਸ ਤਰ੍ਹਾਂ ਅਸੀਂ ਇਹ ਕਹਿ ਸਕਦੇ ਹਨ ਕਿ ਮੱਧਕਾਲ ਦਾ ਸਮਾਂ ਬਹੁਤ ਹੀ ਉੱਥਲ-ਪੁੱਥਲ ਵਾਲਾ ਸਮਾਂ ਸੀ। ਇਸ ਸਮੇਂ ਬਹੁਤ ਹੀ ਲਹਿਰਾਂ ਅਤੇ ਅੰਦੋਲਨਾਂ ਨੇ ਜਨਮ ਲਿਆ ਹੋਇਆ ਸੀ। ਇਸ ਸਮੇਂ ਮੁਸਲਮਾਨ ਕੌਮ ਦਾ ਰਾਜ ਸਥਾਪਿਤ ਸੀ। ਫਿਰ ਇਸ ਤੋਂ ਬਾਅਦ ਵਿਚ ਬ੍ਰਾਹਮਣਵਾਦ ਦਾ ਜ਼ੋਰ ਨਜ਼ਰ ਆਉਂਦਾ ਹੈ। ਇਸ ਦੇ ਨਾਲ ਹੀ ਬੁੱਧ ਮੱਤ ਦੀ ਕਮਜ਼ੋਰੀ ਕਾਰਨ ਪੰਜਾਬ ਵਿਚ ਜੋਗ ਮੱਤ ਦਾ ਆਦਰ ਦੇਖਣ ਨੂੰ ਮਿਲਦਾ ਹੈ। ਇਸ ਜੋਗ ਮੱਤ ਦੇ ਆਉਣ ਨਾਲ ਵੈਰ-ਵਿਰੋਧ, ਜਾਤ-ਪਾਤ ਦੀ ਭਾਵਨਾ ਖ਼ਤਮ ਹੋਈ ਅਤੇ ਹਿੰਸਾ ਦੀ ਜਗ੍ਹਾ ਅਹਿੰਸਾ ਨੂੰ ਜਨਮ ਦਿੱਤਾ। ਜੋਗ ਮੱਤ ਦੇ ਪ੍ਰਵੇਸ਼ ਨਾਲ ਲੋਕ ਅੰਦਰ ਭੇਦ-ਭਾਵ ਖ਼ਤਮ ਹੁੰਦਾ ਨਜ਼ਰ ਆਇਆ ਅਤੇ ਜੋਗ ਮੱਤ ਨੇ ਭਟਕੇ ਹੋਏ ਲੋਕਾਂ ਨੂੰ ਸਿੱਧੇ ਰਸਤੇ ਪਾਇਆ।

ਇਸ ਤੋਂ ਇਲਾਵਾ ਲੋਕਾਂ ਉੱਪਰ ਇਸਲਾਮ ਦਾ ਵੀ ਪੂਰਾ ਪ੍ਰਭਾਵ ਸੀ। ਇਸਲਾਮ ਤੋਂ ਹੀ ਸੂਫੀ ਫਕੀਰਾਂ ਦਾ ਆਗਮਨ ਹੋਇਆ। ਜਿੱਥੇ ਇਸਲਾਮੀ ਤਾਕਤਾਂ ਨੇ ਸਮਾਜ ਅੰਦਰ ਵੈਰ-ਵਿਰੋਧ, ਭੇਦ-ਭਾਵ, ਜਾਤ-ਪਾਤ ਅਤੇ ਹਿੰਸਾ ਆਦਿ ਵਰਗੀਆਂ ਬੀਮਾਰੀਆਂ ਨੂੰ ਫੈਲਾਇਆ ਹੋਇਆ ਸੀ। ਉੱਥੇ ਹੀ ਸੂਫੀ ਫਕੀਰਾਂ ਨੇ ਇਸ ਬੁਰਾਈਆਂ ਨੂੰ ਖ਼ਤਮ ਕਰਕੇ ਲੋਕਾਂ ਨੂੰ ਸਿੱਧੇ ਰਾਹ ਪਾਇਆ। ਸੂਫ਼ੀ ਫਕੀਰਾਂ ਨੇ ਸੰਸਾਰ ਅੰਦਰ ਸਹਿਣਸ਼ੀਲਤਾ ਵਾਲਾ ਵਾਤਾਵਰਨ ਪੈਦਾ ਕੀਤਾ। ਸੂਫੀਆਂ ਨੇ ਦੇਸ਼ ਅੰਦਰ ਵੱਖ-ਵੱਖ ਸਥਾਨਾਂ ਤੇ ਆਪਣੇ ਡੇਰੇ ਬਣਾਏ ਅਤੇ ਵੱਖ-ਵੱਖ ਸਥਾਨਾਂ ਤੇ ਆਪਣੇ ਵਿਚਾਰਾਂ ਦਾ ਪ੍ਰਚਾਰ ਕੀਤਾ ਜਿਸ ਨਾਲ ਭਾਰਤੀ ਅਤੇ ਸਾਮੀ ਲੋਕ ਵਿਚ ਵੈਰ-ਵਿਰੋਧ ਦੀ ਥਾਂ ਸਦਭਾਵਨਾ, ਏਕਤਾ ਅਤੇ ਪਿਆਰ ਨੇ ਲੈ ਲਈ। ਮੱਧਕਾਲ ਦੀ ਰਾਜਸੀ ਗੜਬੜ ਦੇ ਕਾਰਨ ਇਥੇ ਬਹੁਤ ਸਾਰੀਆਂ ਕਾਵਿ ਵਿਚਾਰਧਾਰਵਾਂ ਇਕੋ ਸਮੇਂ ਚੱਲੀਆਂ ਅਤੇ ਇਹ ਕਾਵਿ ਪਰੰਪਰਾ ਇਕ ਦੂਜੇ ਹੇ ਸਨਮੁੱਖ ਸੀ। ਇਨ੍ਹਾਂ ਵਿਚਾਰਧਾਰਵਾਂ ਦਾ ਇਕ ਦੂਜੇ ਤੇ ਪ੍ਰਭਾਵ ਪੈਣਾ ਲਾਜ਼ਮੀ ਸੀ।

ਪੰਜਾਬ ਨੂੰ ਭਾਰਤ ਦਾ ਮੁੱਖ ਪ੍ਰਵੇਸ਼ ਦੁਆਰ ਮੰਨਿਆ ਜਾਂਦਾ ਹੈ। ਭਾਰਤ ਅੰਦਰ ਜਿੰਨੇ ਵੀ ਹਮਲਾਵਾਰ ਆਏ ਉਹ ਪੰਜਾਬ ਤੋਂ ਹੀ ਪ੍ਰਵੇਸ਼ ਹੋਏ ਕਿਉਂਕਿ ਪੰਜਾਬ ਇਕ ਸੀਮਾ ਵਰਤੀ ਪ੍ਰਾਂਤ ਸੀ। ਇੱਥੋਂ ਹੀ ਸਾਰੇ ਹਮਲਾਵਾਰ ਆਉਂਦੇ ਸਨ। ਉਹ ਆਪਣੀ ਵਿਚਾਰਧਾਰਾ ਨੂੰ ਵੀ ਨਾਲ ਲੈ ਕੇ ਆਏ। ਇਨ੍ਹਾਂ ਦੇ ਜਾਣ ਤੋਂ ਬਾਅਦ ਇਹ ਆਪਣੀ ਵਿਚਾਰਧਾਰਾ ਨੂੰ ਇਥੇ ਹੀ ਛੱਡ ਗਏ ਪਰ ਇਨ੍ਹਾਂ ਵਿਚੋਂ ਕਈ ਹਮਲਾਵਰ ਭਾਰਤ ਅੰਦਰ ਆਏ ਪਰ ਵਾਪਸ ਨਹੀਂ ਗਏ ਸਗੋਂ ਇੱਥੋਂ ਦੇ ਹੀ ਵਾਸੀ ਹੋ ਗਏ। ਇਸ ਨਾਲ ਉਹ ਆਪਣਾ ਸੱਭਿਆਚਾਰ ਵੀ ਨਾਲ ਲੈ ਕੇ ਆਏ। ਇਸ ਨਾਲ ਮੁਸਲਮਾਨ ਅਤੇ ਭਾਰਤੀ ਵਿਚਾਰਧਾਰਾਵਾਂ ਦਾ ਆਪਸ ਵਿਚ ਟਕਰਾ ਹੋਣਾ ਸੰਭਵ ਸੀ। ਪਰ ਹੌਲੀ-ਹੌਲੀ ਸਮਾਂ

ਬੀਤਣ ਕਰਨ ਇਨ੍ਹਾਂ ਦਾ ਆਪਸੀ ਟਕਰਾਉ ਖ਼ਤਮ ਹੋ ਗਿਆ। ਇਸ ਦਾ ਇਹ ਕਾਰਨ ਸੀ ਕਿ ਇਕ ਸਥਾਨ ਤੇ ਰਹਿਣ ਨਾਲ ਆਪਸੀ ਬੋਲ-ਚਾਲ ਕਰਨ ਟਕਰਾਉ ਦੀ ਜਗ੍ਹਾਂ ਮਿਲਵਰਤਨ ਨੇ ਲੈ ਲਈ। ਇਹ ਦੋਵੇਂ ਕਾਵਿ-ਧਾਰਾਵਾਂ ਨੇ ਇਕ ਦੂਜੇ ਨੂੰ ਸਮਝਿਆ ਅਤੇ ਇਕ ਦੂਜੇ ਨੂੰ ਪ੍ਰਭਾਵਿਤ ਵੀ ਕੀਤਾ। ਸਾਮੀ ਚਿੰਤਨ ਅਤੇ ਭਾਰਤੀ ਚਿੰਤਨ ਵਿਚਕਾਰ ਆਪਸੀ ਵੈਰ-ਵਿਰੋਧ ਵੀ ਚਲਦਾ ਰਿਹਾ। ਪਰ ਭਗਤ ਆਤਮਾ ਨੇ ਇਨ੍ਹਾਂ ਵੈਰ-ਵਿਰੋਧ ਨੂੰ ਖ਼ਤਮ ਕਰਕੇ ਮੇਲ ਮਿਲਾਪ ਦੀ ਭਾਵਨਾ ਨੂੰ ਜਨਮ ਦਿੱਤਾ। ਇਸੇ ਕਰਕੇ ਪੰਜਾਬੀ ਮੱਧਕਾਲ ਸਾਹਿਤ ਦੀਆਂ ਕਾਵਿ-ਧਾਰਾਵਾਂ ਦੇ ਮੂਲ ਸਰੋਕਾਰ ਇਕ ਦੂਜੇ ਦੇ ਸਮਾਨ ਸੀ।

ਮੱਧਕਾਲੀ ਪੰਜਾਬੀ ਸਾਹਿਤ ਦੀ ਅਸਲ ਪੇਸ਼ਕਾਰੀ ਇਹ ਹੈ ਕਿ ਇਸ ਵਿਚ ਅਜਿਹੇ ਬ੍ਰਹਮ ਦੀ ਕਲਪਨਾ ਕੀਤੀ ਹੈ ਜੋ ਧਰਮ, ਉੱਚ-ਨੀਚ, ਜਾਤ-ਪਾਤ ਆਦਿ ਬੰਧਨਾਂ ਤੋਂ ਉੱਪਰ ਵਿਚਰਦਾ ਹੈ। ਅਰਥਾਤ ਕਿ ਬ੍ਰਹਮ (ਪਰਮਾਤਮਾ) ਬਿਨ੍ਹਾਂ ਕਿਸੇ ਭੇਦ-ਭਾਵ ਦੇ ਸਭ ਨੂੰ ਆਪਣੀ ਕਿਰਪਾ ਦਾ ਪਾਤਰ ਬਣਾਉਂਦਾ ਹੈ। ਭਗਤਾਂ, ਬਾਣੀਕਾਰਾਂ ਅਤੇ ਸੂਫੀਆਂ ਨੇ ਇਸ ਬ੍ਰਹਮ ਦੇ ਸੰਕਲਪ ਨੂੰ ਆਪਣੇ ਜੀਵਨ ਅੰਦਰ ਧਿਆਇਆ ਹੈ। ਇਸ ਕਰਕੇ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਕਰਨ ਸਮੇਂ ਸੰਤਾਂ, ਭਗਤਾਂ ਅਤੇ ਸੂਫ਼ੀਆਂ ਨੂੰ ਬਾਣੀਕਾਰਾਂ ਦੇ ਬਰਾਬਰ ਸ਼ਾਮਲ ਕੀਤਾ ਹੈ। ਸੂਫ਼ੀ ਕਵੀਆਂ ਨੇ ਵੀ ਬ੍ਰਹਮ (ਪ੍ਰਭੂ) ਦੇ ਨਾਲ ਆਤਮਾ ਦੇ ਸੱਚੇ-ਸੁੱਚੇ ਇਸ਼ਕ ਦੀ ਗੱਲ ਕੀਤੀ ਹੈ। ਇਸ ਦੇ ਨਾਲ ਭਗਤਾਂ ਨੇ ਵੀ ਦੱਸਿਆ ਹੈ ਕਿ ਸੰਸਾਰ ਵਿਚ ਰਹਿੰਦਿਆ ਹੋਇਆ ਸਾਨੂੰ ਸੱਚੀ ਕਿਰਤ ਕਰਨੀ ਚਾਹੀਦੀ ਹੈ ਫਿਰ ਹੀ ਸਾਨੂੰ ਪਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ। ਬਾਣੀਕਾਰਾਂ ਨੇ ਵੀ ਆਪਣੀ ਬਾਣੀ ਵਿਚ ਪ੍ਰਭੂ (ਬ੍ਰਹਮ) ਦੀ ਪ੍ਰਾਪਤੀ ਨੂੰ ਹੀ ਜੀਵਨ ਦਾ ਅਸਲ ਉਦੇਸ਼ ਕਿਹਾ ਹੈ। ਇਸ ਤਰ੍ਹਾਂ ਮੱਧਕਾਲ ਦੇ ਸਮੁੱਚੇ ਪੰਜਾਬੀ ਸਾਹਿਤ ਦਾ ਮੂਲ ਵਿਸ਼ਾ ਜਾਂ ਸਰੋਕਾਰ ਬ੍ਰਹਮ ਦੀ ਪ੍ਰਾਪਤੀ ਹੈ। ਜੋ ਸਮੁੱਚੀ ਮਾਨਵਤਾ ਲਈ ਜ਼ਰੂਰੀ ਹੈ। ਇਸ ਤਰ੍ਹਾਂ ਪੰਜਾਬੀ ਮੱਧਕਾਲੀ ਸਾਹਿਤ ਮੂਲ ਰੂਪ ਵਿਚ ਬ੍ਰਹਮ (ਪਰਮਾਤਮਾ) ਕੇਂਦਰਿਤ ਹੈ।ਮੱਧਕਾਲੀ ਪੰਜਾਬੀ ਸਾਹਿਤ ਵਿਚ ਗੁਰੂਆਂ, ਸੂਫ਼ੀਆਂ, ਸੰਤਾਂ, ਭਗਤਾਂ ਨੇ ਆਪਣੀ ਬਾਣੀ ਦੁਆਰਾ ਸਮਾਜ ਨੂੰ ਉਨ੍ਹਾਂ ਬੰਧਨਾਂ ਤੋਂ ਮੁਕਤ ਕਰਨਾ ਸੀ ਜੋ ਅਧਿਆਤਮਕ ਦੇ ਰਸਤੇ ਵਿਚ ਰੁਕਾਵਟ ਪੈਦਾ ਕਰਦਾ ਸਨ ਅਤੇ ਜਿਸ ਨਾਲ ਉੱਚੇ-ਸੁੱਚੇ ਜੀਵਨ ਦੀ ਸਿਰਜਨਾ ਕੀਤੀ ਜਾ ਸਕੇ। ਗੁਰੂਆਂ, ਸੂਫ਼ੀਆਂ, ਭਗਤਾਂ ਅਤੇ ਸੰਤਾਂ ਨੇ ਮੱਧਕਾਲ ਦੀ ਸਥਿਤੀ ਨੂੰ ਆਪਣੀ ਬਾਣੀ ਰਾਹੀ ਪੇਸ਼ ਕੀਤਾ। ਉਸ ਸਮੇਂ ਦੀ ਸਮਾਜਕ ਸਥਿਤੀ ਬਹੁਤ ਹੀ ਤਰਸਯੋਗ ਸੀ। ਮਨੁੱਖ ਨੂੰ ਕੁਲੀਨ ਵਰਗ ਦੇ ਬੰਧਨਾਂ ਤੋਂ ਆਜ਼ਾਦ ਕੀਤਾ ਅਤੇ ਹਰ ਇਕ ਨੂੰ ਬਰਾਬਰ ਦੀ ਸਮਾਨਤਾ ਦਾ ਅਧਿਕਾਰ ਦਿੱਤਾ। ਜਿਸ ਨਾਲ ਏਕਤਾ ਦਾ ਪਾਸਾਰ ਹੋਇਆ ਅਤੇ ਇਕ ਚੰਗੇ ਸਮਾਜ ਦੀ ਸਿਰਜਣਾ ਵੀ ਨਾਲ-ਨਾਲ ਹੋਈ। ਇਸ ਨਾਲ ਹਰ ਇਕ ਅੰਦਰ ਪਿਆਰ ਦੀ ਭਾਵਨਾ ਪੈਦਾ ਹੋਈ। ਇਸ ਸਮੇਂ ਜੋ ਬੁਰਾਈਆਂ ਨੇ ਜਨਮ ਲਿਆ ਸੀ ਉਹ ਵੀ ਖ਼ਤਮ ਹੁੰਦੀਆਂ ਨਜ਼ਰ ਆਈਆਂ। ਜੇ ਅਸੀਂ ਗੁਰੂਆਂ ਦੀ ਪਵਿੱਤਰ ਬਾਣੀ ਨੂੰ ਦੇਖਿਆ ਤਾਂ ਉਸ ਵਿਚ ਵੀ ਆਤਮਾ ਅਤੇ ਪਰਮਾਤਮਾ ਦੇ ਆਪਸੀ ਪਿਆਰ ਦੀ ਵਿਆਖਿਆ ਕੀਤੀ ਹੈ। ਜਿਸ ਨੂੰ ਇਸਤਰੀ-ਪੁਰਸ਼ ਦੇ ਰਿਸ਼ਤੇ ਨਾਲ ਸੰਬੋਧਿਤ ਕੀਤਾ ਹੈ। ਇਸ ਤੋਂ ਬਾਅਦ ਸੂਫ਼ੀ ਕਵੀਆਂ ਨੇ ਵੀ ਪਰਮਾਤਮਾ ਦੇ ਸੱਚੇ ਇਸ਼ਕ ਦੀ ਗੱਲ ਬਿਆਨ ਕੀਤੀ ਹੈ। ਇਸ ਕਰਕੇ ਅਸੀਂ ਇਹ

ਕਹਿ ਸਕਦੇ ਹਾਂ ਕਿ ਮੱਧਕਾਲੀ ਪੰਜਾਬੀ ਸਾਹਿਤ ਮੂਲ ਰੂਪ ਵਿਚ ਬ੍ਰਹਮ ਉੱਤੇ ਕੇਂਦਰਿਤ ਹੈ। ਜੋ ਸਾਨੂੰ ਪਦਾਰਥਕ ਦੁਨਿਆਵੀਂ ਵਸਤੂਆਂ ਤੋਂ ਉੱਪਰ ਉਠਾ ਕੇ ਅਧਿਆਤਮਕਤਾ ਦੇ ਰਸਤੇ ਤੇ ਲੈ ਕੇ ਜਾਂਦਾ ਹੈ।

ਮੱਧਕਾਲੀ ਪੰਜਾਬੀ ਸਾਹਿਤ ਨੂੰ ਦੇਖਣ ਉਪਰੰਤ, ਇਹ ਪਤਾ ਲਗਦਾ ਹੈ ਕਿ ਮੱਧਕਾਲੀ ਪੰਜਾਬੀ ਸਾਹਿਤ ਅਧਿਆਤਮਕ ਚਿੰਤਨ ਨਾਲ ਸੰਬੰਧਿਤ ਹੈ। ਅਧਿਆਤਮਕ ਚਿੰਨਤ ਬ੍ਰਹਮ ਕੇਂਦਰਿਤ ਹੈ। ਮੱਧਕਾਲ ਸਮੇਂ ਰਚੀ ਗਈ ਸਾਰੀ ਬਾਣੀ ਬ੍ਰਹਮ (ਪਰਮਾਤਮਾ) ਤੇ ਆਧਾਰਿਤ ਸੀ ਭਾਵ ਕਿ ਆਤਮਾ ਅਤੇ ਪਰਮਾਤਮਾ ਦੇ ਵਿਸ਼ੇ ਨੂੰ ਪਵਿੱਤਰ ਬਾਣੀ ਅੰਦਰ ਦਰਸਾਇਆ ਗਿਆ ਨਾਲ ਹੀ ਸੰਸਾਰ ਦੀ ਨਾਸ਼ਵਾਨਤਾ ਤੋਂ ਦ੍ਰਿਸ਼ਟੀਗੋਚਰ ਕਰਵਾਇਆ ਹੈ। ਕਿਉਂਕਿ ਜਦੋਂ ਤੱਕ ਸਾਨੂੰਸੰਸਾਰ ਦੀ ਨਾਸ਼ਵਾਨਤਾ ਬਾਰੇ ਪਤਾ ਨਹੀਂ ਲੱਗਦਾ ਉਦੋਂ ਤੱਕ ਅਸੀਂ ਅਧਿਆਤਮਕ ਦੇ ਮਾਰਗ ਤੇ ਚੱਲ ਨਹੀਂ ਸਕਦੇ ਹਾਂ। ਇਸੇ ਕਰਕੇ ਮੱਧਕਾਲ ਸਮੇਂ ਦਾ ਸਾਹਿਤ ਸਾਨੂੰ ਇਨ੍ਹਾਂ ਸਭ ਅੰਧ-ਵਿਸ਼ਵਸ਼ਾਂ ਤੋਂ ਮੁਕਤ ਕਰਦਾ ਹੈ। ਇਕ ਚੰਗੇਰਾ ਜੀਵਨ ਜੀਊਣ ਲਈ ਪ੍ਰੇਰਿਤ ਕਰਦਾ ਹੈ। ਸਾਡੇ ਗੁਰੂਆਂ, ਭਗਤਾਂ, ਅਤੇ ਸੂਫ਼ੀਆਂ ਨੇ ਆਪਣੀ ਬਾਣੀ ਨੂੰ ਬਿਆਨ ਕਰਦਿਆ ਇਸਤਰੀ-ਪੁਰਸ਼ ਨੂੰ ਮਾਧਿਆਮ ਬਣਾਇਆ ਹੈ। ਭਾਵ ਕਿ ਇਸਤਰੀ ਨੂੰ ਆਤਮਾ ਦੇ ਰੂਪ ਵਿਚ ਪੇਸ਼ ਕੀਤਾ ਹੈ ਅਤੇ ਪੁਰਸ਼ ਨੂੰ ਪਰਮਾਤਮਾ ਦੇ ਰੂਪ ਵਿਚ ਪੇਸ਼ ਕੀਤਾ ਹੈ। ਆਤਮਾ ਅਤੇ ਪਰਮਾਤਮਾ ਦੇ ਮਿਲਾਪ ਨੂੰ ਹੀ ਜੀਵਨ ਦਾ ਉਦੇਸ਼ ਦੱਸਿਆ ਹੈ। ਇਸੇ ਕਾਰਨ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕਰਨ ਸਮੇਂ ਸੰਤਾਂ, ਭੱਟਾਂ, ਸੂਫ਼ੀ ਅਤੇ ਭਗਤਾਂ ਦੀ ਬਾਣੀ ਨੂੰ ਬਰਾਬਰ ਦਾ ਸਥਾਨ ਦਿੱਤਾ। ਇਸ ਦਾ ਕਾਰਨ ਇਹ ਹੈ ਕਿ ਭਗਤਾਂ, ਸੰਤਾਂ, ਸੂਫ਼ੀ ਕਵੀਆਂ ਨੇ ਆਪਣੀ ਬਾਣੀ ਵਿਚ ਪਰਮਾਤਮਾ (ਬ੍ਰਹਮ) ਦੀ ਪੇਸ਼ਕਾਰੀ ਕੀਤੀ ਹੈ ਭਾਵ ਕਿ ਜੀਵਨ ਦਾ ਉਦੇਸ਼ ਉਜਾਗਰ ਕਰਦਿਆਂ ਪਰਮਾਤਮਾ ਦੇ ਮਾਰਗ ਬਾਰੇ ਦੱਸਿਆ ਹੈ। ਭਾਵੇਂ ਭਗਤ ਹੋਣ ਜਾਂ ਗੁਰੂ ਜਾਂ ਫਿਰ ਸੂਫ਼ੀ ਕਵੀ ਹੋਣ ਸਭ ਨੇ ਹੀ ਪਰਮਾਤਮਾ ਦੀ ਪ੍ਰਾਪਤੀ ਨੂੰ ਹੀ ਜੀਵਨ ਦਾ ਮੂਲ ਉਦੇਸ਼ ਮੰਨਿਆ ਹੈ। ਇਸੇ ਕਾਰਨ ਗੁਰੂ ਅਰਜਨ ਦੇਵ ਜੀ ਨੇ ਸਭ ਦੀ ਪਵਿੱਤਰ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਰਾਬਰ ਦਾ ਸਥਾਨ ਦਿੱਤਾ ਹੈ।

ਮੱਧਕਾਲ ਦੇ ਸਮੇਂ ਵਿਚ ਰਾਜਸੀ ਗੜਬੜੀ ਕਾਰਨ ਬਹੁਤ ਸਾਰੀਆਂ ਕਾਵਿ ਵਿਚਾਰਧਾਰਾਵਾਂ ਨੇ ਜਨਮ ਲਿਆ। ਮੱਧਕਾਲ ਦੇ ਸਮੇਂ ਅੰਦਰ ਇੱਥੋਂ ਦੀ ਮੁੱਖ ਸਥਿਤੀ ਨੂੰ ਦੇਖ ਕੇ ਸਾਡੇ ਸਾਹਮਣੇ ਸੂਫ਼ੀ ਕਾਵਿ ਧਾਰਾ, ਕਿੱਸਾ ਕਾਵਿ ਧਾਰਾ, ਵੀਰ ਕਾਵਿ ਧਾਰਾ ਅਤੇ ਗੁਰਮਤਿ ਕਾਵਿ ਧਾਰਾ ਸਾਡੇ ਸਾਹਮਣੇ ਆਉਂਦੀਆਂ ਹਨ। ਮੱਧਕਾਲੀ ਪੰਜਾਬੀ ਸਾਹਿਤ ਵਿਚ ਸੂਫ਼ੀ ਕਾਵਿ-ਧਾਰਾ ਦਾ ਵਿਸ਼ੇਸ਼ ਸਥਾਨ ਰਿਹਾ ਹੈ। ਮੂਲ ਰੂਪ ਵਿਚ ਸੂਫ਼ੀ ਕਾਵਿ-ਧਾਰਾ ਦੀ ਸ਼ੁਰੂਆਤ ਬਾਬਾ ਫ਼ਰੀਦ ਜੀ ਦੀ ਬਾਣੀ ਤੋਂ ਹੁੰਦੀ ਹੈ ਕਿਉਂਕਿ ਪ੍ਰਮਾਣਿਕ ਰੂਪ ਵਿਚ ਬਾਬਾ ਫ਼ਰੀਦ ਜੀ ਦੀ ਬਾਣੀ ਸਾਨੂੰ ਮਿਲਦੀ ਹੈ। ਇਸੇ ਕਰਕੇ ਸੂਫ਼ੀ ਕਾਵਿ-ਧਾਰਾ ਦਾ ਮੋਢੀ ਬਾਬਾ ਫ਼ਰੀਦ ਜੀ ਨੂੰ ਮੰਨਿਆ ਜਾਂਦਾ ਹੈ। ਭਾਰਤ ਅੰਦਰ ਇਸਲਾਮ ਦੇ ਪ੍ਰਵੇਸ਼ ਹੋਣ ਨਾਲ ਹੀ ਸੂਫ਼ੀ ਕਾਵਿ-ਧਾਰਾ ਦੀ ਸ਼ੁਰੂਆਤ ਮੰਨੀ ਜਾਂਦੀ ਹੈ। "ਇਸਲਾਮ ਨੇ ਸਭ ਤੋਂ ਪਹਿਲਾ ਪੰਜਾਬ ਅੰਦਰ ਪੈਰ ਪਾਸਰੇ ਅਤੇ ਪੰਜਾਬੀ ਜੀਵਨ ਤੇ ਪੰਜਾਬੀ ਸਾਹਿਤ ਨੂੰ ਬੇਹੱਦ ਪ੍ਰਭਾਵਿਤ ਕੀਤਾ। ਇਸ ਪਿੱਛੋਂ ਸੂਫ਼ੀਆਂ ਨੇ ਇਸਲਾਮ ਦੇ ਮਜ਼੍ਹਬੀ ਕੱਟੜਵਾਦ ਦਾ ਤਿਆਗ ਕਰ ਦਿੱਤਾ ਅਤੇ ਵੇਦਾਂਤ ਤੇ ਭਾਗਵਤ ਧਰਮ ਦੇ ਪ੍ਰਭਾਵ ਨੂੰ ਗ੍ਰਹਿਣ ਕਰ ਲਿਆ। ਪਹਿਲੀ ਵਾਰ ਸੂਫ਼ੀ ਕਵੀਆਂ ਨੇ ਰੱਬ ਦੀ ਸਰਵ ਵਿਆਪਕ ਹੋਂਦ ਨੂੰ ਸਵੀਕਾਰ ਕਰਕੇ ਧਾਰਮਿਕ

ਸਹਿਣਸ਼ੀਲਤਾ ਦਾ ਪ੍ਰਚਾਰ ਕੀਤਾ"।[1]ਇਸ ਨਾਲ ਮੱਧਕਾਲ ਦੀ ਸਥਿਤੀ ਵਿਚ ਸੁਧਾਰ ਹੋਣਾ ਸੁਭਾਵਿਕ ਸੀ। ਸੂਫ਼ੀ ਕਾਵਿ-ਧਾਰਾ ਵਿਚ ਸੂਫ਼ੀ ਕਵੀਆਂ ਨੇ ਆਪਣੇ ਮੁਰਸ਼ਦ ਨਾਲ ਸੱਚੇ ਇਸ਼ਕ ਦੀ ਭਾਵਨਾ ਦਾ ਵਰਣਨ ਕੀਤਾ ਹੈ। ਪਾਖੰਡਾਂ ਅਤੇ ਕਰਮਕਾਂਢਾ ਤੋਂ ਰਹਿਤ ਜੀਵਨ ਜੀਉਣ ਪ੍ਰਤੀ ਸੁਚੇਤ ਕੀਤਾ ਹੈ। ਸਾਰੇ ਸੂਫ਼ੀ ਕਵੀਆਂ ਨੇ ਮੁਰਸ਼ਦ ਦੇ ਸੱਚੇ ਇਸ਼ਕ ਦੀ ਗੱਲ ਕੀਤੀ ਹੈ ਅਤੇ ਸਭ ਨੂੰ ਪਿਆਰ, ਸਹਿਣਸ਼ੀਲਤਾ, ਸ਼ਾਂਤੀ, ਸਦਭਾਵਨਾ, ਏਕਤਾ ਅਤੇ ਸਮਾਨਤਾ ਦਾ ਪਾਠ ਪੜ੍ਹਿਆ ਹੈ। ਸੂਫ਼ੀ ਭਗਤਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਸੱਚੀ ਭਾਵਨਾ ਨਾਲ ਮੁਰਸ਼ਦ ਦੇ ਪ੍ਰੇਮ ਨੂੰ ਪਾਉਣਾ ਹੈ। ਫਿਰ ਨਾ ਹੀ ਉਸ ਨੂੰ ਦੁਨੀਆ ਦੀ ਪ੍ਰਵਾਹ ਰਹਿੰਦੀ ਹੈ ਬਲਕਿ ਉਹ ਆਪਣੇ ਪ੍ਰਭੂ ਦੇ ਸੱਚੇ ਇਸ਼ਕ ਵਿਚ ਲੀਨ ਰਹਿੰਦੇ ਹਨ। ਮੱਧਕਾਲ ਦੀ ਸਥਿਤੀ ਅੰਦਰ ਬਹੁਤ ਹੀ ਉੱਥਲ-ਪੁੱਥਲ ਹੋਈ ਸੀ। ਇਸ ਨਾਲ ਸਾਮੀ ਅਤੇ ਭਾਰਤੀ ਚਿੰਤਨ ਇਕ ਦੂਜੇ ਨੂੰ ਵਿਰੋਧ ਦੀ ਭਾਵਨਾ ਨਾਲ ਦੇਖਦੇ ਸੀ। ਪਰ ਸੂਫ਼ੀ ਅਤੇ ਬਾਣੀਕਾਰਾਂ ਨੇ ਇਕ ਦੂਜੇ ਨੂੰ ਸਮਝ ਕੇ ਮਿਲਵਰਤਨ ਦੀ ਭਾਵਨਾ ਨੂੰ ਜਨਮ ਦਿੱਤਾ। ਸੂਫ਼ੀ ਕਾਵਿ-ਧਾਰਾ ਅੰਦਰ ਬਹੁਤ ਸਾਰੇ ਕਵੀ ਹੋਏ ਹਨ ਪਰ ਮੁੱਖ ਰੂਪ ਵਿਚ ਬਾਬਾ ਫ਼ਰੀਦ, ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ, ਵਜੀਦ, ਅਲੀ ਹੈਦਰ ਆਦਿ ਕਵੀ ਹੋਏ ਹਨ। "ਸੂਫ਼ੀਆਂ ਸੰਬੰਧੀ ਇਹ ਕਿਹਾ ਜਾਂਦਾ ਹੈ ਕਿ ਸੂਫ਼ੀ ਮੱਤ ਦੇ ਦੋ ਵਰਗ ਹਨ। ਇੱਕ ਉਹ ਜੋ ਬਾਬਾ ਫ਼ਰੀਦ ਵਾਂਗ ਸ਼ਰੀਅਤ ਵਿਚ ਵਿਸ਼ਵਾਸ ਰੱਖਦੇ ਸਨ ਅਤੇ ਦੂਜੇ ਉਹ ਜੋ ਸ਼ਾਹ ਹੁਸੈਨ ਵਾਂਗ ਖੁੱਲ੍ਹੇ ਖੁਲਾਸੇ ਕਰਦੇ ਅਤੇ ਸ਼ਰੀਅਤ ਦੇ ਕਰਮ-ਕਾਂਢੀ ਰੂਪ ਤੋਂ ਬਾਗ਼ੀ ਸਨ।"[2]

ਮੱਧਕਾਲੀ ਪੰਜਾਬੀ ਸਾਹਿਤ ਵਿਚ ਕਿੱਸਾ ਕਾਵਿ-ਧਾਰਾ ਨੇ ਵੀ ਆਪਣਾ ਵਿਸ਼ੇਸ਼ ਸਥਾਨ ਗ੍ਰਹਿਣ ਕੀਤਾ ਹੈ। ਮੂਲ ਰੂਪ ਵਿਚ ਕਿੱਸਾ ਕਾਵਿ-ਧਾਰਾ ਦਾ ਮੁੱਢ ਗੁਰੂ ਨਾਨਕ ਕਾਲ ਤੋਂ ਹੀ ਮੰਨਿਆ ਜਾਂਦਾ ਹੈ। ਇਸ ਸਮੇਂ ਦਾ ਪ੍ਰਸਿੱਧ ਕਿੱਸਾਕਾਰ ਦਮੋਦਰ ਹੈ। ਦਮੋਦਰ ਨੇ ਕਿੱਸਾ 'ਹੀਰ ਰਾਂਝਾ' ਨਾਲ ਕਿੱਸਾ ਕਾਵਿ-ਧਾਰਾ ਦਾ ਮੁੱਢ ਬੰਨ੍ਹਿਆ। ਦਮੋਦਰ ਦੀ ਵੀ ਪ੍ਰਸਿੱਧੀ 'ਹੀਰ ਰਾਂਝਾ' ਦੇ ਕਿੱਸੇ ਨਾਲ ਹੋਈ। ਇਸ ਤੋਂ ਬਾਅਦ ਪੀਲੂ ਜਿਸ ਨੇ 'ਮਿਰਜ਼ਾ ਸਾਹਿਬਾ' ਦਾ ਕਿੱਸਾ ਲਿਖਿਆ। ਹਾਫ਼ਜ ਬਰਖੁਰਦਾਰ ਨੇ 'ਸੱਸੀ ਪੁੰਨੂ', 'ਯੂਸਫ਼ ਜ਼ੁਲੈਖਾ' ਅਤੇ 'ਮਿਰਜ਼ਾ ਸਾਹਿਬਾ' ਆਦਿ ਕਿੱਸੇ ਲਿਖੇ। ਇਸ ਤੋਂ ਬਾਅਦ ਅਹਿਮਦ ਗੁਜਰ ਨੇ ਹੀਰ ਦਾ ਕਿੱਸਾ ਲਿਖਿਆ। 'ਹੀਰ ਰਾਂਝਾ' ਦਾ ਕਿੱਸਾ ਲਿਖਿਆ। ਕਿੱਸਾਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਦੁਨੀਆਵੀ ਇਸ਼ਕ ਨੂੰ ਪਰਮਾਤਮਾ ਦੇ ਸੱਚੇ ਇਸ਼ਕ ਨਾਲ ਜੋੜ ਕੇ ਪੇਸ਼ ਕੀਤਾ ਹੈ। ਮੂਲ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਇਸ਼ਕ ਮਜਾਜੀ ਨੂੰ ਇਸ਼ਕ ਹਕੀਕੀ ਨਾਲ ਜੋੜ ਕੇ ਪੇਸ਼ ਕੀਤਾ। ਇਸ ਤਰ੍ਹਾਂ ਅਸੀਂ ਇਹ ਕਹਿ ਸਕਦੇ ਹਨ ਕਿ ਮੱਧਕਾਲੀ ਪੰਜਾਬੀ ਸਾਹਿਤ ਵਿਚ ਕਿੱਸਾ ਕਾਵਿ-ਧਾਰਾ ਦਾ ਵਿਸ਼ਿਸ਼ਟ ਸਥਾਨ ਰਿਹਾ ਹੈ।

ਮੱਧਕਾਲ ਸਮੇਂ ਵਿਚ ਹੀ ਬੀਰ ਰਸੀ ਕਾਵਿ-ਧਾਰਾ ਦਾ ਆਰੰਭ ਮੰਨਿਆ ਜਾਂਦਾ ਹੈ। ਇਹ ਗੱਲ ਅਸੀਂ ਸਾਰੇ ਹੀ ਜਾਣਦੇ ਹਨ ਕਿ ਪੰਜਾਬ ਭਾਰਤ ਦਾ ਪ੍ਰਵੇਸ਼ ਦੁਆਰ ਰਿਹਾ ਹੈ। ਜਿੰਨੇ ਵੀ ਹਮਲਾਵਰ ਭਾਰਤ ਅੰਦਰ ਪ੍ਰਵੇਸ਼ ਕਰਦੇ ਸੀ ਉਹ ਪਹਿਲਾਂ ਪੰਜਾਬ ਅੰਦਰ ਸਥਾਨ ਗ੍ਰਹਿਣ ਕਰਦੇ। ਇਸੇ ਕਰਕੇ ਪੰਜਾਬ ਦੀ ਧਰਤੀ ਤੇ ਅਕਸਰ ਹੀ ਯੁੱਧ ਹੁੰਦੇ ਰਹਿੰਦੇ ਸਨ। ਜਿਸ ਕਾਰਨ ਪੰਜਾਬ ਦੇ ਲੋਕ ਸਦਾ ਹੀ ਮੁਸੀਬਤਾਂ ਸਹਿਣ ਲਈ ਤਿਆਰ ਰਹਿੰਦੇ ਸਨ। ਉਨ੍ਹਾਂ ਅੰਦਰ ਉਤਸ਼ਾਹ ਅਤੇ ਹਿੰਮਤ ਲਿਆਉਣ ਲਈ ਬੀਰ ਰਸੀ ਸਾਹਿਤ ਦੀ ਸਿਰਜਣਾ ਹੋਈ। ਜੋ 'ਵਾਰ' ਦੇ ਰੂਪ ਵਿਚ ਸਾਡੇ

ਸਾਹਮਣੇ ਆਇਆ। ਮੂਲ ਰੂਪ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਵਾਰ ਉਹ ਹੈ, ਜਿਸ ਵਿਚ ਯੁੱਧ ਦਾ ਵਰਣਨ ਮਿਲਦਾ ਹੋਵੇ ਅਤੇ ਸੁਣਨ ਵਾਲੇ ਨੂੰ ਉਤਸ਼ਾਹ ਮਿਲੇ। ਜਿਸ ਨਾਲ ਇੱਕ ਸੱਚਾ ਯੋਧਾ ਬੁਰਾਈ ਨੂੰ ਖ਼ਤਮ ਕਰਕੇ ਇੱਕ ਚੰਗੇ ਸਮਾਜ ਦਾ ਨਿਰਮਾਣ ਕਰੇ। ਪੰਜਾਬੀ ਸਾਹਿਤ ਵਿਚ ਵਾਰ ਤੋਂ ਇਹ ਭਾਵ ਹੈ, ਜਿਸ ਵਿਚ ਇੱਕ ਸੱਚੇ ਯੋਧਿਆਂ ਤੇ ਸੂਰਮਿਆਂ ਦੇ ਕਾਰਨਾਮਿਆਂ ਨੂੰ ਉਤਸ਼ਾਹ ਭਰੇ ਢੰਗ ਨਾਲ ਪੇਸ਼ ਕੀਤਾ ਹੁੰਦਾ ਹੈ। ਬੀਰ ਰਸੀ ਕਾਵਿ-ਧਾਰਾ ਪੰਜਾਬੀ ਸਾਹਿਤ ਦੀ ਵਿਸ਼ੇਸ਼ ਕਾਵਿ-ਧਾਰਾ ਹੈ। ਜਿਸ ਵਿਚ ਸਚਾਈ ਦੀ ਲੜਾਈ ਨਾਲ ਦੁਸ਼ਟ ਲੋਕਾਂ ਦਾ ਖ਼ਾਤਮਾ ਕੀਤਾ ਜਾਂਦਾ ਹੈ। ਜਿਵੇਂ ਅਸੀਂ ਦੇਖਦੇ ਹਾਂ ਕਿ ਕਿਸੇ ਯੁੱਗ ਵਿਚ ਦੇਵਤਿਆਂ ਤੇ ਰਾਖਸ਼ਾਂ ਦਾ ਯੁੱਧ ਹੈ ਅਤੇ ਕਿਸੇ ਯੁੱਗ ਵਿਚ ਰਾਜਿਆਂ ਦੀ ਆਪਸੀ ਲੜਾਈ। ਕਦੇ ਆਪਣੀ ਇਜ਼ਤ ਬਚਾਉਣ ਅਤੇ ਆਪਣੇ ਰਾਜ ਦੀ ਰੱਖਿਆ ਲਈ ਜੰਗਾਂ ਕੀਤੀਆਂ ਅਤੇ ਕਦੇ ਮਹਾਨ ਸਖਸ਼ੀਅਤਾਂ ਆਪਣੇ ਧਰਮ ਦੀ ਖਾਤਰ ਸ਼ਹੀਦੀਆਂ ਪ੍ਰਾਪਤ ਕਰਦੇ ਹਨ। "ਗੁਰੂ ਸਾਹਿਬਾਨ ਆਪਣੀ ਬਾਣੀ ਵਿਚ ਸਾਡੇ ਮਨ ਅੰਦਰ ਹੋ ਰਹੇ ਆਤਮਕ ਯੁੱਧ ਦਾ ਵਿਸ਼ਾ ਚੁਣਿਆ ਹੈ। ਹਰ ਵਾਰ ਵਿਚ ਨਾਇਕ ਦ੍ਰਿੜਤਾ, ਤਿਆਗ, ਆਤਮ ਵਿਸ਼ਵਾਸ ਤੇ ਉਤਸ਼ਾਹ ਦਾ ਭਾਵ ਪ੍ਰਗਟ ਕਰਦਾ ਹੈ।"[3]ਜੋ ਉਤਸ਼ਾਹ ਅਤੇ ਹੌਸਲੇ ਨਾਲ ਭਰਪੂਰ ਹੋਣ ਉਹੀ ਵਾਰਾਂ ਦਾ ਹਿੱਸਾ ਬਣਦੀਆਂ ਹਨ। ਜੇ ਇੱਕ ਨਾਇਕ ਵਿਚ ਉਤਸ਼ਾਹ, ਹਿੰਮਤ ਤੇ ਹੌਸਲਾ ਹੋਵੇ ਤਾਂ ਹੀ ਉਹ ਵਿਰੋਧੀ ਨਾਲ ਟੱਕਰ ਲੈ ਸਕਦਾ ਹੈ। ਬੀਰ ਰਸੀ ਕਾਵਿ-ਧਾਰਾ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ 'ਚੰਡੀ ਦੀ ਵਾਰ' ਦਾ ਮਹੱਤਵਪੂਰਨ ਸਾਥਨ ਰਿਹਾ ਹੈ। ਇਸ ਤਰ੍ਹਾਂ ਅਸੀਂ ਇਹ ਕਹਿ ਸਕਦੇ ਹਾਂ ਕਿ ਬੀਰ ਰਸੀ ਕਾਵਿ-ਧਾਰਾ ਮੱਧਕਾਲੀ ਪੰਜਾਬੀ ਸਾਹਿਤ ਦੀ ਵਿਲੱਖਣ ਅਤੇ ਨਿਵੇਕਲੀ ਕਾਵਿ-ਧਾਰਾ ਹੈ।ਜਿਸ ਵਿਚ ਸੂਰਵੀਰ ਬਾਹਦਰ ਯੋਧਿਆਂ ਦੇ ਕਾਰਨਾਮਿਆਂ ਦਾ ਵਰਣਨ ਮਿਲਦਾ ਹੈ।

ਮੱਧਕਾਲੀ ਪੰਜਾਬੀ ਸਾਹਿਤ ਵਿਚ ਜੇ ਅਸੀਂ ਕਾਵਿ-ਧਾਰਾਵਾਂ ਨੂੰ ਦ੍ਰਿਸ਼ਟੀਗੋਚਰ ਕਰੀਏ ਤਾਂ ਗੁਰਮਤਿ ਕਾਵਿ-ਧਾਰਾ ਨੇ ਮੱਧਕਾਲੀ ਪੰਜਾਬੀ ਸਾਹਿਤ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਇਸੇ ਕਰਕੇ ਮੱਧਕਾਲੀਨ ਪੰਜਾਬੀ ਸਾਹਿਤ ਵਿਚ ਗੁਰਮਤਿ ਕਾਵਿ ਧਾਰਾ ਵਿਲੱਖਣ ਅਤੇ ਜ਼ਿਕਰ ਯੋਗ ਸਥਾਨ ਰੱਖਦੀ ਹੈ। ਇਸ ਕਾਵਿਧਾਰਾ ਨੇ ਪੰਜਾਬੀ ਸਾਹਿਤ ਨੂੰ ਹਰ ਪੱਖ ਤੋਂ ਅਮੀਰੀ ਪ੍ਰਦਾਨ ਕੀਤੀ ਹੈ। ਗੁਰਮਤਿ ਕਾਵਿ ਧਾਰਾ ਦਾ ਮੁੱਖ ਸਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 6 ਗੁਰੂ ਸਾਹਿਬਾਨ, 15 ਭਗਤਾਂ, 11 ਭੱਟਾਂ ਅਤੇ 4 ਗੁਰੂ ਸਿੱਖ ਦੀ ਬਾਣੀ ਸਾਨੂੰ ਮਿਲਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਬਹੁਤ ਹੀ ਮਹਾਨ ਅਤੇ ਪਵਿੱਤਰ ਗ੍ਰੰਥ ਹੈ ।ਇਸ ਮਹਾਨ ਗ੍ਰੰਥ ਦੇ ਸੰਪਾਦਕ ਸਿੱਖ ਧਰਮ ਦੇ ਪੰਜਵੇਂ ਗੁਰੂ ਅਰਜਨ ਦੇਵ ਜੀ ਹਨ। ਇਸ ਦੇ ਪਹਿਲੇ ਸੰਪਾਦਕ ਭਾਈ ਗੁਰਦਾਸ ਜੀ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਸਾਰ ਦੇ ਪੂਰੇ ਧਾਰਮਕ ਗ੍ਰੰਥ ਵਿਚੋਂ ਇਕ ਵੱਖਰਾ ਅਤੇ ਵਿਸ਼ਿਸ਼ਟ ਸਥਾਨ ਰਿਹਾ ਹੈ। ਭਾਵੇਂ ਇਹ ਸਿੱਖ ਧਰਮ ਦਾ ਮਹਾਨ ਗ੍ਰੰਥ ਹੈ ਪਰ ਇਹ ਪੂਰੇ ਵਿਸ਼ਵ ਦਾ ਹੀ ਮਾਰਗ ਦਰਸ਼ਨ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਨੌਂਵੀ ਪਾਤਸ਼ਾਹੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵੀ ਸ਼ਾਮਿਲ ਕੀਤੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਪਹਿਲੀ ਵਾਰ 1604 ਈ. ਵਿਚ ਪ੍ਰਕਾਸ਼ਿਤ ਕੀਤਾ ਗਿਆ ਸੀ।

ਗੁਰਮਤਿ ਕਾਵਿ-ਧਾਰਾ ਦੀ ਧਾਰਮਕ ਪਦਵੀਂ ਤੋਂ ਲੈ ਕੇ ਅਧਿਆਤਮਕ, ਸਾਹਿਤਿਕ, ਕਾਵਿਕ, ਭਾਸ਼ਾਈ ਤੇ ਸੰਗੀਤਕ ਪੱਖ ਤੋਂ ਮਹਾਨਤਾ ਬੇਮਿਸਾਲ ਹੈ। ਜਿਸ ਵਿਚ ਜੀਵਨ ਦੇ ਹਰ ਪੱਖ ਨੂੰ ਪੇਸ਼ ਕੀਤਾ ਹੈ ਅਤੇ ਪੂਰੇ ਬ੍ਰਹਿਮੰਡ

ਦਾ ਭਾਸ਼ਾਈ ਰੂਪ ਵਿਚ ਚਿਤਰਨ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚਾਨਣ ਮੁਨਾਰੇ ਦੀ ਝਲਕ ਪ੍ਰਤੱਖ ਰੂਪ ਵਿਚ ਦੇਖੀ ਜਾ ਸਕਦੀ ਹੈ। ਇਹ ਸਮੁੱਚੀ ਕਾਵਿ-ਧਾਰਾ ਗੁਰਬਾਣੀ ਤੇ ਆਧਾਰਿਤ ਹੈ। ਗੁਰਬਾਣੀ ਸਰਬੱਤ ਦੇ ਭਲੇ ਅਤੇ ਮਨੁੱਖ ਜਾਤੀ ਲਈ ਅਜਿਹਾ ਸਾਧਨ ਹੈ, ਜਿਸ ਨਾਲ ਇਨਸਾਨ ਬੁਰੇ ਅਮਲਾਂ ਨੂੰ ਤਿਆਗ ਕੇ ਚੰਗੇ ਅਮਲਾਂ ਨੂੰ ਆਪਣੇ ਜੀਵਨ ਅੰਦਰ ਲੈ ਕੇ ਆਉਂਦਾ ਹੈ। ਗੁਰਮਤਿ ਕਾਵਿ ਧਾਰਾ ਬਾਰੇ ਇਹ ਗੱਲ ਕੀਤੀ ਜਾਂਦੀ ਹੈ ਕਿ ਇਸ ਦੀ ਵਿਚਾਰਧਾਰਾ ਵਿਗਿਆਨਕ ਆਧਾਰ ਵਾਲੀ ਹੈ, ਭਾਵ ਕਿ ਹਰ ਕਥਨ ਤਰਕ ਤੇ ਆਧਾਰਿਤ ਹੈ। ਇਨ੍ਹਾਂ ਕਾਰਨਾਂ ਕਰਕੇ ਗੁਰਮਤਿ ਕਾਵਿ ਧਾਰਾ ਨੇ ਪੰਜਾਬੀ ਸਾਹਿਤ ਵਿਚ ਇਕ ਵਿਸ਼ੇਸ਼ ਸਥਾਨ ਬਣਾਇਆਹੈ। ਗੁਰਬਾਣੀ ਇੱਕ ਅਜਿਹਾ ਸਾਧਨ ਹੈ ਜਿਸ ਰਾਹੀ ਵਿਅਕਤੀ ਉਸ ਪਰਮ ਤੱਤ ਪਰਮਾਤਮਾ ਤੱਕ ਪਹੁੰਚਦਾ ਹੈ। ਇਸ ਨਾਲ ਉਸ ਦਾ ਲੋਕ ਤੇ ਪ੍ਰਲੋਕ ਦੋਹੀਂ ਪਾਸੇ ਭਲਾ ਹੁੰਦਾ ਹੈ।

ਗੁਰਮਤਿ ਕਾਵਿ ਧਾਰਾ ਨੇ ਮੱਧਕਾਲੀਨ ਪੰਜਾਬੀ ਸਾਹਿਤ ਦਾ ਵਿਕਾਸ ਕਰਕੇ ਉਸ ਨੂੰ ਸਿਖ਼ਰ ਤੱਕ ਪਹੁੰਚਾਇਆ ਹੈ। ਗੁਰਮਤਿ ਸਾਹਿਤ ਦੁਆਰਾ ਲੋਕਾਂ ਅੰਦਰ ਚੰਗੇ ਗੁਣ ਅਤੇ ਇਨਕਲਾਬੀ ਸੋਚ ਉਤਪੰਨ ਹੋਈ। ਜੋ ਸੁਆਰਥ ਨੂੰ ਭੁੱਲ ਕੇ ਦੂਜਿਆਂ ਦਾ ਭਲਾ ਕਰਦੇ ਹਨ। ਗੁਰਬਾਣੀ ਦੁਨੀਆ ਦੀ ਨਾਸ਼ਵਾਨਤਾ ਨੂੰ ਪੇਸ਼ ਕਰਦੀ ਹੈ ਅਤੇ ਵਿਸ਼ੇ-ਵਿਕਾਰਾਂ (ਕਾਮ,ਕ੍ਰੋਧ, ਲੋਭ, ਮੋਹ, ਹੰਕਾਰ) ਤੋਂ ਛੁਟਕਾਰਾ ਪਾਉਣਾ ਲਈ ਸਾਡਾ ਮਾਰਗ ਦਰਸ਼ਨ ਕਰਦੀ ਹੈ। ਇਸੇ ਕਾਰਨ ਹੀ ਸਮਾਜ ਅੰਦਰ ਗੁਰਬਾਣੀ ਸਭ ਤੋਂ ਵੱਧ ਸਤਿਕਾਰੀ ਅਤੇ ਵਡਿਆਈ ਜਾਂਦੀ ਹੈ। ਗੁਰਬਾਣੀ ਸਾਨੂੰ ਇਹ ਸਿੱਖਿਆ ਦਿੰਦੀ ਹੈ ਕਿ ਸਾਨੂੰ ਸੰਸਾਰ ਵਿਚ ਆਪਣਾ ਜੀਵਨ ਬਤੀਤ ਕਰਦਿਆਂ ਹੋਇਆ ਪਰਮਾਤਮਾ ਨੂੰ ਨਹੀਂ ਭੁਲਣਾ ਚਾਹੀਦਾ। ਪਰਮਾਤਮਾ ਦੇ ਭਾਣੇ ਨੂੰ ਮੰਨਦੇ ਹੋਏ ਉਸ ਦੀ ਰਜ਼ਾ ਵਿਚ ਰਹਿਣਾ ਚਾਹੀਦਾ ਹੈ। ਜਿਵੇਂ ਕੰਵਲ ਦਾ ਫੁੱਲ ਚਿਕੜ ਵਿਚ ਰਹਿੰਦਿਆ ਹੋਇਆ ਵੀ ਪਵਿੱਤਰ ਹੁੰਦਾ ਹੈ। ਇਸੇ ਤਰ੍ਹਾਂ ਸੰਸਾਰ ਵਿਚ ਰਹਿ ਕੇ ਪਰਮਾਤਮਾ ਨੂੰ ਨਹੀਂ ਵਿਸਾਰਨਾ ਚਾਹੀਦਾ। ਸੰਸਾਰ ਅੰਦਰ ਵਿਚਰਦਿਆ ਝੂਠ, ਬੁਰੇ ਕਰਮ, ਈਰਖਾ, ਵੈਰ-ਵਿਰੋਧ ਆਦਿ ਤੋਂ ਮੁਕਤ ਕਰਕੇ ਸ਼ਾਂਤੀ, ਸੰਤੋਖ, ਸਬਰ, ਸਹਿਣਸ਼ੀਲਤਾ, ਪਿਆਰ, ਸਮਾਨਤਾ ਆਦਿ ਚੰਗੇ ਗੁਣਾਂ ਦੀ ਭਾਲ ਕਰਨਾ ਸਿਖਾਉਂਦੀ ਹੈ। ਗੁਰਬਾਣੀ ਦੁਆਰਾ ਹੀ ਅਸੀਂ ਅਧਿਆਤਮਕ ਦੇ ਰਸਤੇ ਤੇ ਚੱਲ ਸਕਦੇ ਹਾਂ ਕਿਉਂਕਿ ਜੇ ਸਾਡੇ ਜੀਵਨ ਅੰਦਰ ਝੂਠ, ਵੈਰ-ਵਿਰੋਧ, ਈਰਖਾ ਆਦਿ ਬੁਰਾਈਆਂ ਹਨ ਤੇ ਅਸੀਂ ਕਦੀ ਵੀ ਅਧਿਆਤਮਕ ਮਾਰਗ ਤੇ ਚੱਲ ਨਹੀਂ ਸਕਦੇ। ਗੁਰਬਾਣੀ ਹੀ ਇਨ੍ਹਾਂ ਵਿਕਾਰਾਂ ਤੋਂ ਸਾਨੂੰ ਮੁਕਤ ਕਰਦੀ ਹੈ। ਫਿਰ ਹੀ ਅਸੀਂ ਆਪਣੇ ਜੀਵਨ ਅੰਦਰ ਪਰਮਾਤਮਾ ਨੂੰ ਸਥਾਨ ਦੇ ਸਕਦੇ ਹਨ ਅਤੇ ਪਰਮ ਤੱਤ ਪਰਮਾਤਮਾ ਦੀ ਪ੍ਰਾਪਤੀ ਕਰ ਸਕਦੇ ਹਨ।

ਗੁਰਮਤਿ ਵਿਚਾਰਧਾਰਾ ਅੰਦਰ ਸਾਡੇ ਗੁਰੂ ਸਾਹਿਬਾਨਾਂ ਨੇ ਆਪਣੀ ਪਵਿੱਤਰ ਬਾਣੀ ਅੰਦਰ ਮਨੁੱਖੀ ਪ੍ਰਾਣੀ ਨੂੰ ਜੀਵਨ ਦੇ ਅਸਲ ਉਦੇਸ਼ ਬਾਰੇ ਜਾਣੂ ਕਰਵਾਇਆ ਹੈ। ਅਸਲ ਵਿਚ ਗੁਰੂਆਂ ਨੇ ਆਪਣੀ ਬਾਣੀ ਅੰਦਰ ਪਰਮਾਤਮਾ ਦੇ ਸਰੂਪ ਨੂੰ ਮੁੱਖ ਰੱਖਿਆ ਹੈ ਅਤੇ ਆਪਣੀ ਬਾਣੀ ਵਿਚ ਇਹ ਦੱਸਿਆ ਹੈ ਕਿ ਪਰਮਾਤਮਾ ਦੀ ਪ੍ਰਾਪਤੀ ਲਈ ਨੈਤਿਕ ਮੁੱਲਾਂ ਦਾ ਹੋਣਾ ਬਹੁਤ ਹੀ ਜ਼ਰੂਰੀ ਹੈ। ਫਿਰ ਹੀ ਅਸੀਂ ਮਨਮੁੱਖ ਤੋਂ ਗੁਰਮੁੱਖ ਦੀ ਬਿਰਤੀ ਨੂੰ ਥਾਂ ਦੇ ਸਕਦੇ ਹਾਂ। ਗੁਰਮਤਿ ਵਿਚਾਰਧਾਰਾ ਦਾ ਮੂਲ ਕੇਂਦਰਿਤ ਵਿਸ਼ਾ 'ਬ੍ਰਹਮ' ਹੈ। "ਗੁਰਮਤਿ ਵਿਚਾਰਧਾਰਾ ਦੀ ਵਡਿਆਈ ਦਾ ਰਹੱਸ ਹੀ ਇਹ ਹੈ ਕਿ ਇਸ ਦੇ ਆਰ-ਪਾਰ ਇਕ ਨੈਤਿਕ ਮੁੱਲਾਂ ਵਾਲਾ ਸੰਸਾਰ ਵੱਸਿਆ ਹੋਇਆ

ਹੈ। ਇਹੀ ਮੁੱਲ ਧਰਤੀ ਨੂੰ ਰੱਬੀ ਨੂਰ ਨਾਲ ਰੋਸ਼ਨ-ਚਾਰਗ ਬਣਾਉਂਦੇ ਹਨ।"[4]ਗੁਰਬਾਣੀ ਅੰਦਰ ਉਨ੍ਹਾਂ ਨੈਤਿਕ ਮੁੱਲਾਂ ਦਾ ਵਰਣਨ ਕੀਤਾ ਗਿਆ ਹੈ ਜਿਨ੍ਹਾਂ ਦੁਆਰਾ ਮਨੁੱਖ ਆਪਣਾ ਲੋਕ ਅਤੇ ਪ੍ਰਲੋਕ ਦੋਨਾਂ ਨੂੰ ਹੀ ਉਜਵਲ ਕਰ ਸਕਦਾ ਹੈ। ਨੈਤਿਕਤਾ ਤੋਂ ਭਾਵ ਮਨੁੱਖ ਅੰਦਰ ਚੰਗੇ ਗੁਣਾਂ ਦਾ ਹੋਣਾ ਪਿਆਰ, ਸਹਿਣਸ਼ੀਲਤਾ, ਸਾਦਗੀ, ਪਵਿੱਤਰਤਾ, ਮਿੱਠਾ ਬੋਲਣਾ, ਚੰਗੇ ਕਰਮ ਕਰਨਾ ਆਦਿ। ਇਹ ਸਭ ਕੁੱਝ ਸਾਨੂੰ ਗੁਰਬਾਣੀ ਸਿਖਾਉਂਦੀ ਹੈ। ਜੇ ਮਨੁੱਖ ਆਪਣੇ ਜੀਵਨ ਅੰਦਰ ਬੁਰੇ ਅਮਲਾਂ ਨੂੰ ਪਹਿਲ ਦਿੰਦਾ ਹੈ ਤਾਂ ਉਹ ਕਦੀ ਵੀ ਪ੍ਰਭੂ ਦੀ ਭਗਤੀ ਨਹੀਂ ਕਰ ਸਕਦਾ ਹੈ। ਇਸ ਲਈ ਗੁਰਬਾਣੀ ਸਾਡੇ ਜੀਵਨ ਅੰਦਰ ਚੰਗੇ ਅਮਲ ਨੂੰ ਉਸਾਰਦੀ ਹੈ। ਜਿਸ ਨਾਲ ਉਹ ਪਰਮਾਤਮਾ ਦੀ ਪ੍ਰਾਪਤੀ ਕਰ ਸਕੇ। ਗੁਰਬਾਣੀ ਸੰਸਾਰ ਅੰਦਰ ਸਾਡੇ ਗੁਰੂ ਸਾਹਿਬਾਨ ਨੇ ਸਦਾ ਹੀ ਮਨੁੱਖ ਨੂੰ ਸੰਤੋਖ, ਦਇਆ, ਖਿਮਾ, ਗਿਆਨ, ਪ੍ਰੇਮ, ਸ਼ੁਭ ਕਰਮ, ਨਿਮਰਤਾ, ਸੇਵਾ, ਸੱਚੀ ਕਿਰਤ ਕਰਨਾ ਆਦਿ ਦਾ ਸੰਦੇਸ਼ ਦਿੱਤਾ ਹੈ।

"ਉਪਰੋਕਤ ਗੁਰਬਾਣੀ ਵਿਚ ਦਇਆ, ਸੰਤੋਖ, ਜਤਿ ਸਤਿ ਨੂੰ ਕੇਂਦਰ ਬਿੰਦੂ ਰੱਖ ਕੇ ਇਹ ਕਿਹਾ ਗਿਆ ਹੈ ਕਿ ਜੇਕਰ 'ਸਗਲ ਜਮਾਤੀ' ਦਾ ਜੀਵੰਤ ਰੂਪ ਦੇਖਣਾ ਤਾਂ ਇਸ ਲਈ ਨੈਤਿਕ ਗੁਣ ਅਪਨਾਉਂਣੇ ਅਨਿਵਾਰੀ ਹਨ ਅਤੇ ਮਨ ਨੂੰ ਜਿੱਤਣ ਦਾ ਮਾਰਗ ਵੀ ਇਹੀ ਹੈ ਕਿਉਂਕਿ ਜਿਸ ਮਨੁੱਖ ਅੰਦਰ ਸਬਰ, ਸ਼ੁਕਰ, ਸੰਤੋਖ, ਦਇਆ, ਸਹਿਣਸ਼ੀਲਤਾ ਨਹੀਂ ਉਹ ਮਨੁੱਖ ਆਪਣੇ ਮਨ ਨੂੰ ਕਦੀ ਨਹੀਂ ਜਿੱਤ ਸਕਦਾ ਹੈ। ਸਿਰਫ਼ ਮਨ ਨੂੰ ਹੀ ਨਹੀਂ ਬਲਕਿ ਉਹ ਤਾਂ ਆਪਣੀ ਮੰਜ਼ਿਲ ਨੂੰ ਵੀ ਪ੍ਰਾਪਤ ਨਹੀਂ ਕਰ ਸਕਦਾ ਹੈ।"[5] ਅਰਥਾਤ ਕਿ ਜੇ ਮਨੁੱਖ ਅੰਦਰ ਪੰਜ ਚੋਰ ਹੋਣ (ਕਾਮ, ਕ੍ਰੋਧ, ਮੋਹ, ਲੋਭ, ਹੰਕਾਰ) ਉਹ ਕਦੇ ਵੀ ਪਰਮਾਤਮਾ ਦੀ ਪ੍ਰਾਪਤੀ ਨਹੀਂ ਕਰ ਸਕਦਾ ਹੈ। ਇਨ੍ਹਾਂ ਪੰਜ ਚੋਰਾਂ ਤੋਂ ਛੁਟਕਾਕਾਂ ਪਾਉਣ ਦਾ ਇਕ ਸਾਧਨ 'ਗੁਰਬਾਣੀ' ਹੀ ਹੈ। ਜਿਸ ਦੇ ਰਸਤੇ ਤੇ ਚਲ ਕੇ ਅਸੀਂ ਇਸ ਅਸ਼ਾਂਤੀ ਦੇ ਮਾਰਗ ਵਿਚ ਸ਼ਾਂਤੀ ਨੂੰ ਪ੍ਰਾਪਤ ਕਰ ਸਕਦੇ ਹਨ। "ਗੁਰਬਾਣੀ ਵਿਚ ਸਬਰ, ਸੰਤੋਖ ਅਤੇ ਦਾਨ ਦੇ ਵਿਚਾਰ ਨੂੰ ਬਹੁਤ ਥਾਈਂ ਪ੍ਰਚਾਰਿਆ ਗਿਆ ਹੈ। ਸਬਰ, ਸੰਤੋਖ ਦਾ ਫਲਸਫਾ ਸਾਧਾਰਣ ਪੁਰਸ਼ ਲਈ ਇਕ ਬੜਾ ਔਖਾ ਮਾਰਗ ਹੈ।"[6] ਕਿਉਂਕਿ ਮਨੁੱਖ ਨੇ ਆਪਣੀਆਂ ਇੱਛਾਵਾਂ ਨੂੰ ਬਹੁਤ ਹੀ ਜ਼ਿਆਦਾ ਪਹਿਲ ਦਿੱਤੀ ਹੈ। ਜਿਸ ਕਾਰਨ ਉਹ ਹਮੇਸ਼ਾ ਦੁੱਖੀ ਰਹਿੰਦਾ ਹੈ ਅਤੇ ਸਬਰ, ਸੰਤੋਖ ਵਾਲੀ ਭਾਵਨਾ ਉਸ ਅੰਦਰੋਂ ਖਤਮ ਹੁੰਦੀ ਜਾ ਰਹੀ ਹੈ। ਗੁਰਬਾਣੀ ਇਨ੍ਹਾਂ ਹੀ ਮੁਸੀਬਤਾਂ ਦਾ ਹੱਲ ਦੱਸਦੀ ਹੈ।

"ਗੁਰਬਾਣੀ ਕਿਸੇ ਇਕ ਮਨੁੱਖ, ਸਮਾਜਕ ਜਾਂ ਸਿਆਸੀ ਮਸਲੇ ਦਾ ਹੱਲ ਨਹੀਂ ਕਰਦੀ ਉਹ ਸਾਰੇ ਅਤੇ ਸਦਾ ਦੇ ਸਮਾਜਕ ਮਨੁੱਖ ਦੀ ਸਰਬੱਤ ਦੀ ਆਜ਼ਾਦੀ ਦਾ ਮਸਲਾ ਹੈ।"[7] ਅੱਜ ਮਨੁੱਖ ਮਾਇਆ ਦਾ ਗ਼ੁਲਾਮ ਬਣ ਗਿਆ ਹੈ ਅਤੇ ਇਸ ਗ਼ੁਲਾਮੀ ਤੋਂ ਆਜ਼ਾਦ ਹੋਣ ਲਈ ਇਕ ਸਾਧਨ ਮਾਤਰ ਗੁਰਬਾਣੀ ਹੀ ਹੈ। ਗੁਰਮਤਿ ਸਾਹਿਤ ਦਾ ਬਾਣੀ ਸੰਸਾਰ ਬੁਹਤ ਵਿਆਪਕ ਅਰਥਾਂ ਦਾ ਧਾਰਨੀ ਹੈ। ਗੁਰਮਤਿ ਕਾਵਿ ਧਾਰਾ ਦੇ ਮੋਢੀ ਜਾਂਸੰਸਥਾਪਕ ਗੁਰੂ ਨਾਨਕ ਦੇਵ ਜੀ ਹਨ। ਉਨ੍ਹਾਂ ਦੇ ਪ੍ਰਵੇਸ਼ ਨਾਲ ਗੁਰਮਤਿ ਕਾਵਿ ਧਾਰਾ ਸਥਾਪਿਤ ਹੋਈ। ਜਿਨ੍ਹਾਂ ਨੂੰ ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਮਤਿ ਕਾਵਿ ਧਾਰਾ ਨੂੰ ਅੱਗੇ ਤੋਰਨ ਵਿਚ ਆਪਣੀ ਭੂਮਿਕਾ ਨਿਭਾਈ। ਗੁਰਮਤਿ ਕਾਵਿ ਧਾਰਾ ਦਾ ਮਹੱਤਵ ਲੋਕਾਂ ਅੰਦਰ ਨਵ ਚੇਤਨਾ ਨੂੰ ਉਜਾਗਰ ਕਰਨਾ ਹੈ। ਗੁਰੂ ਸਹਿਬਾਨ ਨੇ ਆਪਣੀ ਬਾਣੀ ਅੰਦਰ ਇਹ ਹੀ ਦੱਸਿਆ ਹੈ ਕਿ

ਸਾਡੇ ਜੀਵਨ ਦਾ ਉਦੇਸ਼ ਕੀ ਹੈ। ਗੁਰਮਤਿ ਕਾਵਿ ਧਾਰਾ ਅੰਦਰ ਨਾਮ ਸਿਮਰਨ ਦੀ ਮਹੱਤਤਾ ਬਾਰੇ ਦੱਸਿਆ ਗਿਆ ਹੈ। ਸਾਡੇ ਗੁਰੂ ਸਹਿਬਾਨਾਂ ਨੇ ਲੋਕਾਂ ਨੂੰ ਅੰਧ ਵਿਸ਼ਵਾਸ਼ਾਂ ਤੋਂ ਬਾਹਰ ਕੱਢ ਕੇ ਸੱਚ ਨਾਲ ਜੋੜਿਆ। ਗੁਰਮਤਿ ਕਾਵਿ ਧਾਰਾ ਅੰਦਰ ਗੁਰੂ ਦੀ ਮਹੱਤਤਾ ਬਾਰੇ ਦੱਸਿਆ ਹੈ ਕਿ ਸਾਡੇ ਜੀਵਨ ਅੰਦਰ ਗੁਰੂ ਦੀ ਕਿੰਨੀ ਕੁ ਮਹੱਤਤਾ ਹੈ, ਭਾਵ ਕਿ ਸਤਿਗੁਰੂ ਦੁਆਰਾ ਹੀ ਅਸੀਂ ਪਰਮਾਤਮਾ ਤੱਕ ਪਹੁੰਚ ਸਕਦੇ ਹਾਂ। ਇਹ ਸਾਨੂੰ ਗੁਰੂ ਸਹਿਬਾਨ ਦੀ ਬਾਣੀ ਤੋਂ ਪਤਾ ਲਗਦਾ ਹੈ। ਪਰਮਾਤਮਾ ਦੇ ਸਰੂਪ ਸੰਬੰਧੀ ਗੁਰਮਤਿ ਵਿਚਾਰਧਾਰਾ ਦਾ ਇਹ ਮੰਨਣਾ ਹੈ ਕਿ ਪਰਮਾਤਮਾ ਇੱਕ ਹੈ। ਉਹ ਸਦਾ ਸਥਿਰ ਹੈ, ਉਹ ਇਸ ਸਾਰੀ ਸ੍ਰਿਸ਼ਟੀ ਦਾ ਸਿਰਜਕ ਹੈ। ਪ੍ਰਭੂ ਇਸ ਸਾਰੀ ਸ਼੍ਰਿਸ਼ਟੀ ਦੇ ਕਣ-ਕਣ ਵਿਚ ਮੌਜੂਦ ਹੈ। ਪ੍ਰਭੂ ਕਦੇ ਵੀ ਵੱਖ-ਵੱਖ ਜੂਨਾਂ ਵਿਚ ਨਹੀਂ ਆਉਂਦਾ ਹੈ। ਪਰਮਾਤਮਾ ਪ੍ਰਕਾਸ਼ ਮਾਨ ਹੈ, ਭਾਵ ਕਿ ਪਰਮਾਤਮਾ ਪ੍ਰਕਾਸ਼ ਰੂਪ ਵਿਚ ਸਭ ਵਿਅਕਤੀਆਂ ਦੇ ਅੰਦਰ ਨਿਵਾਸ ਕਰਦਾ ਹੈ ਅਤੇ ਪ੍ਰਭੂ ਨੂੰ ਸਤਿਗੁਰੂ ਦੀ ਕ੍ਰਿਪਾ ਦੁਆਰਾ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।

ਗੁਰਮਤਿ ਕਾਵਿ-ਧਾਰਾ ਦਾ ਮਹੱਤਵ ਇਹ ਹੈ ਕਿ ਇਹ ਸਾਨੂੰ ਪਰਮਾਤਮਾ ਦੇ ਸਬੰਧ ਵਿਚ ਸਾਡਾ ਮਾਰਗ ਦਰਸ਼ਨ ਕਰਦੀ ਹੈ। ਸਾਨੂੰ ਇਸ ਦੁਨਿਆਵੀ ਵਿਕਾਰਾਂ ਤੋਂ ਦੂਰ ਕਰਕੇ ਪ੍ਰਭੂ ਦੇ ਸਰੂਪ ਵਿਚ ਇਕ-ਮਿਕ ਕਰਦੀ ਹੈ। ਇਸ ਤਰ੍ਹਾਂ ਗੁਰਮਤਿ ਕਾਵਿ ਧਾਰਾ ਨੇ ਸਾਰੇ ਸਮਾਜ ਨੂੰ ਇੱਕ ਕੀਤਾ ਹੈ। ਗੁਰਮਤਿ ਕਵੀਆਂ ਨੇ ਉੱਚ ਕੋਟੀ ਦੀ ਸਾਹਿਤਕ ਰਚਨਾ ਹੀ ਨਹੀਂ ਕੀਤੀ ਸਗੋਂ ਸਮਾਜ ਨੂੰ ਉਸਾਰੂ ਸੇਧ ਵੀ ਦਿੱਤੀ। ਇਸੇ ਕਰਕੇ ਗੁਰਮਤਿ ਸਾਹਿਤ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਕ ਸ਼ਕਤੀਸ਼ਾਲੀ ਕਾਵਿ-ਧਾਰਾ ਵਜੋਂ ਸਥਾਪਿਤ ਹੋਇਆ। "ਮੱਧਕਾਲ ਦੇ ਪੰਜਾਬੀ ਸਾਹਿਤ ਚਿੰਤਨ ਦੇ ਸਰੋਕਾਰਾਂ ਦੀ ਜਦੋਂ ਸੁਰ ਲੱਭੀ ਜਾਂਦੀ ਹੈ ਤਾਂ ਇਸ ਗੱਲ ਦੀ ਪ੍ਰਤੀਤੀ ਹੁੰਦੀ ਹੈ ਕਿ ਇਸ ਸਮੁੱਚੇ ਸਾਹਿਤ ਚਿੰਤਨ ਵਿਚ ਲੌਕਿਕਤਾ ਅਤੇ ਪਾਰਲੌਕਿਕਤਾ ਇਕ ਦੇ ਪੂਰਕ ਰਿਸ਼ਤੇ ਵਿਚ ਬੱਝੀਆਂ ਹੋਈਆਂ ਹਨ। ਇਸੇ ਕਾਰਨ ਅਧਿਆਤਮਕ ਚਿੰਤਨ ਵਿਚ ਧਰਤੀ ਧਰਮਸਾਲ ਹੈ, ਕਾਰਜਭੂਮੀ ਹੈ, ਮੁਕਤੀ ਲਈ ਜਤਨਸ਼ੀਲ ਹੋਣ ਵਾਲਾ ਖੇਤਰ ਹੈ। ਸੂਫ਼ੀ ਕਵਿਤਾ ਵਿਚ ਕਿੱਸਾ ਕਾਵਿ ਦੇ ਲੌਕਿਕ ਨਾਇਕ ਪਾਰਲੌਕਿਕਤਾ ਦੇ ਪ੍ਰਤੀਕ ਵਜੋਂ ਤਾਂ ਹੀ ਆਏ ਹਨ। ਦੂਜੇ ਪਾਸੇ ਲੌਕਿਕ ਕਾਵਿ ਪਰੰਪਰਾਵਾਂ ਵਿਚ ਪਾਰਲੌਕਿਕਤਾ ਬਾਰ ਬਾਰ ਸਿਮਰੀ ਗਈ ਹੈ। ਰੱਬ ਅਤੇ ਦੈਵੀ ਸ਼ਕਤੀਆਂ ਕੇਂਦਰੀ ਭੂਮਿਕਾ ਨਿਭਾਉਂਦੀਆਂ ਦੇਖੀਆਂ ਜਾ ਸਕਦੀਆਂ ਹਨ। ਸੋ ਇਸ ਕਾਲ ਦੇ ਸਾਹਿਤ ਚਿੰਤਨ ਵਿਚ ਲੌਕਿਕਤਾ ਅਤੇ ਪਾਰਲੌਕਿਕਤਾ ਇਕ ਦੂਜੇ ਦੇ ਪੂਰਕ ਰਿਸ਼ਤੇ ਵਿਚ ਪ੍ਰਗਟ ਹੋਈਆਂ ਹਨ।"[8]

ਮੱਧਕਾਲ ਦੇ ਸਮੇਂ ਅੰਦਰ ਇਨ੍ਹਾਂ ਚਾਰ ਕਾਵਿ-ਧਾਰਾਵਾਂ ਦਾ ਵਰਣਨ ਮਿਲਦਾ ਹੈ। ਇਨ੍ਹਾਂ ਕਾਵਿ-ਧਾਰਾਵਾਂ ਵਿਚੋਂ ਗੁਰਮਤਿ ਅਤੇ ਸੂਫੀ ਕਾਵਿ-ਧਾਰਾ ਵਿਚ ਸਮਾਜਕ ਅਤੇ ਆਧਿਆਤਮਿਕ ਦੋਨੋਂ ਪੱਖ ਮਿਲਦੇ ਹਨ। ਇਸ ਤੋਂ ਇਲਾਵਾ ਕਿੱਸਾ ਕਾਵਿ-ਧਾਰਾ ਵਿਚ ਕਿੱਸਾਕਾਰਾਂ ਨੇ ਸਮਾਜਕ ਪੱਖ ਨੂੰ ਹੀ ਪੇਸ਼ ਕੀਤਾ ਹੈ। ਨਿਰਸੰਦੇਹ ਮੱਧਕਾਲ ਨੂੰ ਸਮੁੱਚੇ ਪੰਜਾਬੀ ਸਾਹਿਤ ਦਾ ਸੁਨਹਿਰੀ ਕਾਲ ਮੰਨਿਆ ਜਾਂਦਾ ਹੈ। ਮੱਧਕਾਲੀ ਸਮਿਆਂ ਵਿਚ ਰੱਚਿਆ ਗੁਰਬਾਣੀ ਸਾਹਿਤ ਇਸ ਦੀ ਅਹਿਮ ਪ੍ਰਾਪਤੀ ਹੈ। ਜੋ ਸਿਰਫ ਲੋਕ ਨੂੰ ਹੀ ਨਹੀਂ ਬਲਕਿ ਪਰਲੋਕ ਨੂੰ ਵੀ ਆਪਣਾ ਵਿਸ਼ਾ ਬਣਾਉਂਦੀ ਹੈ। ਇਸ ਵਿਚ ਪੇਸ਼ ਅੰਤਰ-ਦ੍ਰਿਸ਼ਟੀਆਂ ਅਜੋਕੇ ਯੁੱਗ ਲਈ ਓਨੀਆਂ ਹੀ ਸਾਰਥਕ ਹਨ। ਜਿੰਨੀਆਂ ਮੱਧਕਾਲ ਵਿਚ ਸਾਰਥਕ ਸਨ। "ਗੁਰਬਾਣੀ ਇਕ ਵਿਸ਼ੇਸ਼ ਧਾਰਮਿਕ ਸਿਸਟਮ ਦੇ ਨਿਯਮਾਂ ਦੇ ਮੁਤਾਬਕ ਉਸਰੇ ਹੋਏ

ਪੈਟਰਨ ਵਾਲੀ ਰਚਨਾ ਹੈ ਅਤੇ ਇਸ ਦਾ ਅਧਿਐਨ ਇਸ ਦੇ ਇਸ ਸਿਸਟਮ ਅਤੇ ਪੈਟਰਨ ਦੀ ਪਛਾਣ ਰਾਹੀਂ ਕਰਨਾ ਬਣਦਾ ਹੈ। ਕਾਵਿ-ਕਿਰਤ ਦਾ ਅਧਿਐਨ ਉਸ ਦੇ ਆਪਣੇ ਰੂਪ-ਸੰਗਠਨ ਦੀ ਪਛਾਣ ਉੱਤੇ ਆਧਾਰਿਤ ਹੁੰਦਾ ਹੈ, ਪਰ ਗੁਰਬਾਣੀ ਕਾਵਿ-ਕਿਰਤ ਨਹੀਂ, ਧਰਮ-ਕਿਰਤ ਹੈ ਤੇ ਇਸ ਦਾ ਰੂਪ-ਸੰਗਠਨ ਕਾਵਿ-ਕਿਰਤ ਵਾਲਾ ਨਹੀਂ, ਧਰਮ ਵਾਲਾ ਹੈ।"[9]

## ਗੁਰੂ ਅਰਜਨ ਦੇਵ ਜੀ : ਜੀਵਨ ਅਤੇ ਰਚਨਾ

ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਗੁਰੂ ਹੋਏ ਹਨ। ਆਪ ਇੱਕ ਮਹਾਨ ਸ਼ਖਸ਼ੀਅਤ ਦੇ ਮਾਲਕ ਸਨ। ਜਿਨ੍ਹਾਂ ਦੇ ਪਵਿੱਤਰ ਚਰਨ ਪੰਜਾਬ ਵਰਗੀ ਪਵਿੱਤਰ ਧਰਤੀ ਉੱਤੇ ਪਏ ਅਤੇ ਉਸ ਸਮੇਂ ਦੀ ਸਥਿਤੀ ਵਿੱਚ ਸੁਧਾਰ ਲਿਆਂਦਾ। ਗੁਰੂ ਜੀ ਦੁਆਰਾ ਹੀ ਸਿੱਖ ਕੌਮ ਵਿੱਚ ਸ਼ਹੀਦੀ ਦੀ ਪ੍ਰਥਾ ਸ਼ੁਰੂ ਹੋਈ। ਇਸ ਕਰਕੇ ਗੁਰੂ ਜੀ ਨੂੰ ਸ਼ਹੀਦਾਂ ਦਾ ਸਿਰਤਾਜ ਵੀ ਕਿਹਾ ਜਾਂਦਾ ਹੈ। ਗੁਰੂ ਜੀ ਨੇ ਸਮਾਜ ਦੇ ਕਲਿਆਣ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ ਤਾਂ ਜੋ ਸਮਾਜ ਅੰਦਰ ਕ੍ਰਾਂਤੀ ਆ ਸਕੇ। ਇਸ ਲਈ ਸਾਨੂੰ ਇਨ੍ਹਾਂ ਦੇ ਮਹਾਨ ਕਾਰਜਾਂ ਨੂੰ ਨਹੀਂ ਭੁੱਲਣਾ ਚਾਹੀਦਾ। ਇਸ ਮਹਾਨ ਸ਼ਖਸ਼ੀਅਤ ਨੂੰ ਆਪਣੇ ਜੀਵਨ ਅੰਦਰ ਢਾਲਣਾ ਚਾਹੀਦਾ ਹੈ, ਤਾਂ ਜੋ ਅਸੀਂ ਇਨ੍ਹਾਂ ਦੀ ਪਵਿੱਤਰ ਬਾਣੀ ਨੂੰ ਪੜ੍ਹ ਕੇ ਆਪਣਾ ਜੀਵਨ ਸਫ਼ਲਾ ਕਰ ਸਕੀਏ।

ਵੱਖ-ਵੱਖ ਸਾਹਿਤਕਾਰਾਂ ਨੇ ਵੀ ਗੁਰੂ ਜੀ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ:-

ਜਗਬੀਰ ਸਿੰਘ ਅਨੁਸਾਰ:-

"ਗੁਰੂ ਅਰਜਨ ਦੇਵ ਜੀ ਨੇ ਸਿੱਖ ਸੰਸਥਾ ਨੂੰ ਮਜ਼ਬੂਤ ਕਰਨ ਲਈ ਜਿਹੜਾ ਸਭ ਤੋਂ ਮਹੱਤਵਪੂਰਨ ਉਪਰਾਲਾ ਕੀਤਾ ਉਹ ਆਦਿ ਗ੍ਰੰਥ ਦੀ ਰਚਨਾ ਦੇ ਰੂਪ ਵਿੱਚ ਸਾਹਮਣੇ ਆਇਆ। ਇਹ ਗ੍ਰੰਥ ਸਿੱਖ ਧਰਮ ਵਿੱਚ ਪਾਵਨ ਗ੍ਰੰਥ ਦਾ ਦਰਜ਼ਾ ਰੱਖਦਾ ਹੈ ਪਰ ਇਹ ਇੱਕ ਅਜਿਹਾ ਅਦੁੱਤੀ ਗ੍ਰੰਥ ਹੈ ਜਿਸ ਦਾ ਮਹੱਤਵ ਸਿੱਖਾਂ ਲਈ ਹੀ ਨਹੀ ਸਗੋਂ ਸਮੁੱਚੇ ਭਾਰਤ ਲਈ ਵੀ ਹੈ, ਕਾਰਨ ਇਹ ਹੈ ਕਿ ਇਸ ਵਿੱਚ 12 ਵੀਂ ਸਦੀ ਤੋਂ ਲੈ ਕੇ 14ਵੀਂ ਸਦੀ ਤੱਕ ਦੇ ਪ੍ਰਮੁੱਖ ਧਰਮ ਪ੍ਰਵਰਤਕਾਂ ਦੀ ਰਚਨਾ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ।ਇਸ ਵਿੱਚ ਧਰਮ, ਕੌਮ, ਜਾਤ, ਬਿਰਾਦਰੀ, ਫ਼ਿਰਕੇ, ਭਾਸ਼ਾ ਜਾਂ ਖਿੱਤੇ ਦੇ ਆਧਾਰ ਤੇ ਕੋਈ ਵਿਤਕਰਾ ਨਹੀਂ ਕੀਤਾ ਗਿਆ। ਸਗੋਂ ਉਦਾਰ ਭਾਵਨਾ ਨਾਲ ਸਭ ਨੂੰ ਇੱਕ ਹੀ ਮੰਨਿਆ ਗਿਆ ਹੈ।ਇਸ ਤਰ੍ਹਾਂ ਇਹ ਗ੍ਰੰਥ ਸਮੁੱਚੀ ਮਾਨਵ ਜ਼ਾਤੀ ਨੂੰ ਸਾਂਝੀਵਾਲਤਾ ਦੇ ਸੂਤਰ ਵਿੱਚ ਪ੍ਰੋਣ ਵਾਲਾ ਗ੍ਰੰਥ ਹੋ ਨਿਬੜਦਾ ਹੈ।"[10]

ਗੁਰੂ ਜੀ ਨੇ ਆਪਣਾ ਜੀਵਨ ਸਮਾਜ ਕਲਿਆਣ ਲਈ ਲਗਾਇਆ।ਉਨ੍ਹਾਂ ਦੇ ਜੀਵਨ ਤੋਂ ਸਾਨੂੰ ਚੰਗਾ ਸੇਵਕ ਬਣਨਾ ਅਤੇ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਲਈ ਤਿਆਰ ਰਹਿਣ ਦੀ ਸਿੱਖਿਆ ਮਿਲਦੀ ਹੈ, ਆਪ ਨੇ ਹਰ ਮੁਸ਼ਕਿਲ ਤੋਂ ਮੁਸ਼ਕਿਲ ਸਮੇਂ ਵਿੱਚ ਹਾਲਾਤਾਂ ਦਾ ਸਾਹਮਣਾ ਕੀਤਾ ਅਤੇ ਪਰਮਾਤਮਾ ਦੇ ਭਾਣੇ ਨੂੰ ਮਿੱਠਾ ਮੰਨਿਆ।ਇਸ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਪਰਮਾਤਮਾ ਦੀ ਰਜ਼ਾ ਵਿੱਚ ਰਹਿਣਾ ਚਾਹੀਦਾ ਹੈ ਅਤੇ ਆਪਣੇ ਜੀਵਨ ਨੂੰ ਪਰਮਾਤਮਾ ਦੇ ਸਿਮਰਨ ਵਿੱਚ ਲਗਾ ਕੇ ਸਫਲਾ ਕਰਨਾ ਚਾਹੀਦਾ ਹੈ।

ਗੁਰੂ ਜੀ ਨੇ ਮਨੁੱਖੀ ਜੀਵਨ ਦੇ ਹਰ ਪੱਖ ਨੂੰ ਅਧਿਆਤਮਕ ਰੰਗਣ ਵਿੱਚ ਰੰਗਿਆ ਹੈ। ਜਿਸ ਦਾ ਅਨੁਮਾਨ ਅਸੀਂ ਗੁਰੂ ਜੀ ਦੀ ਪਵਿੱਤਰ ਬਾਣੀ ਸੁਖਮਨੀ ਸਾਹਿਬ ਤੋਂ ਲਗਾ ਸਕਦੇ ਹਾਂ। ਗੁਰੂ ਜੀ ਨੇ ਪੂਰੀ ਬਾਣੀ ਨੂੰ ਇਕੱਤਰ ਕੀਤਾ ਹੈ ਅਤੇ ਸਦੀਆਂ ਲਈ ਆਉਣ ਵਾਲੀਆਂ ਪੀੜ੍ਹੀਆਂ ਲਈ ਸੰਭਾਲਿਆ ਹੈ। ਗੁਰੂ ਜੀ ਨੇ ਵੱਖ-ਵੱਖ ਢੰਗਾਂ ਰਾਹੀਂ ਬਾਣੀ ਨੂੰ ਇਕੱਤਰ ਕੀਤਾ ਅਤੇ ਉਸ ਦੀ ਕਾਂਟ-ਛਾਂਟ ਕਰਕੇ ਪ੍ਰਮਾਣਿਕ ਨਮੂਨੇ ਤਿਆਰ ਕੀਤੇ। ਗੁਰੂ ਜੀ ਨੇ ਲੋੜ ਅਨੁਸਾਰ ਬਾਣੀ ਦੀ ਭਾਸ਼ਾ ਨੂੰ ਸਰਲ ਅਤੇ ਸਾਦੀ ਬਣਾਇਆ।ਇਸ ਨੂੰ ਚੰਗੇ ਅਤੇ ਸ਼ੁੱਧ ਰੂਪ ਵਿੱਚ ਪ੍ਰਕਾਸ਼ਿਤ ਕੀਤਾ।ਸੁਖਮਨੀ ਬਾਣੀ ਵਿੱਚ ਸ਼ਬਦ ਜੋੜਾਂ ਦੀ ਇਕੱਤਰਤਾ ਤਾਂ ਅਜਿਹੀ ਹੈਰਾਨ ਕਰਨ ਵਾਲੀ ਹੈ ਕਿ ਕਿਸੇ ਵੀ ਜੀਵ ਦਾ ਸਿਰ ਆਪਣੇ-ਆਪ ਹੀ ਸਤਿਕਾਰ ਨਾਲ ਹੇਠਾਂ ਝੁਕ ਜਾਂਦਾ ਹੈ। "ਗੁਰੂ ਅਰਜਨ ਦੇਵ ਜੀ ਦਾ ਇਸ ਲੋੜ ਨੂੰ ਅਨੁਭਵ ਕਰਨਾ ਕਿ ਮਹਾਂਪੁਰਸ਼ਾਂ ਦੀ ਮਿਲਦੀ ਰਚਨਾ ਨੂੰ ਇਕੱਤਰ ਕਰਕੇ ਪ੍ਰਮਾਣਿਕਤਾ ਸਹਿਤ ਥਾਂ ਸਿਰ ਸੰਕਲਿਤ ਕਰ ਦਿੱਤਾ ਜਾਵੇ ਆਪਣੇ ਆਪ ਵਿੱਚ ਹੀ ਇੱਕ ਬੜਾ ਮਹਾਨ ਆਦਰਸ਼ ਸੀ।ਹਰ ਜ਼ਿਉਂਦੀ ਜਾਗਦੀ ਕੌਮ ਨੂੰ ਧਾਰਮਿਕ ਅਤੇ ਸਮਾਜਿਕ ਅੰਦੋਲਨਾ ਦੀ ਅਗਵਾਈ ਲਈ ਕਿਸੇ ਨਾ ਕਿਸੇ ਸਿਧਾਂਤ ਦੀ ਸਾਹਿਤ ਦੀ ਲੋੜ ਹੁੰਦੀ ਹੈ ਅਤੇ ਸਾਹਿਤਕਾਰਾਂ ਨੇ ਉਨ੍ਹਾਂ ਦੀ ਇਸ ਇਸ ਲੋੜ ਨੂੰ ਪੂਰਾ ਕੀਤਾ ਹੈ।"[11]

ਗੁਰੂ ਸਹਿਬਾਨਾਂ ਵਿਚੋਂ ਸਾਡੀ ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਜਿਨ੍ਹਾਂ ਨੇ ਗੁਰਮਤਿ ਕਾਵਿ ਧਾਰਾ ਵਿਚ ਆਪਣਾ ਵਿਸ਼ੇਸ਼ ਯੋਗਦਾਨ ਪਾਇਆ ਹੈ। ਗੁਰੂ ਅਰਜਨ ਦੇਵ ਜੀ ਚੌਥੇ ਗੁਰੂ ਗੁਰੂ ਰਾਮਦਾਸ ਜੀ ਦੇ ਸਪੁੱਤਰ ਸਨ। ਆਪ ਦਾ ਜਨਮ 15 ਅਪ੍ਰੈਲ 1563 ਈ. ਨੂੰ ਮਾਤਾ ਭਾਨੀ ਜੀ ਦੀ ਕੁੱਖੋਂ ਗੋਇੰਦਵਾਲ ਸਾਹਿਬ ਵਿਖੇ ਹੋਇਆ। "ਆਪ ਨੇ ਮੁੱਢਲੀ ਵਿਦਿੱਆ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਹੀ ਇਕ ਕੇਸੋ ਗੁਪਾਲ ਪੰਡਤ ਰਹਿੰਦਾ ਸੀ। ਉਸ ਕੋਲੋਂ ਗੁਰੂ ਜੀ ਨੇ ਮੁੱਢਲੀ ਵਿਦਿੱਆ ਪ੍ਰਾਪਤ ਕੀਤੀ। ਆਪ ਜੀ ਦੀ ਬਾਣੀ ਤੋਂ ਵੀ ਸਪਸ਼ਟ ਹੈ ਕਿ ਆਪ ਕੇਂਦਰੀ ਪੰਜਾਬੀ ਤੇ ਕਈ ਹੋਰ ਦੁਆਬੀ, ਮੁਲਤਾਨੀ ਆਦਿ ਉਪ ਬੋਲੀਆਂ ਨੂੰ ਛੱਡ ਕੇ ਸੰਸਕ੍ਰਿਤੀ, ਫ਼ਾਰਸੀ ਤੇ ਹੋਰ ਭਾਰਤੀ ਬੋਲੀਆਂ ਆਦਿ ਤੋਂ ਵੀ ਚੰਗੀ ਤਰ੍ਹਾਂ ਜਾਣੂ ਸਨ।"[12]ਪਹਿਲੇ ਗਿਆਰ੍ਹਾਂ ਵਰ੍ਹੇ ਆਪ ਜੀ ਨੇ ਗੋਇੰਦਵਾਲ ਸਾਹਿਬ ਵਿਖੇ ਆਪਣੇ ਨਾਨਾ ਸ੍ਰੀ ਗੁਰੂ ਅਮਰਦਾਸ ਜੀ ਪਾਸ ਗੁਜ਼ਾਰੇ। ਇਥੇ ਹੀ ਆਪ ਨੂੰ ਗੁਰੂ ਅਮਰਦਾਸ ਜੀ ਪਾਸੋਂ 'ਦੋਹਿਤਾ ਬਾਣੀ ਕਾ ਬੋਹਿਥਾ' ਦਾ ਵਰ ਪ੍ਰਾਪਤ ਹੋਇਆ ਸੀ।

ਗਿਆਰ੍ਹਾਂ ਵਰ੍ਹੇ ਦੇ ਪਿਛੋਂ ਆਪ ਆਪਣੇ ਪਿਤਾ, ਚੌਥੇ ਸਤਿਗੁਰੂ ਪਾਸ ਚੱਕ ਰਾਮਦਾਸਪੁਰ ਵਿਖੇ ਪਹੁੰਚ ਗਏ ਅਤੇ ਗੁਰੂ ਘਰ ਦੀ ਸੇਵਾ ਨੂੰ ਸਮਰਪਿਤ ਹੋ ਗਏ। ਗੁਰੂ ਅਰਜਨ ਜੀ ਨੇ ਆਪ ਨੂੰ ਹਰ ਤਰ੍ਹਾਂ ਨਾਲ ਯੋਗ ਜਾਣ ਕੇ 1581 ਵਿਚ ਗੁਰੂਪਦਸੌਂਪ ਦਿੱਤਾ। ਆਪ ਨੇ ਅਕਤੂਬਰ 1588 ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ-ਪੱਥਰ ਸਾਈਂ ਮੀਆਂ ਮੀਰ ਚਿਸ਼ਤੀ ਪਾਸੋਂ ਰਖਵਾਇਆ। ਆਪ ਜੀ ਨੇ ਹਰ ਇਕ ਨੂੰ ਬਰਾਬਰ ਦਾ ਦਰਜ਼ਾ ਦਿੱਤਾ। ਇਸੇ ਕਰਕੇ ਆਪ ਨੇ ਹਰਮਿੰਦਰ ਸਾਹਿਬ ਦੇ ਚਾਰੇ ਦਿਸ਼ਾਵਾਂ ਵਿਚ ਦਰਵਾਜ਼ੇ ਰੱਖੇ।ਇਸ ਤੋਂ ਬਾਅਦ ਦੂਜਾ ਮਹਾਨ ਕਾਰਜ ਸੰਤੋਖਸਰ ਦਾ ਸਰੋਵਰ ਦਾ ਵੀ ਕੰਮ ਸਿਰੇ ਚੜ੍ਹਿਆ। ਤਰਨ ਤਾਰਨ ਸਾਹਿਬ ਵਿਖੇ ਪਵਿੱਤਰ ਸਰੋਵਰ ਦਾ ਨਿਰਮਾਣ ਕਰਵਾਇਆ ਅਤੇ ਕਰਤਾਰਪੁਰ ਆਦਿ ਕੁੱਝ ਨਵੇਂ ਸ਼ਹਿਰ ਵਸਾਏ। ਆਪ ਜੀ ਨੇ ਬਿਨ੍ਹਾਂ ਕਿਸੇ ਨਸਲੀ, ਮਜ਼ਬੀ ਅਤੇ ਉੱਚ ਨੀਚ ਦੇ ਭਿੰਨ ਭੇਦ ਤੋਂ ਉੱਪਰ ਉੱਠ ਕੇ ਇਕ ਸਾਂਝਾ ਮਹਾਨ ਗ੍ਰੰਥ ਪ੍ਰਦਾਨ ਕੀਤਾ।

ਆਪ ਨੇ 1604 ਈ. ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕੀਤੀ। ਇਸ ਮਹਾਨ ਗ੍ਰੰਥ ਵਿਚ ਆਪਣੇ ਸਮੇਤ ਪੰਜ ਗੁਰੂ ਸਾਹਿਬਾਨ, ਪੰਦਰਾਂ ਭਗਤਾਂ, ਚਾਰ ਗੁਰਸਿਖਾਂ ਅਤੇ ਗਿਆਰਾਂ ਭੱਟ ਕਵੀਆਂ ਦੀ ਬਾਣੀ ਸ਼ਾਮਲ ਕੀਤੀ ਗਈ। ਗੁਰੂ ਅਰਜਨ ਦੇਵ ਜੀ ਨੇ ਅਮੀਰ ਖੁਸਰੋ ਨੂੰ ਆਪਣੇ ਕੋਲ ਪਨਾਹ ਦਿੱਤੀ। ਜਿਸ ਕਾਰਨ ਜਹਾਂਗੀਰ ਗੁਰੂ ਜੀ ਦੇ ਸਖ਼ਤ ਵਿਰੋਧ ਵਿਚ ਸੀ। "ਆਪ ਜੀ ਦੀ ਗੁਰਗੱਦੀ ਦੇ ਕੁਲ 24 ਸਾਲ ਤੇ 9 ਮਹੀਨੇ ਬੈਠੇ ਅਤੇ 30 ਮਈ 1606 (2 ਹਾੜ, ਜੇਠ ਸਦੀ 4 ਸੰਮਤ 1663) ਨੂੰ ਲਾਹੌਰ ਰਾਵੀ ਦੇ ਕਿਨਾਰੇ ਜਿਥੇ ਗੁਰਦੁਆਰਾ ਡੇਹਰਾ ਸਾਹਿਬ ਜਹਾਂਗੀਰ ਬਾਦਸ਼ਾਹ ਦੇ ਹੁਕਮ ਨਾਲ ਤਸੀਹੇ ਦੇ ਕੇ ਸ਼ਹੀਦ ਕੀਤੇ ਗਏ। ਇਸੇ ਸਮੇਂ ਆਪ ਜੀ ਦੀ ਉਮਰ 43 ਸਾਲ 1 ਮਹੀਨਾ 15 ਦਿਨ ਸੀ।"[13]ਉਸ ਨੇ ਗੁਰੂ ਅਰਜਨ ਦੇਵ ਜੀ ਵਰਗੇ ਲੋਕ ਸੇਵਕ, ਧਰਮ ਗੁਰੂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਪਰ ਗੁਰੂ ਜੀ ਦੀ ਆਤਮਾ ਡੋਲ੍ਹੀ ਨਹੀਂ ਸਗੋਂ ਪਰਮਾਤਮਾ ਦਾ ਭਾਣਾ ਮੰਨਿਆ।

ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਅਰਜਨ ਦੇਵ ਜੀ ਦੀਆਂ ਬਾਣੀਆਂ ਨੇ ਵਿਸ਼ੇਸ਼ ਯੋਗਦਾਨ ਪਾਇਆ ਹੈ। ਆਪ ਜੀ ਦੀ ਬਾਣੀ 30 ਰਾਗਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੌਜੂਦ ਹੈ। ਮੂਲ ਰੂਪ ਵਿੱਚ ਅਸ਼ਟਪਦੀਆਂ, ਸ਼ਲੋਕਾਂ, ਪਦਿਆਂ ਅਤੇ ਛੰਦਾਂ ਦੇ ਰੂਪ ਵਿੱਚ ਬਾਣੀ ਦਰਜ ਹੈ। ਗੁਰੂ ਦੀਆਂ ਸਭ ਤੋਂ ਵੱਡੇ ਅਕਾਰ ਦੀਆਂ ਬਾਣੀਆਂ ਬਾਰਾਮਾਹ, ਥਿਤੀ, ਸੁਖਮਨੀ ਸਾਹਿਬ, ਬਾਵਨ ਅੱਖਰੀ, ਦਿਨ ਰੈਣ ਆਦਿ ਹਨ। ਗੁਰੂ ਜੀ ਦੀਆਂ ਛੇ ਵਾਰਾਂ ਵੀ ਮਿਲਦੀਆਂ ਹਨ। ਇਸ ਤੋਂ ਇਲਾਵਾ ਸੋਹਿਲੇ, ਗੁਣਵੰਤੀ ਗਾਥਾ, ਫੁਨਹੇ, ਬਿਰਹੜੇ ਆਦਿ ਹਨ। ਗੁਰੂ ਅਰਜਨ ਦੇਵ ਜੀ ਦੀਆਂ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ:-

ਪਹਰੇ:-

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪਹਰੇ ਬਾਣੀ ਸ਼੍ਰੀ ਰਾਗ ਵਿੱਚ ਮਿਲਦੀ ਹੈ। ਗੁਰੂ ਅਰਜਨ ਦੇਵ ਜੀ ਨੇ ਪਹਰੇ ਬਾਣੀ ਦੇ ਪੰਜ ਬੰਦ ਦੱਸੇ ਹਨ, ਭਾਵ ਕਿ ਮਨੁੱਖ ਦੇ ਜੀਵਨ ਨੂੰ ਪੰਜ ਪਹਿਰਾਂ ਵਿੱਚ ਵੰਡਿਆ ਹੈ ਅਤੇ ਬਾਣੀ ਦੁਆਰਾ ਸਮਝਾਉਣ ਦਾ ਯਤਨ ਕੀਤਾ ਹੈ।ਉਹ ਸੰਸਾਰ ਅੰਦਰ ਆ ਕੇ ਪਰਮਾਤਮਾ ਤੋਂ ਟੁੱਟ ਜਾਂਦਾ ਹੈ ਅਤੇ ਆਪਣੇ ਜੀਵਨ ਨੂੰ ਵਿਅਰਥ ਕਰਕੇ ਸੰਸਾਰ ਤੋਂ ਚਲਾ ਜਾਂਦਾ ਹੈ।ਇਸ ਬਾਣੀ ਵਿੱਚ ਮਨੁੱਖ ਨੂੰ ਵਣਜਾਰੇ ਦਾ ਨਾਮ ਦਿੱਤਾ ਹੈ ਅਰਥਾਤ ਕਿ ਉਹ ਇਸ ਦੁਨੀਆ ਅੰਦਰ ਪਰਮਾਤਮਾ ਦੇ ਨਾਮ ਦਾ ਵਣਜ ਕਰਣ ਆਇਆ ਹੈ। ਉਹ ਵਣਜ ਜੋ ਕਦੇ ਵੀ ਨਾਮ ਨਹੀਂ ਹੁੰਦੇ ਹਮੇਸ਼ਾ ਮਨੁੱਖ ਦੇ ਨਾਲ ਹੀ ਰਹਿੰਦਾ ਹੈ। ਪਰ ਮਨੁੱਖ ਦੁਨੀਆਂ ਅੰਦਰ ਆ ਕੇ ਸੰਸਾਰਿਕ ਵਸਤੂਆਂ ਵਿੱਚ ਪੈ ਕੇ ਉਹ ਆਪਣੇ ਜੀਵਨ ਨੂੰ ਵਿਅਰਥ ਨਾ ਕਰੇ। ਆਪਣੇ ਜੀਵਨ ਦੇ ਰਹਿੰਦੇ-ਰਹਿੰਦੇ ਪਰਮਾਤਮਾ ਦਾ ਨਾਮ ਸਿਮਰਨ ਕਰੇ ਅਤੇ ਸੱਚੇ ਨਾਮ ਦਾ ਵਣਜ ਕਰੇ। ਜਿਸ ਨਾਲ ਉਸ ਦਾ ਲੋਕ ਅਤੇ ਪ੍ਰਲੋਕ ਦੋਨੋ ਹੀ ਸੁਖਾਲੇ ਹੋਣ।

ਬਾਰਾਮਾਹ:-

ਇਸ ਬਾਣੀ ਦਾ ਅਰਥ ਹੈ ਬਾਰਾਂ ਮਹੀਨਿਆਂ ਦਾ ਵਰਣਨ। ਗੁਰੂ ਨਾਨਕ ਦੇਵ ਜੀ ਨੇ ਵੀ ਇਸ ਬਾਣੀ ਦੀ ਰਚਨਾ ਕੀਤੀ। ਗੁਰੂ ਅਰਜਨ ਦੇਵ ਜੀ ਨੇ ਇਸ ਬਾਣੀ ਵਿੱਚ 14 ਬੰਦ ਪੇਸ਼ ਕੀਤੇ ਹਨ।ਹਰੇਕ ਬੰਦ ਦਾ ਵਰਣਨ ਹਰੇਕ ਮਹੀਨੇ ਦੇ ਨਾਲ ਕੀਤਾ ਗਿਆ ਹੈ।ਇਸ ਦੇ ਪਹਿਲੇ ਬੰਦ ਵਿੱਚ ਆਤਮਾ ਰੂਪੀ ਇਸਤਰੀ ਦਾ ਪਰਮਾਤਮਾ ਤੋਂ ਦੂਰ ਹੋ

ਜਾਣ ਕਾਰਨ ਉਸ ਦੇ ਵਿਛੋੜੇ ਵਿੱਚ ਤੜਫਦੀ ਹੈ ਅਤੇ ਆਪਣੇ ਮਾੜੇ ਕਰਮਾਂ ਨੂੰ ਕੋਸਦੀ ਹੈ। ਜਿਨ੍ਹਾਂ ਕਾਰਨ ਉਹ ਪਰਮਾਤਮਾ ਤੋਂ ਦੂਰ ਹੋਈ ਹੁੰਦੀ ਹੈ। "ਪਹਿਲੇ ਬੰਦ ਤੋਂ ਬਾਅਦ 12 ਬੰਦ ਚੇਤ ਦੇ ਮਹੀਨੇ ਤੋਂ ਲੈ ਕੇ ਫੱਗਣ ਦੇ ਮਹੀਨਿਆਂ ਦੇ ਨਾਵਾਂ ਅਨੁਸਾਰ ਸਤਿਗੁਰੂ ਜੀ ਦਾ ਅਧਿਆਤਮਕ ਉਪਦੇਸ਼ ਦਰਸਾਉਂਦੇ ਹਨ ਕਿ ਪ੍ਰਭੂ ਕੰਤ ਦਾ ਮੇਲ ਦੁਹਾਗਣ ਇਸਤਰੀ ਨੂੰ ਕਿਵੇਂ ਹੋਵੇ ਤਾਂ ਜੋ ਉਹ ਸੁਹਾਗਣ ਹੋ ਜਾਏ।"[14]ਇਸੇ ਤਰ੍ਹਾਂ 14 ਬੰਦ ਵਿੱਚ ਪਰਮਾਤਮਾ ਦੀ ਮੇਹਰ ਦੁਆਰਾ ਹੀ ਅਸੀਂ ਪਰਮਾਤਮਾ ਦਾ ਨਾਮ ਸਿਮਰਨ ਕਰਕੇ ਉਸ ਨੂੰ ਆਪਣੇ ਜੀਵਨ ਅੰਦਰ ਪਾਇਆ ਹੈ। ਅਰਥਾਤ ਪਰਮਾਤਮਾ ਦੀ ਮੇਹਰ ਨੂੰ ਕਦੇ ਵੀ ਭੁੱਲਣਾ ਨਹੀਂ ਚਾਹੀਦਾ ਹੈ।

ਬਾਵਨ ਅੱਖਰੀ:-

ਵਰਣਮਾਲਾ ਦੇ ਅੱਖਰਾਂ ਤੋਂ ਹੀ ਇਸ ਬਾਣੀ ਦਾ ਨਾਮਕਰਨ ਹੋਇਆ ਹੈ। ਅਰਥਾਤ ਬਾਵਨ ਅੱਖਰੀ ਸੰਸਕ੍ਰਿਤ ਦੇ 52 ਅੱਖਰਾਂ ਉੱਤੇ ਅਧਾਰਿਤ ਹੈ ਇਸ ਕਰਕੇ ਇਸ ਦਾ ਨਾਮ ਬਾਵਨ ਅੱਖਰੀ ਰੱਖਿਆ ਗਿਆ ਹੈ। ਪਰ ਇਸ ਦੇ ਬੋਲ ਸੰਸਕ੍ਰਿਤ ਅੱਖਰਾਂ ਵਾਲੇ ਨਹੀਂ ਹਨ। ਇਸ ਦਾ ਉਚਾਰ ਢੰਗ ਪੰਜਾਬੀ ਵਾਲਾ ਹੈ।ਇਸ ਬਾਣੀ ਦੇ ਮੁੱਢ ਅਤੇ ਅੰਤ ਵਿੱਚ ਇੱਕ-ਇੱਕ ਸਲੋਕ ਹੈ। "ਗੁਰੂ ਅਰਜਨ ਦੇਵ ਜੀ ਦੀ ਬਾਵਨ ਅੱਖਰੀ ਬਾਣੀ ਵਿੱਚ ਸਲੋਕ ਅਤੇ ਪਾਉੜੀਆਂ ਹਨ। ਕਹਿੰਦੇ ਹਨ ਕਿ ਮਾਤਾ ਗੰਗਾ ਜੀ ਨੇ ਇੱਕ ਦਿਨ ਗੁਰੂ ਅਰਜਨ ਦੇਵ ਜੀ ਨੂੰ ਕਿਹਾ ਕਿ ਕੋਈ ਆਤਮਾ ਦੇ ਪਹਿਰਣ ਲਈ ਭੂਕਣ ਮੈਨੂੰ ਬਖਸ਼ੋ ਤਦ ਸਤਿਗੁਰੂ ਜੀ ਨੇ ਇਹ ਬਾਣੀ ਉਚਾਰੀ ਤੇ ਸਾਰੀਆਂ ਸੰਗਤਾਂ ਵਿੱਚ ਇਸ ਦਾ ਪ੍ਰਚਾਰ ਹੋਇਆ।"[15]ਇਹ ਬਾਣੀ ਲੰਮੀ ਹੋਣ ਕਰਕੇ ਸਾਰੇ ਸਿਧਾਂਤਾਂ ਤੋਂ ਜਾਣੂ ਕਰਾਉਂਦੀ ਹੈ। ਇਸ ਬਾਣੀ ਵਿੱਚ ਪਰਮਾਤਮਾ ਦੇ ਸਰੂਪ ਬਾਰੇ ਦੱਸਿਆ ਗਿਆ ਹੈ ਕਿ ਪਰਮਾਤਮਾ ਸਰਵ ਵਿਆਪਕ ਹੈ ਅਰਥਾਤ ਆਪ ਹੀ ਸਾਰੇ ਜੀਵਾਂ ਵਿੱਚ ਪ੍ਰਵੇਸ਼ ਕਰਦਾ ਹੈ। ਉਸ ਦੇ ਹੁਕਮ ਨਾਲ ਹੀ ਸਾਰਾ ਕੁੱਝ ਹੁੰਦਾ ਹੈ। ਉਸ ਦੇ ਹੁਕਮ ਤੋਂ ਬਿਨਾਂ ਕੁੱਝ ਵੀ ਸੰਭਵ ਨਹੀਂ ਹੈ। ਪਰਮਾਤਮਾ ਹੀ ਸਾਰੇ ਜੀਵਾਂ ਦੇ ਲੇਖ ਲਿਖਦਾ ਹੈ ਅਤੇ ਉਹ ਉਸ ਦੁਆਰਾ ਹੀ ਜੀਵਨ ਵਿੱਚ ਵਿਚਰਦੇ ਹਨ।

ਦੁਨੀਆਂ ਦੇ ਇਸ ਸਾਰੇ ਤਾਣੇ-ਬਾਣੇ ਅੰਦਰ ਉਸ ਦਾ ਜੀ ਨਿਵਾਸ ਹੈ।ਉਹ ਇਸ ਸ੍ਰਿਸ਼ਟੀ ਦੇ ਕਣ ਕਣ ਵਿੱਚ ਮੌਜੂਦ ਹੈ ਪਰਮਾਤਮਾ ਹੀ ਮਨੁੱਖ ਨੂੰ ਇਸ ਦੁਨੀਆਂ ਵਿੱਚ ਜਨਮ ਦਿੰਦਾ ਹੈ, ਤਾਂ ਜੋ ਉਹ ਪਰਮਾਤਮਾ ਦਾ ਨਾਮ ਸਿਮਰਨ ਕਰੇ। ਗੁਰੂ ਦੀ ਸੇਵਾ ਕਰਕੇ ਆਪਣੇ ਜੀਵਨ ਨੂੰ ਸਫ਼ਲ ਕਰੇ। ਪਰ ਮਨੁੱਖ ਇਸ ਸੰਸਾਰ ਵਿੱਚ ਆ ਕੇ ਪਰਮਾਤਮਾ ਨਾਲ ਕੀਤੇ ਹੋਏ ਵਾਅਦੇ ਨੂੰ ਭੁੱਲ ਜਾਂਦਾ ਹੈ ਅਤੇ ਮਾਇਆ ਵਿੱਚ ਫਸ ਕੇ ਆਪਣੇ ਪੂਰੇ ਜੀਵਨ ਨੂੰ ਨਸ਼ਟ ਕਰ ਲੈਂਦਾ ਹੈ। ਇਸ ਬਾਣੀ ਦੀ ਅੰਤਲੀ ਪਉੜੀ ਵਿੱਚ ਪ੍ਰਭੂ ਅੱਗੇ ਬੇਨਤੀ ਕੀਤੀ ਗਈ ਹੈ ਕਿ ਅਸੀਂ ਤੇਰੇ ਨਾਮ ਦੀ ਪ੍ਰਾਪਤੀ ਕਰਨੀ ਹੈ। ਸਾਡੇ ਉੱਪਰ ਮੇਹਰ ਕਰੀ ਅਸੀਂ ਵੀ ਆਪਣੇ ਜੀਵਨ ਨੂੰ ਚੰਗੇ ਕੰਮਾਂ ਵਿੱਚ ਲਗਾ ਕੇ ਸਾਰਥਕ ਬਣਾਈਏ। ਪਰ ਇਹ ਤਾਂ ਹੀ ਹੋ ਸਕਦਾ ਹੈ ਜੇ ਸਾਡੇ ਜੀਵਨ ਅੰਦਰ ਪਰਮਾਤਮਾ ਦਾ ਨਿਵਾਸ ਹੋਵੇ।

ਦਿਨ ਰੈਣ:-

ਇਹ ਰਚਨਾ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਅਤੇ ਪਵਿੱਤਰ ਰਚਨਾ ਹੈ। ਜਿਸ ਵਿੱਚ ਦਿਨ ਰਾਤ ਵਿੱਚ ਹੋਣ ਵਾਲੇ ਕੰਮ ਧੰਦਿਆਂ ਬਾਰੇ ਦੱਸਿਆ ਗਿਆ ਹੈ ਭਾਵ ਦਿਨ ਅਤੇ ਰਾਤ 24 ਘੰਟਿਆਂ ਅੰਦਰ ਪਰਮਾਤਮਾ

ਦਾ ਨਾਮ ਸਿਮਰਨ ਕਰਨਾ ਹੀ ਲੇਖੇ ਵਿੱਚ ਲੱਗਦਾ ਹੈ। ਇਸ ਕਰਕੇ ਇਸ ਰਚਨਾ ਦਾ ਨਾਮ ਦਿਨਰੈਣ ਰੱਖਿਆ ਗਿਆ ਹੈ। ਇਸ ਦਾ ਇੱਕ ਹੀ ਸ਼ਬਦ ਹੈ। ਅੱਗੇ ਜਾ ਕੇ ਇਸ ਸ਼ਬਦ ਦੇ ਚਾਰ ਬੰਦ ਮਿਲਦੇ ਹਨ ਅਤੇ ਹਰ ਬੰਦ ਦਾ ਆਪਣਾ ਮਹੱਤਵ ਹੈ। ਇਸ ਬਾਣੀ ਦਾ ਮੂਲ ਵਿਸ਼ਾ ਹੈ ਕਿ ਦਿਨ ਰਾਤ ਹਮੇਸ਼ਾਂ ਆਪਣੇ ਸਤਿਗੁਰੂ ਦਾ ਨਾਮ ਸਿਮਰਨ ਕਰਨਾ ਚਾਹੀਦਾ ਹੈ, ਅਤੇ ਉਸ ਨੂੰ ਹਮੇਸ਼ਾਂ ਆਪਣੇ ਅੰਗ ਸੰਗ ਹੀ ਸਮਝਣਾ ਚਾਹੀਦਾ ਹੈ, ਤਾਂ ਹੀ ਅਸੀਂ ਆਪਣੇ ਜੀਵਨ ਦੇ ਉਦੇਸ਼ ਨੂੰ ਪ੍ਰਾਪਤ ਕਰ ਸਕਦੇ ਹਾਂ। ਹਮੇਸ਼ਾ ਪ੍ਰਮਾਤਮਾ ਦੇ ਚਰਨਾ ਵਿੱਚ ਅਰਦਾਸ ਕਰਨੀ ਚਾਹੀਦੀ ਹੈ ਕਿ ਮੈਨੂੰ ਕਦੇ ਵੀ ਆਪਣੇ ਚਰਨ ਕਮਲਾਂ ਤੋਂ ਦੂਰ ਨਾ ਕਰੀਂ। ਇਹ ਸਾਰਾ ਸੰਸਾਰ ਨਾਸ਼ਵਾਨ ਹੈ ਸਿਰਫ ਤੇਰਾ ਹੀ ਰਿਸ਼ਤਾ ਸੱਚਾ ਹੈ ਅਤੇ ਪਵਿੱਤਰ ਹੈ।ਤੂੰ ਹੀ ਸਾਰੇ ਦੁੱਖਾਂ ਦਾ ਹਲ ਕਰ ਸਕਦਾ ਹੈ ਅਤੇ ਮੇਰੀਆਂ ਗਲਤੀਆਂ ਬਖਸ਼ ਸਕਦਾ ਹੈ।

ਇਸ ਬਾਣੀ ਅੰਦਰ ਇੱਕ ਆਤਮਾ ਦੀ ਪੁਕਾਰ ਹੈ ਕਿ ਹੇ ਪ੍ਰਭੂ ਮੈਂ ਜਿਸ ਤਰ੍ਹਾਂ ਦਾ ਵੀ ਹਾਂ ਤੇਰਾ ਹਾਂ ਤੇਰੇ ਬਿਨ੍ਹਾਂ ਮੇਰਾ ਕੋਈ ਵੀ ਨਹੀਂ ਹੈ। ਮੈਨੂੰ ਕਦੇ ਵੀ ਆਪਣੇ ਚਰਨਾਂ ਤੋਂ ਦੂਰ ਨਾ ਕਰੀਂ। ਇੱਕ ਆਤਮਾ ਦੇ ਭਾਵ ਪੇਸ਼ ਕੀਤੇ ਗਏ ਹਨ। ਮਨੁੱਖ ਨੂੰ ਪਰਮਾਤਮਾ ਦੇ ਸੱਚੇ ਅਤੇ ਪਵਿੱਤਰ ਰਿਸ਼ਤੇ ਬਾਰੇ ਜਾਣੂ ਕਰਵਾਇਆ ਗਿਆ ਹੈ। ਕਿ ਭਾਵੇਂ ਦਿਨ ਹੁਵੇ ਜਾਂ ਰਾਤ ਪਰਮਾਤਮਾ ਦਾ ਨਾਮ ਸਿਮਰਨ ਕਰਨਾ ਚਾਹੀਦਾ ਹੈ ਤਾਂ ਹੀ ਅਸੀਂ ਪਰਮਾਤਮਾ ਤੱਕ ਪਹੁੰਚ ਸਕਦੇ ਹਾਂ।

ਸੁਖਮਨੀ ਬਾਣੀ:-

ਗੁਰੂ ਅਰਜਨ ਦੇਵ ਜੀ ਨੇ ਹੋਰ ਸਾਰੇ ਬਾਣੀਕਾਰਾਂ ਨਾਲੋ ਵੱਧ ਬਾਣੀ ਰਚੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਆਪ ਦੁਆਰਾ ਰਚੇ ਗਏ 2218 ਸ਼ਬਦ ਸੰਕਲਿਤ ਹਨ। ਗੁਰੂ ਅਰਜਨ ਦੇਵ ਜੀ ਦੀ ਸਭ ਤੋਂ ਸ਼ਾਹਕਾਰ ਰਚਨਾ 'ਸੁਖਮਨੀ' ਬਾਣੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗਉੜੀ ਰਾਗ ਵਿਚ ਦਰਜ ਹੈ।ਇਸ ਬਾਣੀ ਵਿਚ 24 ਸ਼ਲੋਕ ਅਤੇ 24 ਅਸ਼ਟਪਦੀਆਂ ਹਨ। ਹਰ ਅਸ਼ਟਪਦੀ ਵਿਚ 8 ਪਦੇ ਹਨ ਤੇ ਹਰ ਪਦੇ ਵਿਚ 10 ਤੁਕਾਂ ਹਨ। ਅਸ਼ਟਪਦੀ ਦੇ ਆਰੰਭ ਵਿਚ ਇਕ ਸ਼ਲੋਕ ਆਉਂਦਾ ਹੈ। ਸ਼ਲੋਕ ਵਿਚਸਮੁੱਚੇ ਤੌਰ ਤੇ ਅਸ਼ਟਪਦੀ ਦਾ ਭਾਵ ਆ ਜਾਂਦਾ ਹੈ। ਪਹਿਲੀ ਅਸ਼ਟਪਦੀ ਦੀ ਰਹਾਉ ਦੀ ਤੁਕ ਵਿਚ ਇਸ ਬਾਣੀ ਦਾ ਕੇਂਦਰੀ ਖਿਆਲ ਦਰਜ ਹੈ।

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮ॥
ਭਗਤ ਜਨਾ ਕੈ ਮਨਿ ਬਿਸਰਾਮ॥

ਅਰਥਾਤ ਪ੍ਰਭੂ ਦਾ ਨਾਮ ਸਭ ਸੁੱਖਾਂ ਦਾ ਮੂਲ ਹੈ ਅਤੇ ਇਹ ਭਗਤਾਂ ਦੇ ਹਿਰਦੇ ਵਿਚ ਹੁੰਦਾ ਹੈ। ਜਿਥੇ ਪਹਿਲੀ ਅਸ਼ਟਪਦੀ ਵਿਚ ਨਾਮ ਸਿਮਰਨ ਦੀ ਮਹਿਮਾ ਦੱਸੀ ਹੈ, ਉਥੇ ਹੀ ਅੰਤਲੀ ਅਸ਼ਟਪਦੀ ਵਿਚ ਸੁਖਮਨੀ ਦੇ ਪਾਠ ਦੇ ਫਲ ਤੋਂ ਜਾਣੂ ਕਰਵਾਇਆ ਹੈ ਤੇ ਇਸ ਨੂੰ ਸੁਖ ਸ਼ਾਂਤੀ ਦੀ ਦਾਤੀ ਦਸਿਆ ਹੈ। ਕਈ ਅਸ਼ਟਪਦੀਆਂ ਤਾਂ ਪੂਰੀਆਂ ਦੀਆਂ ਪੂਰੀਆਂ ਹੀ ਇਕੋ ਸਿਰਲੇਖ ਦੀ ਹੀ ਵਿਆਖਿਆ ਕਰ ਦੀਆਂ ਹਨ ਜਿਵੇਂ ਕਿ ਸਤਵੀਂ 'ਸਾਧ' ਅਠਵੀਂ 'ਬ੍ਰਹਮ ਗਿਆਨੀ' 'ਸੰਤ ਦੀ ਨਿੰਦਾ' ਤੇ ਨੌਵੀਂ 'ਸੰਤ' ਆਦਿ ਦੀ ਵਿਆਖਿਆ ਕਰਦੀਆ ਹਨ। ਭਾਵ ਕਿ ਸੁਖਮਨੀ ਬਾਣੀ ਵਿਚ ਸਾਧ ਬਾਰੇ ਦੱਸਿਆ ਗਿਆ ਅਤੇ ਗੁਰੂ ਦੀ ਮਹੱਤਤਾ ਨੂੰ ਦਰਸਾਇਆ ਗਿਆ ਹੈ ਕਿ ਸਾਡੇ

ਜੀਵਨ ਅੰਦਰ ਗੁਰੂ ਦੀ ਕੀ ਮਹੱਤਤਾਹੈ। ਅਸ਼ਟਪਦੀ 1, 2 ਅਤੇ 3 ਵਿਚ ਨਾਮ ਦੀ ਮਹਿਮਾ ਦਸੀ ਗਈ ਹੈ। ਹਰਿ ਸਿਮਰਨ ਵਿਚ ਪ੍ਰਭੂ ਆਪ ਨਿਰੰਕਾਰ ਹੁੰਦਾ ਹੈ, ਇਸ ਨਾਲ ਹੀ ਸਭ ਲੋੜਾਂ ਦੀ ਪੂਰਤੀ ਹੁੰਦੀ ਹੈ, ਵਿਘਨਾਂ ਦਾ ਨਾਸ਼ ਹੁੰਦਾ ਹੈ, ਮੌਤ ਉਪਰੰਤ ਕਸ਼ਟ ਨਹੀਂ ਝਲਣੇ ਪੈਂਦੇ, ਯਮ-ਮਾਰਗ ਸੁਖਲਾ ਹੋ ਜਾਂਦਾ ਹੈ। ਪਰ ਇਹ ਸਾਰਾ ਕੁੱਝ ਨਾਮ ਸਿਮਰਨ ਦੁਆਰਾ ਹੀ ਸੰਭਵ ਹੈ। ਨਾਮ ਸਿਮਰਨ ਅਸੀਂ ਤਾਂ ਹੀ ਕਰ ਸਕਦੇ ਹਾਂ ਜੇ ਅਸੀਂ ਸਤਿਗੁਰੂ ਦੁਆਰਾ ਬ੍ਰਹਮ ਗਿਆਨ ਦੀ ਪ੍ਰਾਪਤੀ ਕਰਦੇ ਹਾਂ। ਸੁਖਮਨੀ ਬਾਣੀ ਸਾਨੂੰ ਇਹਹੀ ਸਮਝ ਰਹੀ ਹੈ। ਨਾਮ ਸਭ ਜਪਾਂ, ਤਪਾਂ, ਗਿਆਨਾਂ, ਧਿਆਨਾਂ ਆਦਿ ਨਾਲੋਂ ਸ੍ਰੇਸ਼ਟ ਹੈ, ਮਨ ਦੀ ਮੈਲ ਨੂੰ ਕੇਵਲ ਪ੍ਰਭੂਦਾ ਨਾਮ ਹੀ ਦੂਰ ਕਰਨ ਦੇ ਸਮਰਥ ਹੈ। ਅਸ਼ਟਪਦੀ 7, 8 ਅਤੇ 9 ਵਿਚ ਨਾਮ ਜਪ ਕੇ ਬਣੇ ਸਾਧ, ਬ੍ਰਹਮ ਗਿਆਨੀ ਤੇਹੋਰ ਗੁਰਮੁਖ ਜਨਾਂ ਦਾ ਜ਼ਿਕਰ ਹੈ ਕਿ ਇਹ ਸਾਰੇ ਪ੍ਰਭੂ ਰੂਪ ਹੀ ਹੁੰਦੇ ਹਨ। ਅਸ਼ਟਪਦੀ 10 ਤੇ 11 ਵਿਚ ਦਸਿਆ ਹੈ ਕਿਉਸ ਪ੍ਰਭੂ ਨੇ ਇਸ ਸਾਰੀ ਸ਼੍ਰਿਸ਼ਟੀ ਦੀ ਆਪ ਹੀ ਰਚਨਾ ਕੀਤੀ ਹੈ ਅਤੇ ਪ੍ਰਭੂ ਕੁਦਰਤ ਦੇ ਕਣ ਕਣ ਵਿਚ ਮੌਜੂਦ ਹੈ। ਅਸ਼ਟਪਦੀ 12, 13, 14, ਅਤੇ 15 ਵਿਚ ਨਾਮ ਦੇ ਰਸਤੇ ਵਿਚ ਆਉਣ ਵਾਲੀਆਂ ਰੁਕਾਵਟਾਂ ਦਾ ਵਰਣਨ ਕੀਤਾ ਹੈ। ਹਉਮੈ ਕਈ ਪ੍ਰਕਾਰ ਦੀ ਹੈ ਜੋ ਨਾਮ ਜਪਣ ਦੇ ਰਸਤੇ ਵਿਚ ਰੁਕਾਵਟ ਪੈਦਾ ਕਰਦੀ ਹੈ। ਜੀਵ ਨੂੰ ਪ੍ਰਭੂ ਹੀ ਕੇਵਲ ਕਰਤਾ ਪੁਰਖ ਸਮਝਣਾ ਚਾਹੀਦਾ ਹੈ ਅਤੇ ਕਰਨ ਵਾਲਾ ਆਪ ਨਹੀਂ ਬਣਨਾ ਚਾਹੀਦਾ ਹੈ ਜੋ ਉਸ ਦਾ ਉਪਦੇਸ਼ ਮੰਨ ਲੈਂਦਾ ਹੈ ਤੇ ਉਹ ਉਸ ਦਾ ਹੋ ਜਾਂਦਾ ਹੈ।

ਅਸ਼ਟਪਦੀ 16 ਵਿਚ ਪ੍ਰਭੂ ਦੇ ਰੂਪ, ਰੰਗ ਦੀ ਜਾਣਕਾਰੀ ਕਰਵਾਈ ਹੈ ਕਿ ਪ੍ਰਭੂ ਪ੍ਰਕਾਸ਼ ਰੂਪ ਵਿਚ ਸਾਰਿਆਂ ਅੰਦਰ ਨਿਵਾਸ ਕਰਦਾ ਹੈ। ਉਹ ਸਤਿ ਸਰੂਪ ਪ੍ਰਭੂ ਕਾਇਮ ਰਹਿਣ ਵਾਲਾ ਹੈ ਅਤੇ ਉਸ ਨੂੰ ਬਾਰ ਬਾਰ ਜਪਣਾ ਚਾਹੀਦਾ ਹੈ ਅਤੇ ਪ੍ਰਭੂ ਨੂੰ ਪਛਾਨਣ ਵਾਲੇ (ਸਤਿਗੁਰੂ) ਦੀ ਸ਼ਰਨ ਵਿਚ ਜਾਣਾ ਚਾਹੀਦਾ ਹੈ। ਅਸ਼ਟਪਦੀ 17 ਵਿਚ ਸਤਿਗੁਰੂ ਆਪਣੇ ਸਿਖ ਦੀ ਹਰ ਤਰ੍ਹਾਂ ਰਖਿਆ ਕਰਦਾ ਹੈ ਤੇ ਨਾਮ ਦੇ ਕੇ ਹਿਰਦੇ ਵਿਚ ਪ੍ਰਭੂ ਜੋਤਿ ਜਗਾ ਦਿੰਦਾ ਹੈ। ਅਸ਼ਟਪਦੀ 18 ਪ੍ਰਭੂ ਦਾ ਨਾਮ ਹੀ ਇਕ ਐਸਾ ਧਨ ਹੈ ਜੋ ਸਦਾ ਮਨੁੱਖ ਦੇ ਨਾਲ ਨਿਭਦਾ ਹੈ। ਅਸ਼ਟਪਦੀ 19 ਅਤੇ 20 ਵਿਚ ਪ੍ਰਭੂ ਦਰ ਤੇ ਅਰਜੋਈ ਕੀਤਿਆਂ ਹੀ ਉਸ ਦੀ ਪ੍ਰਾਪਤੀ ਹੁੰਦੀ ਹੈ ਅਤੇ ਨਿਰੰਕਾਰ ਆਪ ਹੀ ਨਿਰਗੁਣ ਤੋਂ ਸਰਗੁਣ ਹੋ ਕੇ ਪਸਰਿਆ ਹੈ ਅਤੇ ਸਭ ਆਪ ਹੀ ਖੇਡ ਖੇਡ ਰਿਹਾ ਹੈ। ਅਸ਼ਟਪਦੀ 21, 22 ਵਿਚ ਇਹ ਸਮਝ ਉਦੋਂ ਪੈਂਦੀ ਹੈ ਜਦੋਂ ਸਤਿਗੁਰੂ ਆਪਣਾ ਗਿਆਨ ਅੰਜਨ ਦਿੰਦਾ ਹੈ ਜਿਸ ਨਾਲ ਆਪਣੇ ਹਿਰਦੇ ਵਿਚ ਹੀ ਪ੍ਰਭੂ ਦੇ ਦਰਸ਼ਨ ਹੁੰਦੇ ਹਨ ਫਿਰ ਵਿਅਕਤੀ ਦੀ ਅਸਲ ਭਗਤੀ ਸ਼ੁਰੂ ਹੁੰਦੀ ਹੈ। ਅੰਤਲੀ ਅਸ਼ਟਪਦੀ ਵਿਚ ਸੁਖਾਂ ਦੀ ਮਨੀ, ਸੁਖਮਨੀ ਵਿਚ ਆਏ ਗੁਰੂ ਬਚਨਾਂ ਦੇ ਹਿਰਦੇ ਵਿਚ ਵਸਣ ਦਾ ਫਲ ਦਰਜ ਹੈ। ਭਾਵ ਕਿ ਸਾਡਾ ਜੀਵਨ ਸਫਲ ਹੋ ਜਾਂਦਾ ਹੈ ਅਸੀਂ 84 ਲੱਖ ਜੂਨਾਂ ਤੋਂ ਮੁਕਤ ਹੋ ਜਾਂਦੇ ਹਨ।

ਸੁਖਮਨੀ ਬਾਣੀ ਵਿਚ ਅਧਿਆਤਮਕ ਗੂੜ੍ਹ ਭਾਵ ਦੀਆਂ ਗੱਲਾਂ ਬੜੀ ਸਰਲਤਾ ਨਾਲ ਕਹੀਆਂ ਗਈਆਂ ਹਨ। ਸੁਖਮਨੀ ਸ਼ਬਦ ਤੋਂ ਹੀ ਸਪਸ਼ਟ ਹੈ ਕਿ ਇਹ ਬਾਣੀ 'ਸੁੱਖਾਂ ਦੀ ਮਣੀ' ਹੈ ਅਤੇ ਸੁਖਮਨੀ ਬਾਣੀ ਵਿਚ ਵੀ ਆਤਮਿਕ ਸੁਖ ਦੀ ਗੱਲ ਕੀਤੀ ਹੈ। ਇਹ ਆਤਮਿਕ ਸੁਖ ਸਾਡੇ ਜੀਵਨ ਵਿਚ ਤਾਂ ਹੀ ਆ ਸਕਦਾ ਹੈ। ਜੇ ਸਾਡੇ

ਜੀਵਨ ਅੰਦਰ ਸਤਿਗੁਰੂ ਦਾ ਨਿਵਾਸ ਹੋਵੇ। ਅਸੀਂ ਸੁਖਮਨੀ ਬਾਣੀ ਦੁਆਰਾ ਹੀ ਪਰਮਾਤਮਾ ਨਾਲ ਜੁੜ ਸਕਦੇ ਹਾਂ। ਆਪਣੇ ਜੀਵਨ ਨੂੰ ਵਿਸ਼ਿਆਂ ਵਿਕਾਰਾਂ ਤੋਂ ਮੁਕਤ ਕਰ ਸਕਦੇ ਹਾਂ।

ਫੁਨਹੇ:

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਫੁਨਹੇ ਨਾਂ ਹੇਠ ਇਕ ਹੀ ਬਾਣੀ-ਖੰਡ ਹੈ ਜੋ ਗੁਰੂ ਅਰਜਨ ਦੇਵ ਜੀ ਦੁਆਰਾ ਉਚਰਿਤ ਹੈ। ਇਸ ਬਾਣੀ-ਖੰਡ ਦੇ 23 ਪਦੇ ਹਨ। ਬਹੁਤਿਆਂ ਪਦਿਆਂ ਦੀ ਅਖ਼ੀਰਲੀ ਸਤਰ ਵਿਚ "ਹਰਿਹਾਂ" ਸ਼ਬਦ ਦਾ ਦੁਹਰਾਉ ਹੈ। ਕੰਤ ਤੇ ਸੁਹਾਗਣ ਦੇ ਰੂਪਕਾਂ ਦੁਆਲੇ ਘੁੰਮਦੀ ਇਹ ਰਚਨਾ ਸ਼ਿੰਗਾਰ ਰਸ ਦਾ ਭਾਵ ਆਪਣੇ ਵਿਚ ਸਮੋਈ ਬੈਠੀ ਹੈ:

ਸਖੀ ਕਾਜਲ ਹਾਰ ਤੰਬੋਲ ਸਭੈ ਕਿਛੁ ਸਾਜਿਆ॥
ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ॥
ਜੇ ਘਰਿ ਆਵੈ ਕੰਤੁ ਤ ਸਭੁ ਕਿਛੁ ਪਾਈਐ॥
ਹਰਿਹਾਂ ਕੰਤੈ ਬਾਝੁ ਸੀਗਾਰ ਸਭੁ ਬਿਰਥਾ ਜਾਈਐ॥
ਜਿਸੁ ਘਰਿ ਵਸਿਆ ਕੰਤੁ ਸਾ ਵਡਭਾਗਣੇ॥
ਤਿਸੁ ਬਣਿਆ ਹਭੁ ਸੀਗਾਰੁ ਸਾਈ ਸੋਹਾਗਣੇ॥
ਹਉ ਸੁਤੀ ਹੋਇ ਅਚਿੰਤ ਮਨਿ ਆਸ ਪੁਰਾਈਆ॥
ਹਰਿਹਾਂ ਜਾ ਘਰਿ ਆਇਆ ਕੰਤੁ ਤ ਸਭੁ ਕਿਛੁ ਪਾਇਆ॥[16]

ਗੁਰੂ ਅਰਜਨ ਦੇਵ ਜੀ ਨੇ ਬਾਣੀ ਰਚਨਾ ਤੋਂ ਇਲਾਵਾ ਵਾਰਾਂ ਦੀ ਰਚਨਾ ਵੀ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ 22 ਵਾਰਾਂ ਦਰਜ ਹਨ।ਉਨ੍ਹਾਂ ਵਿੱਚੋਂ 6 ਵਾਰਾਂ ਆਪ ਜੀ ਦੀਆਂ ਹਨ।

ਗਉੜੀ ਦੀ ਵਾਰ

ਗੂਜਰੀ ਦੀ ਵਾਰ

ਜੈਤਸਰੀ ਦੀ ਵਾਰ

ਰਾਮਕਲੀ ਦੀ ਵਾਰ

ਮਾਰੂ ਵਾਰ

ਬਸੰਤ ਦੀ ਵਾਰ

ਗਾਉੜੀ ਦੀ ਵਾਰ:-ਗਾਉੜੀ ਦੀ ਵਾਰ ਵਿੱਚ ਕੁੱਲ 21 ਪਉੜੀਆਂ ਹਨ ਅਤੇ ਹਰੇਕ ਪਉੜੀ ਦੇ ਨਾਲ ਦੋ ਸਲੋਕ ਹਨ ਅਤੇ ਹਰੇਕ ਪਉੜੀ ਵਿੱਚ 5-5 ਤੁਕਾਂ ਹਨ। ਇਸ ਵਾਰ ਦਾ ਮੂਲ ਕੇਂਦਰੀ ਭਾਵ ਇਹ ਹੈ ਕਿ ਪਰਮਾਤਮਾ ਹਰ ਥਾਂ ਮੌਜੂਦ ਹੈ। ਪਰ ਉਸ ਦੀ ਪ੍ਰਾਪਤੀ ਉਹ ਵਿਅਕਤੀ ਹੀ ਕਰ ਸਕਦਾ ਹੈ ਜਿਸ ਅੰਦਰ ਸਤਿਗੁਰੂ ਦਾ ਨਿਵਾਸ ਹੋਵੇ। ਉਹ ਹੀ ਪਰਮਾਤਮਾ ਦੇ ਦਰਸ਼ਨ ਕਰ ਸਕਦਾ ਹੈ।

ਗੁਜਰੀ ਦੀ ਵਾਰ:-ਇਸ ਵਾਰ ਵਿੱਚ ਕੁੱਲ 21 ਪਾਉੜੀਆਂ ਹਨ ਅਤੇ ਹਰੇਕ ਪਾਉੜੀ ਦੇ ਨਾਲ ਦੋ-ਦੋ ਸਲੋਕ ਹਨ। 20 ਪਾਉੜੀਆਂ ਛੱਡ ਕੇ ਬਾਕੀ ਹਰੇਕ ਪਾਉੜੀਆਂ ਵਿੱਚ 8 ਤੁਕਾਂ ਹਨ। ਇਸ ਵਿੱਚ ਕੁੱਲ 42 ਸਲੋਕ ਹਨ। ਇਸ ਵਾਰ ਵਿਚ ਗੁਰੂ ਜੀ ਨੇ ਪਰਮਾਤਮਾ ਦੁਆਰਾ ਇਸ ਸੰਸਾਰ ਦੀ ਸਿਰਜਨਾ ਹੋਈ ਹੈ ਅਤੇ ਇਸ ਸੰਸਾਰ ਵਿੱਚ ਕੀ ਪਾਇਆ ਹੈ ਉਸ ਦੀ ਸਿਰਜਨਾ ਵੀ ਪਰਮਾਤਮਾ ਨੇ ਕੀਤੀ ਹੈ ਅਤੇ ਸਤਿਗੁਰੂ ਦੀ ਮਹਾਨਤਾ ਨੂੰ ਦਰਸਾਇਆ ਗਿਆ ਹੈ। ਇਸ ਸੰਸਾਰ ਅੰਦਰ ਮਾਇਆ ਤੋਂ ਉਹ ਹੀ ਬਚ ਸਕਿਆ ਹੈ ਜਿਸ ਕੋਲ ਸਤਿਗੁਰੂ ਦਾ ਬ੍ਰਹਮ ਗਿਆਨ ਹੈ।

ਜੈਤਸਰੀ ਦੀ ਵਾਰ:-ਇਸ ਵਾਰ ਵਿੱਚ ਕੁੱਲ 20 ਪਉੜੀਆਂ ਹਨ ਅਤੇ ਹਰੇਕ ਪਾਉੜੀ ਦੇ ਨਾਲ ਦੋ-ਦੋ ਸਲੋਕ ਹਨ।ਇਸ ਤਰ੍ਹਾਂ ਸਲੋਕਾਂ ਦੀ ਗਿਣਤੀ 40 ਹੈ।ਇਸ ਵਾਰ ਦਾ ਮੂਲ ਵਿਸ਼ਾ ਦੁਨੀਆਂ ਦੀ ਨਾਸ਼ਵਾਨਤਾ ਨੂੰ ਦਰਸਾਉਂਦਾ ਹੈ ਅਤੇ  ਪ੍ਰਭੂ ਸਿਮਰਨ ਨਾਲ ਹੀ ਇਸ ਨਾਸ਼ਵਾਨਤਾ ਤੋਂ ਬੱਚ ਸਕਦੇ ਹਾਂ।ਇਸ ਵਿੱਚ ਮਾਇਆ ਅਤੇ ਪਰਮਾਤਮਾ ਦੇ ਬਾਰੇ ਦੱਸਿਆ ਗਿਆ ਹੈਕਿ ਮਾਇਆ ਵਿੱਚ ਪੈ ਕੇ ਇਨਸਾਨ ਕੇਵਲ ਦੁੱਖਾਂ ਨੂੰ ਹੀ ਭੋਗਦਾ ਹੈ ਪਰ ਇਨਸਾਨ ਪ੍ਰਭੂ ਦੇ ਨਾਮ ਸਿਮਰਨ ਨਾਲ ਇਨ੍ਹਾਂ ਦੁੱਖਾਂ ਤੋਂ ਦੂਰ ਰਹਿ ਸਕਦਾ ਹੈ।

ਰਾਮਕਲੀ ਦੀ ਵਾਰ:-ਇਸ ਵਾਰ ਵਿੱਚ 22 ਪਉੜੀਆਂ ਹਨ ਅਤੇ 44 ਸ਼ਲੋਕ ਹਨ।ਹਰੇਕ ਪਾਉੜੀ ਦੀਆਂ 8-8 ਤੁਕਾਂ ਹਨ।ਇਸ ਵਾਰ ਵਿੱਚ ਇਹ ਦੱਸਿਆ ਗਿਆ ਹੈ ਕਿ ਇਸ ਸਾਰੀ ਸ਼੍ਰਿਸ਼ਟੀ ਦੀ ਰਚਨਾ ਪਰਮਾਤਮਾ ਨੇ ਆਪ ਕੀਤੀ ਹੈ।ਉਹ ਹਰ ਜੀਵ ਜੰਤੂਆਂ ਵਿਚ ਬਿਰਾਜ਼ਮਾਨ ਹੈ। ਉਹ ਆਪ ਹੀ ਇਹ ਸਾਰੀ ਖੇਡ ਰਚ ਰਿਹਾ ਹੈ।

ਮਾਰੂ ਦੀ ਵਾਰ:-ਇਸ ਵਾਰ ਦੀਆਂ 23 ਪਾਉੜੀਆਂ ਹਨ।ਹਰੇਕ ਪਾਉੜੀ ਦੇ ਨਾਲ 3-3 ਸ਼ਲੋਕ ਹਨ।ਕੁੱਲ 69 ਸ਼ਲੋਕ ਹਨ।ਹਰੇਕ ਪਾਉੜੀ ਦੀਆਂ 8-8 ਤੁਕਾਂ ਹਨ ਅਤੇ ਸ਼ਲੋਕ ਦੀਆਂ 2-2 ਤੁਕਾਂ ਹਨ।ਇਸ ਵਾਰ ਦਾ ਮੂਲ ਵਿਸ਼ਾ ਇਹ ਹੈ ਕਿ ਮਨੁੱਖ ਦੇ ਜੀਵਨ ਦਾ ਅਸਲ ਉਦੇਸ਼ ਪਰਮਾਤਮਾ ਦਾ ਨਾਮ ਸਿਮਰਨ ਕਰਨਾ ਹੈ ਤਾਂ ਹੀ ਉਹ ਆਪਣੇ ਜੀਵਨ ਅੰਦਰ ਅਸਲ ਸਫਲਤਾ ਨੂੰ ਪ੍ਰਾਪਤ ਕਰ ਸਕਦਾ ਹੈ।

ਬਸੰਤ ਦੀ ਵਾਰ:-ਇਸ ਵਿੱਚ ਕੁੱਲ 23 ਪਾਉੜੀਆਂ ਹਨ ਅਤੇ ਹਰੇਕ ਪਾਉੜੀ ਦੀਆਂ 2-2 ਤੁਕਾਂ ਹਨ। ਇਸ ਵਾਰ ਵਿੱਚ ਕੋਈ ਵੀ ਸ਼ਲੋਕ ਨਹੀਂ ਹੈ।ਇਸ ਵਾਰ ਦਾ ਮੂਲ ਵਿਸ਼ਾ ਵੀ ਨਾਮ ਸਿਮਰਨ ਨਾਲ ਜੁੜਿਆ ਹੋਇਆ ਹੈ। ਅਰਥਾਤ ਨਾਮ ਸਿਮਰਨ ਦੁਆਰਾ ਹੀ ਇਨਸਾਨ ਅੰਦਰਲੇ 5 ਵਿਕਾਰ ਖਤਮ ਹੋ ਸਕਦੇ ਹਨ। ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਵਾਰ ਲੋਕ ਵਾਰ ਦੇ ਯੁੱਗ ਆਧਾਰਿਤ ਕਥਾਨਕ ਜਾਂ ਵੀਰ ਨਾਇਕ ਨੂੰ ਪੇਸ਼ ਨਹੀਂ ਕਰਦੀ ਸਗੋਂ ਪਰਮ ਸੱਚ ਦੀ ਸਰਵ-ਸ਼ਕਤੀਮਾਨਤਾ ਅਤੇ ਮਨੁੱਖੀ ਸ਼ਖਸ਼ੀਅਤ ਦੇ ਅਧਿਆਤਮਕ ਰੁਪਾਂਤਰਣ ਦੀ ਬਾਤ ਪਾਉਂਦੀ ਹੈ। ਇਸ ਵਿੱਚ ਸ਼ੰਘਰਸ਼ ਜਾਂ ਟਕਰਾਓ ਦੀ ਸਥਿਤੀ ਦੀ ਥਾਂ ਨਾਮ ਸਿਮਰਨ ਰਾਹੀਂ ਪੈਦਾ ਹੋਣ ਵਾਲਾ ਟਕਰਾਓ ਦੀ ਸਥਿਤੀ ਨੂੰ ਪੇਸ਼ ਕੀਤਾ ਗਿਆ ਹੈ।

ਗੁਰੂ ਅਰਜਨ ਦੇਵ ਜੀ ਦਾ ਸਮੁੱਚਾ ਸਾਹਿਤ ਤੇ ਜੀਵਨ, ਅਮਨ ਤੇ ਸ਼ਾਂਤੀ ਦੇ ਨਮੂਨੇ ਵਿੱਚ ਢਲਿਆ ਹੋਇਆ ਹੈ ਅਤੇ ਆਪ ਦੀ ਮਹਾਨ ਰਚਨਾ ਸੁਖਮਨੀ ਸਾਹਿਬ ਅਤੇ ਬਾਰਾਮਾਹ ਮਨੁੱਖੀ ਜੀਵਨ ਦੀ ਪ੍ਰਫੁੱਲਤਾ ਲਈ ਅਦੁੱਤੀ ਅਗਵਾਈ ਦਿੰਦੀ ਹੈ।

**ਹਵਾਲੇ ਅਤੇ ਟਿੱਪਣੀਆਂ:-**


1. ਡਾ. ਪਰਮਿੰਦਰ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ-31

2. ਰਤਨ ਸਿੰਘ ਜੱਗੀ, (ਡਾ.) ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਦੂਜਾ, ਪੰਨਾ-77

3. ਪੰਜਾਬੀ ਸਾਹਿਤ ਦਾ ਇਤਿਹਾਸ, ਪਟਿਆਲਾ, ਪੰਜਾਬੀ ਭਾਸ਼ਾ ਵਿਭਾਗ, ਪੰਨਾ-495

4. ਡਾ. ਅਮਰਜੀਤ ਸਿੰਘ ਕਾਂਗ, ਡਾ. ਜਸਪਾਲ ਕੌਰ ਕਾਂਗ, ਮਧਕਾਲੀ ਪੰਜਾਬੀ ਸਾਹਿਤ ਵਿਵੇਕ, ਪੰਨਾ-125

5. ਉਹੀ, ਪੰਨਾ-129

6. ਡਾ. ਕੁਲਬੀਰ ਸਿੰਘ ਕਾਂਗ, ਗੁਰੂ ਗ੍ਰੰਥ ਸਾਹਿਬ ਦਾ ਇਖਕਾਲੀ ਸੰਦੇਸ਼, ਪੰਜਾਬੀ ਦੁਨੀਆ, ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ, ਪੰਨਾ 102

7. ਉਹੀ, ਪੰਨਾ-103

8. ਡਾ. ਅਮਰਜੀਤ ਸਿੰਘ ਕਾਂਗ, ਡਾ. ਜਸਪਾਲ ਕੌਰ ਕਾਂਗ, ਮਧਕਾਲੀ ਪੰਜਾਬੀ ਸਾਹਿਤ ਵਿਵੇਕ, ਪੰਨਾ-15

9. ਡਾ. ਜਸਬੀਰ ਕੌਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਿੰਨ ਪਰਿਪੇਖ, ਪੰਨਾ-51

10. ਜਗਬੀਰ ਸਿੰਘ, ਗੁਰਮਤਿ ਕਾਵਿਧਾਰਾ ਦੇ ਪ੍ਰਮੁੱਖ ਕਵੀ (2) ਉੱਤਰ-ਗੁਰੂ ਨਾਨਕ, ਪੰਜਾਬੀ ਸਾਹਿਤ ਦਾ ਇਤਿਹਾਸ, ਗੁਰਮਤਿ ਕਾਵਿ ਦਾ ਇਤਿਹਾਸ, ਪੰਨਾ 164

11. ਉਹੀ, ਪੰਨਾ 105

12. ਡਾ. ਸੁਰਿੰਦਰ ਸਿੰਘ ਕੋਹਲੀ, ਵਧਾਵਾ ਸਿੰਘ, ਗਿਆਨੀ ਲਾਲ ਸਿੰਘ, ਗੁਰਮਤ ਸਾਹਿਤ, ਪੰਜਾਬੀ ਭਾਸ਼ਾ ਵਿਭਾਗ, ਭਾਗ ਪਹਿਲਾ, 1850 ਈ. ਤੱਕ, ਪੰਨਾ 232

13. ਉਹੀ, ਪੰਨਾ 234

14. ਉਹੀ, ਪੰਨਾ 250

15. ਉਹੀ ਪੰਨਾ 252

16. ਡਾ. ਜਸਬੀਰ ਕੌਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਿੰਨ ਪਰਿਪੇਖ, ਪੰਨਾ 145

# ਅਧਿਆਇ ਦੂਜਾ

# ਸੁਖਮਨੀ ਸਾਹਿਬ ਦਾ ਦਾਰਸ਼ਨਿਕ ਅਧਿਐਨ

## ਦਰਸ਼ਨ ਦਾ ਸਿਧਾਂਤਕ ਪੱਖ:-

ਦਰਸ਼ਨ ਦੇ ਵਿਚ ਮੂਲ ਰੂਪ ਵਿਚ ਅਧਿਆਤਮਕ ਪੱਖ ਨੂੰ ਪੇਸ਼ ਕੀਤਾ ਗਿਆ ਹੈ। "ਦਰਸ਼ਨ ਸ਼ਬਦ ਦੀ ਉਤਪਤੀ ਸੰਸਕ੍ਰਿਤ ਭਾਸ਼ਾ ਦੇ 'ਦ੍ਰਿਸ਼' ਧਾਤੂ ਤੋਂ ਹੋਈ ਹੈ, ਜਿਸ ਦਾ ਅਰਥ ਹੈ ਦੇਖਣਾ। ਦਰਸ਼ਨ ਦਾ ਅਰਥ ਜਿਸਦੇ ਦੁਆਰਾ ਦੇਖਿਆ ਜਾਵੇ।"[1]ਭਾਵ ਕਿ ਕਿਸੇ ਵਸਤੂ ਦੇ ਪ੍ਰਤੱਖ ਦਾ ਅਨੁਭਵ ਕਰਵਾਉਣਾ ਹੀ ਦਰਸ਼ਨ ਦਾ ਮੂਲ ਆਧਾਰ ਹੈ।ਪੱਛਮ ਵਿਚ ਦਰਸ਼ਨ ਲਈ ਫ਼ਿਲਾਸਫ਼ੀ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਦਰਸ਼ਨ ਅੰਗ੍ਰੇਜ਼ੀ ਭਾਸ਼ਾ ਦੇ ਸ਼ਬਦ 'Philosophy' ਦਾ ਪੰਜਾਬੀ ਅਨੁਵਾਦ ਹੈ। 'Philosophy' ਸ਼ਬਦ ਗ੍ਰੀਕ ਭਾਸ਼ਾ ਦੇ ਦੋ ਸ਼ਬਦਾਂ 'Philos' ਜਿਸ ਦਾ ਅਰਥ 'ਪਿਆਰ' ਜਾਂ 'ਉਤੇਜਨਾ' ਹੈ ਅਤੇ 'Sophia' ਜਿਸ ਦਾ ਅਰਥ ਹੈ 'ਗਿਆਨ' ਜਾਂ 'ਸਿਆਣਪ' ਦਾ ਮੇਲ ਹੈ। ਇਸ ਤਰ੍ਹਾਂ 'Philosophy' ਦਾ ਸ਼ਾਬਦਿਕ ਅਰਥ ਹੈ ਗਿਆਨ ਲਈ ਪਿਆਰ। "ਭਾਰਤੀ ਦ੍ਰਿਸਟੀਕੋਣ ਤੋਂ ਦਰਸ਼ਨ ਦਾ ਭਾਵ ਹੈ ਧਰਮ ਜਾਂ ਆਤਮਾ ਪਰਮਾਤਮਾ ਬਾਰੇ ਗਿਆਨ ਰੱਖਣ ਵਾਲਾ ਸ਼ਾਸਤਰ ਜਾਂ ਤੱਤਵ ਗਿਆਨ ਕਰਉਣ ਵਾਲਾ ਸ਼ਾਤਤਰ।"[2]ਹਰ ਗੱਲ ਦੇ ਪ੍ਰਤੱਖ ਪ੍ਰਮਾਣ ਨੂੰ ਦਰਸ਼ਨ ਦਾ ਆਧਾਰ ਮੰਨਿਆ ਜਾਂਦਾ ਹੈ। ਦਰਸ਼ਨ ਵਿਚ ਹਰ ਵਿਚਾਰ, ਸੰਕਲਪ ਤੇ ਖ਼ਿਆਲ ਨੂੰ ਤਰਕ ਦੀ ਕਸਵੱਟੀ ਤੇ ਪਰਖਿਆ ਜਾਂਦਾ ਹੈ।ਇਉਂ ਅਨੁਮਾਨ ਜਾਂ ਸੁਣੀ ਸੁਣਾਈ ਗੱਲ ਨੂੰ ਮੰਨਿਆ ਨਹੀਂ ਜਾਂਦਾ।

## ਪਰਿਭਾਸ਼ਾਵਾਂ

ਡਾ. ਰਾਧਾ ਕ੍ਰਿਸ਼ਣਨ ਦਾ ਵਿਚਾਰ ਹੈ, "ਦਰਸ਼ਨ ਇਕ ਅਜਿਹਾ ਅਧਿਆਤਮਿਕ ਗਿਆਨ ਹੈ ਜੋ ਆਤਮਾ ਰੂਪੀ ਇੰਦਰੀ ਦੇ ਸਨਮੁਖ ਸੰਪੂਰਨ ਰੂਪ ਵਿਚ ਪ੍ਰਗਟ ਹੁੰਦਾ ਹੈ। ਇਹ ਆਤਮ ਦ੍ਰਿਸ਼ਟੀ ਉਥੇ ਹੀ ਸੰਭਵ ਹੈ ਜਿੱਥੇ ਦਰਸ਼ਨ ਸ਼ਾਸਤਰ ਦੀ ਹੋਂਦ ਹੈ।"[3]

ਪ੍ਰੋ.ਜੋਗਿੰਦਰ ਸਿੰਘ ਅਨੁਸਾਰ, "ਦਰਸ਼ਨ ਦਾ ਭਾਵ ਹੈ ਪ੍ਰਤੱਖ ਗਿਆਨ, ਸਾਖਿਆਤਕਾਰ, ਉਸ ਪਰਮ ਤੱਤ ਨੂੰ ਸਾਖਿਅਤ ਕਰਨਾ, ਗਿਆਨ ਦੀ ਸੀਮਾ ਵਿਚ ਲਿਆਉਣਾ, ਜਿਹੜਾ ਇਕ ਹੈ, ਸਭ ਥਾਂ ਪਸਰਿਆਂ ਹੋਇਆ, ਸਰਬ-ਸ਼ਕਤੀਮਾਨ ਹੈ, ਸਰਬ ਪਾਸਾਰੇ ਦਾ ਮੂਲ ਹੈ।"[4]

ਡਾ. ਬਲਦੇਵ ਉਪਾਧਿਆਇ ਅਨੁਸਾਰ, "ਦਸ਼ਯਤੇ ਅਨੇਨ ਇਤਿ ਦਰਸ਼ਨ" ਅਰਥਾਤ ਜਿਸ ਦੁਆਰਾਵੇਖਿਆ ਜਾਵੇ, ਅਸੀਂ ਕੌਣ ਹਾਂ? ਕਿਥੋਂ ਆਏ ਹਾਂ? ਇਸ ਦ੍ਰਿਸ਼ਟਮਾਨ ਜਗਤਦਾ ਸੱਚਾ ਸਰੂਪ ਕੀ ਹੈ? ਇਸ ਦੀ ਉਤਪਤੀ ਕਿਥੋਂ ਹੋਈ?ਇਸ ਸ੍ਰਿਸ਼ਟੀ ਦਾ ਸਿਰਜਣਹਾਰ ਕੌਣ ਹੈ? ਆਦਿ ਪ੍ਰਸ਼ਨਾਂ ਦੇ ਉੱਤਰ ਦੇਣ ਨੂੰ ਹੀ ਦਰਸ਼ਨ ਕਹਿੰਦੇ ਹਨ।"[5]

ਪ੍ਰੋ. ਗੁਰਬਚਨ ਸਿੰਘ ਤਾਲਿਬ ਅਨੁਸਾਰ, "ਬ੍ਰਹਮ ਗਿਆਨ ਨੂੰ ਉੱਚਤਮ ਗਿਆਨ ਹੈ, ਬ੍ਰਹਮ ਗਿਆਨ ਦਾ ਅਰਥ ਹੈ ਉੱਚਤਮ ਦਰਸ਼ਨ ਜਿਸ ਤੇ ਪੁੱਜ ਕੇ ਮਾਨਵੀ ਬੁੱਧੀ ਅਤੇ ਚੇਤਨਾ ਵਿਸ਼ਵ, ਬ੍ਰਹਿਮੰਡ ਦੇ ਤੱਤ, ਉਸਦੀ ਅੰਤਰੀਵ ਅਤੇ ਗੁੱਝੀ ਹਕੀਕਤ ਦਾ ਅਨੁਭਵ ਕਰਨ ਦੇ ਸਮਰੱਥ ਹੋ ਜਾਂਦੀ ਹੈ।"[6]

ਪ੍ਰੋਫੈਸਰ ਐਮ. ਹਿਰਿਯਾਣਾ ਅਨੁਸਾਰ, "ਦਰਸ਼ਨ ਜੀਵਨ ਦਾ ਮਾਰਗ ਹੈ, ਕੇਵਲ ਵਿਚਾਰਾਂ ਦਾ ਰਸਤਾ ਨਹੀਂ ਹੈ।"[7]

ਡਾ. ਐਸ. ਰਾਧਾਕ੍ਰਿਸ਼ਨਨ ਅਨੁਸਾਰ, " ਦਰਸ਼ਨ ਦਾ ਪ੍ਰਯੋਜਨ ਹੀ ਇਹ ਹੈ ਕਿ ਉਹ ਜੀਵਨ ਨੂੰ ਸੰਜਮ ਨੂੰ ਲਿਆਏ ਅਤੇ ਕਾਰ ਵਿਹਾਰ ਦੀ ਅਗਵਾਈ ਕਰੇ। ਉਹ ਮੁਹਾਣਾ ਬਣ ਕੇ ਬੇੜੀ ਦੇ ਚੱਪੂ ਚਲਾਂਉਦਾ ਹੈ ਅਤੇ ਉਥਲ-ਪੁਥਲ ਭਰੇ ਭਵ-ਸਾਗਰ ਦੇ ਸੰਕਟਾਂ ਵਿਚੋਂ ਸਾਡਾ ਰਾਹ ਕੱਢਦਾ ਹੈ।"[8]

ਉਪਰੋਕਤ ਪਰਿਭਾਸ਼ਾਵਾਂ ਦੇ ਆਧਾਰ ਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਦਰਸ਼ਨ ਗਿਆਨ ਨੂੰ ਤਰਕ ਦੇ ਆਧਾਰ ਤੇ ਸਿੱਧ ਕਰਦਾ ਹੈ। ਦਰਸ਼ਨ ਅਧਿਆਤਮਕਵਾਦੀ, ਸੱਚ ਦੀ ਖੋਜ ਅਤੇ ਮਨੁੱਖ ਦੇ ਜੀਵਨ ਨੂੰ ਸੇਧ ਦਿੰਦਾ ਹੈ। ਦਰਸ਼ਨ ਦੁਨੀਆਵੀ ਦੁੱਖਾਂ, ਕਸ਼ਟਾਂ ਅਤੇ ਬੰਧਨਾਂ ਤੋਂ ਆਜ਼ਾਦ ਕਰਦਾ ਹੈ ਅਤੇ ਮਨੁੱਖ ਨੂੰ ਆਤਮਿਕ ਆਨੰਦ ਦੀ ਪ੍ਰਾਪਤੀ ਕਰਵਾਉਂਦਾ ਹੈ। ਇਸ ਤਰ੍ਹਾਂ ਭਾਰਤੀ ਦਰਸ਼ਨ ਇਕ ਅਜਿਹੀ ਰੌਸ਼ਨੀ ਹੈ ਜੋ ਮਨੁੱਖ ਨੂੰ ਨੈਤਿਕ ਅਤੇ ਦਾਰਸ਼ਨਿਕ ਦਾ ਚਾਨਣ ਕਰਕੇ ਲੋਕ ਅਤੇ ਪ੍ਰਲੋਕ ਦੋਹਾਂ ਦਾ ਕਲਿਆਣ ਕਰਦਾ ਹੈ।

## ਦਰਸ਼ਨ ਦੇ ਤੱਤ

1. ਬ੍ਰਹਮ ਦਾ ਸਰੂਪ
2. ਸ੍ਰਿਸ਼ਟੀ ਰਚਨਾ
3. ਜੀਵ ਦਾ ਸਰੂਪ
4. ਮੁਕਤੀ ਦਾ ਸਰੂਪ

ਗੁਰੂ ਅਰਜਨ ਦੇਵ ਜੀ ਸ਼ਾਹਕਾਰ ਰਚਨਾ 'ਸੁਖਮਨੀ' ਬਾਣੀ ਆਧਿਆਤਮਕ ਮੰਡਲਾਂ ਦਾ ਸਿਖ਼ਰ, ਉੱਚ ਆਤਮਕ ਤੱਤਾਂ ਦੀ ਪਛਾਣ ਹੈ, ਬਹੁਤ ਉੱਚਕੋਟੀ ਦੇ ਜੀਵਨ ਦੀ ਪੇਸ਼ਕਾਰੀ ਹੈ, ਗੁਰਮੁਖਿ ਦੇ ਜੀਵਨ ਨੂੰ ਦਰਸਾਇਆ ਗਿਆ ਹੈ। 'ਸੁਖਮਨੀ' ਬਾਣੀ ਵਿਚ 24 ਸਲੋਕ ਅਤੇ 24 ਅਸ਼ਟਪਦੀਆਂ ਹਨ। ਗੁਰੂ ਅਰਜਨ ਦੇਵ ਜੀ ਨੇ ਬਾਣੀ ਅੰਦਰ ਨਾਮ ਸਿਮਰਨ, ਸਾਧ ਸੰਗਤ, ਬ੍ਰਹਮਗਿਆਨੀ, ਸਤਿਗੁਰੂ ਅਤੇ ਅਕਾਲ ਪੁਰਖ ਆਦਿ ਦੀ ਮਹਾਨਤਾ ਨੂੰ ਪੇਸ਼ ਕੀਤਾ ਹੈ।

**ਅਕਾਲ ਪੁਰਖ ਦਾ ਸਰੂਪ-** ਗੁਰੂ ਜੀ ਨੇ ਆਪਣੀ ਬਾਣੀ ਅੰਦਰ ਪਰਮਾਤਮਾ ਦੇ ਸਰੂਪ ਨੂੰ ਪੇਸ਼ ਕੀਤਾ ਹੈ, ਭਾਵ ਕਿ ਪਰਮਾਤਮਾ ਦੀ ਮਹਿਮਾ ਨੂੰ ਦੱਸਿਆ ਹੈ ਕਿ ਸੰਸਾਰ ਦੀ ਰਚਨਾ ਕਰਨ ਵਾਲਾ ਪਰਮਾਤਮਾ ਹੀ ਹੈ ਅਤੇ ਸੰਸਾਰ ਨੂੰ ਚਲਾਉਣ ਵਾਲਾ ਵੀ ਪਰਮਾਤਮਾ ਆਪ ਹੀ ਹੈ।ਗੁਰੂ ਜੀ ਆਪਣੇ ਸਲੋਕ ਅੰਦਰ ਦੱਸਦੇ ਹਨ:

ਉਸਤਤਿ ਕਰਹਿ ਅਨੇਕ ਜਨ ਅੰਤੁ ਨ ਪਾਰਾਵਾਰ॥
ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ॥[9]

ਭਾਵ ਕਿ ਹਰ ਵਿਅਕਤੀ ਪਰਮਾਤਮਾ ਦੇ ਗੁਣਾਂ ਦਾ ਜ਼ਿਕਰ ਕਰਦਾ ਹੈ, ਪਰ ਪਰਮਾਤਮਾ ਦੇ ਗੁਣਾਂ ਦਾ ਕੋਈ ਵੀ ਹੱਦ ਬੰਨਾ ਨਹੀਂ ਹੈ। ਪਰਮਾਤਮਾ ਅੰਦਰ ਬੇਅੰਤ ਗੁਣ ਹਨ।ਜਿਨ੍ਹਾਂ ਦਾ ਕੋਈ ਵੀ ਅੰਤ ਨਹੀਂ ਪਾ ਸਕਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਪਰਮਾਤਮਾ ਨੇ ਅਨੇਕਾਂ ਪ੍ਰਕਾਰ ਨਾਲ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਜਿਸ ਦਾ ਕੋਈ ਵੀ ਹੱਦ-ਬੰਨਾ ਨਹੀਂ ਹੈ।ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਅੰਦਰ ਅਕਾਲ ਪੁਰਖ ਪਰਮਾਤਮਾ ਦੇ ਸਰੂਪ ਨੂੰ ਪੇਸ਼ ਕਰਦੇ ਹੋਏ ਦੱਸਦੇ:

ਕਈ ਕੋਟਿ ਹੋਏ ਪੂਜਾਰੀ॥
ਕਈ ਕੋਟਿ ਆਚਾਰ ਬਿਉਹਾਰੀ॥
ਕਈ ਕੋਟਿ ਭਏ ਤੀਰਥ ਵਾਸੀ॥
ਕਈ ਕੋਟਿ ਬਨ ਭ੍ਰਮਹਿ ਉਦਾਸੀ॥
ਕਈ ਕੋਟਿ ਬੇਦ ਕੇ ਸ੍ਰੋਤੇ॥ [10]

ਗੁਰੂ ਜੀ ਪਰਮਾਤਮਾ ਦੀ ਮਹਿਮਾ ਦਾ ਗੁਣਗਾਨ ਕਰਦੇ ਹੋਏ ਦੱਸਦੇ ਹਨ ਕਿ ਪਰਮਾਤਮਾ ਦੀ ਰਚੀ ਹੋਈ ਸ੍ਰਿਸ਼ਟੀ ਵਿਚ ਕਰੋੜਾਂ ਹੀ ਪੁਜਾਰੀ ਹਨ। ਇਸ ਦੁਨੀਆਂ ਅੰਦਰ ਕਰੋੜਾਂ ਹੀ ਧਾਰਮਕ ਰੀਤਾਂ ਰਸਮਾਂ ਕਰਨ ਵਾਲੇ ਹਨ। ਗੁਰੂ ਜੀ ਦੱਸਦੇ ਹਨ ਕਿ ਪਰਮਾਤਮਾ ਦੀ ਬਣਾਈ ਹੋਈ ਸ੍ਰਿਸ਼ਟੀ ਅੰਦਰ ਅਨੇਕਾਂ ਹੀ ਬੰਦੇ ਤੀਰਥਾਂ ਦੇ ਵਸਨੀਕ ਹਨ ਅਤੇ ਕਈ ਪਰਮਾਤਮਾ ਦੀ ਭਾਲ ਵਿਚ ਜੰਗਲਾਂ ਵਿਚ ਫਿਰਦੇ ਹਨ। ਕਈ ਕਰੋੜਾਂ ਜੀਵ ਵੇਦਾਂ ਨੂੰ ਸੁਣਨ ਵਾਲੇ ਹਨ ਅਤੇ ਕਈ ਲੋਕ ਵੱਡੇ-ਵੱਡੇ ਤੱਪ ਕਰਦੇ ਹਨ। ਗੁਰੂ ਜੀ ਇਹ ਦੱਸਣਾ ਚਾਹੁੰਦੇ ਹਨ ਕਿ ਇਸ ਸੰਸਾਰ ਅੰਦਰ ਹਰੇਕ ਵਿਅਕਤੀ ਆਪਣੀ-ਆਪਣੀ ਭਾਵਨਾ ਨਾਲ ਪਰਮਾਤਮਾ ਨੂੰ ਮੰਨਦਾ ਹੈ।ਪਰ ਫਿਰ ਵੀ ਪਰਮਾਤਮਾ ਦਾ ਕੋਈ ਭੇਦ ਨਹੀਂ ਪਾ ਸਕਦਾ ਹੈ।

ਕਈ ਕੋਟਿ ਤਪੀਸੁਰ ਹੋਤੇ॥
ਕਈ ਕੋਟਿ ਆਤਮ ਧਿਆਨੁ ਧਾਰਹਿ॥
ਕਈ ਕੋਟਿ ਕਬਿ ਕਾਬਿ ਬੀਚਾਰਹਿ॥
ਕਈ ਕੋਟਿ ਨਵਤਨ ਨਾਮੁ ਧਿਆਵਹਿ॥
ਨਾਨਕ ਕਰਤੇ ਕਾ ਅੰਤੁ ਨ ਪਾਵਹਿ॥ [11]

ਭਾਵ ਕਿ ਸੰਸਾਰ ਅੰਦਰ ਰਹਿੰਦੇ ਵਿਅਕਤੀ ਕਈ ਤਰੀਕਿਆ ਨਾਲ ਪਰਮਾਤਮਾ ਦਾ ਨਾਮ ਜੱਪਦੇ ਹਨ। ਕਈ ਲੋਕ ਆਪਣੇ ਅੰਦਰ ਤੋਂ ਹੀ ਪਰਮਾਤਮਾ ਨਾਲ ਜੁੜੇ ਹਨ। ਪਰ ਕੁੱਝ ਮਨੁੱਖ ਇਸ ਤਰ੍ਹਾਂ ਦੇ ਵੀ ਹਨ ਕਿ ਉਹ ਪਰਮਾਤਮਾ ਦਾ ਨਿੱਤ ਨਵਾਂ ਨਾਮ ਸਿਮਰਦੇ ਹਨ, ਪਰ ਕੋਈ ਵੀ ਅਕਾਲ ਪੁਰਖ ਦਾ ਅੰਤ ਨਹੀਂ ਪਾ ਸਕਦਾ ਹੈ। ਕਿਉਂਕਿ ਪਰਮਾਤਮਾ ਬਾਹਰੀ ਝੂਠੀ ਭਾਵਨਾ ਨਾਲ ਨਹੀਂ ਮਿਲਦਾ ਹੈ।ਪਰਮਾਤਮਾ ਨੂੰ ਪਾਉਣ ਲਈ ਸੱਚੀ ਭਾਵਨਾ ਦਾ ਹੋਣਾ ਜਰੂਰੀ ਹੈ।

ਕਈ ਕੋਟਿ ਸਿਧ ਜਤੀ ਜੋਗੀ॥

ਕਈ ਕੋਟਿ ਰਾਜੇ ਰਸ ਭੋਗੀ॥

ਕਈ ਕੋਟਿ ਪੰਖੀ ਸਰਪ ਉਪਾਏ॥

ਕਈ ਕੋਟਿ ਪਾਥਰ ਬਿਰਖ ਨਿਪਜਾਏ॥

ਕਈ ਕੋਟਿ ਪਵਣ ਪਾਣੀ ਬੈਸੰਤਰ॥ [12]

ਗੁਰੂ ਜੀ ਫਰਮਾਨ ਕਰਦੇ ਹਨ ਕਿ ਇਸ ਦੁਨੀਆਂ ਅੰਦਰ ਹਰ ਪ੍ਰਕਾਰ ਦੇ ਜੀਵ ਰਹਿੰਦੇ ਹਨ। ਕਈ ਕਾਮ ਨੂੰ ਵੱਸ ਵਿਚ ਰੱਖਣ ਵਾਲੇ ਹਨ ਅਤੇ ਕਈ ਕਰੋੜਾਂ ਹੀ ਸੰਸਾਰ ਨੂੰ ਭੋਗ ਵਿਲਾਸ ਕੇ ਚਲੇ ਜਾਂਦੇ ਹਨ। ਗੁਰੂ ਜੀ ਦੱਸਦੇ ਹਨ ਕਿ ਪਰਮਾਤਮਾ ਨੇ ਸੰਸਾਰ ਦੀ ਰਚਨਾ ਕਰਨ ਸਮੇ ਕਰੋੜਾਂ ਹੀ ਪੰਛੀ ਪੈਦਾ ਕੀਤੇ ਅਤੇ ਕਈ ਪਦਾਰਥਕ ਚੀਜ਼ਾਂ ਤੇ ਰੁੱਖ ਉਗਾਏ ਹਨ। ਇਸ ਤੋਂ ਇਲਾਵਾ ਸੰਸਾਰ ਦੀ ਰਚਨਾ ਸਮੇਂ ਹਵਾ, ਪਾਣੀ ਤੇ ਅੱਗ ਦਾ ਨਿਰਮਾਣ ਕੀਤਾ। ਇਸ ਲਈ ਪਰਮਾਤਮਾ ਦੀ ਸ਼ਕਤੀ ਨੂੰ ਕੋਈ ਵੀ ਸਮਝ ਨਹੀਂ ਸਕਦਾ। ਪਰਮਾਤਮਾ ਅੰਦਰ ਅਸੰਭਵ ਨੂੰ ਸੰਭਵ ਕਰਨ ਦੀ ਸਮਰਥਾ ਹੈ। ਉਸ ਦੀ ਕਿਰਪਾ ਨਾਲ ਹੀ ਸੰਸਾਰ ਦੇ ਸਾਰੇ ਕੰਮ ਚੱਲ ਰਹੇ ਹਨ।ਇਸ ਕਰਕੇ ਸਾਨੂੰ ਹਮੇਸ਼ਾ ਹੀ ਪਰਮਾਤਮਾ ਦੀ ਰਜ਼ਾ ਅੰਦਰ ਰਹਿਣਾ ਚਾਹੀਦਾ ਹੈ ਅਤੇ ਪਰਮਾਤਮਾ ਦੇ ਭਾਣੇ ਨੂੰ ਮੰਨਣਾ ਚਾਹੀਦਾ ਹੈ। ਇਸ ਵਿਚ ਹੀ ਸਾਡੀ ਭਲਾਈ ਹੈ।

ਕਈ ਕੋਟਿ ਦੇਸ ਭੂ ਮੰਡਲ॥

ਕਈ ਕੋਟਿ ਸਸੀਅਰ ਸੂਰ ਨਖ੍ਯ੍ਤ੍ਰ॥

ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ॥

ਸਗਲ ਸਮਗ੍ਰੀ ਅਪਨੈ ਸੂਤਿ ਧਾਰੈ॥

ਨਾਨਕ ਜਿਸੁ ਜਿਸੁ ਭਾਵੈ ਤਿਸੁ ਤਿਸੁ ਨਿਸਤਾਰੈ॥ [13]

ਗੁਰੂ ਜੀ ਦੱਸਦੇ ਹਨ ਕਿ ਪਰਮਾਤਮਾ ਨੇ ਸੰਸਾਰ ਦੀ ਰਚਨਾ ਸਮੇਂ ਅਨੇਕਾਂ ਹੀ ਦੇਸ਼ ਅਤੇ ਧਰਤੀਆਂ ਦੀ ਰਚਨਾ ਕੀਤੀ। ਇਸ ਦੇ ਨਾਲ-ਨਾਲ ਹੀ ਕਈ ਕਰੋੜਾਂ ਚੰਦਰਮਾਂ, ਤਾਰੇ ਤੇ ਸੂਰਜ ਦਾ ਵੀ ਨਿਰਮਾਣ ਕੀਤਾ। ਇਸ ਤੋਂ ਇਲਾਵਾ ਦੇਵਤੇ ਤੇ ਇੰਦਰ ਵੀ ਸ੍ਰਿਸ਼ਟੀ ਅੰਦਰ ਸ਼ਾਮਲ ਕੀਤੇ। ਅੰਤ ਵਿਚ ਗੁਰੂ ਜੀ ਦੱਸਦੇ ਹਨ ਕਿ ਇਹਨਾਂ ਸਾਰੇ ਜੀਵ ਜੰਤੂਆਂ ਤੇ ਪਦਾਰਥਾਂ ਨੂੰ ਪਰਮਾਤਮਾ ਨੇ ਆਪਣੇ ਹੁਕਮ ਵਿਚ ਰੱਖਿਆ ਹੈ, ਅਤੇ ਜਿਸ ਜੀਵ ਤੇ ਪਰਮਾਤਮਾ ਦੀ ਕਿਰਪਾ ਹੁੰਦੀ ਹੈ, ਪਰਮਾਤਮਾ ਉਸ ਹੀ ਆਪਣੇ ਚਰਨਾਂ ਨਾਲ ਲਾਉਂਦਾ ਹੈ।

ਗੁਰੂ ਅਰਜਨ ਦੇਵ ਜੀ ਆਪਣੇ ਸਲੋਕ ਅੰਦਰ ਦੱਸਦੇ ਹਨ:

ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥

ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ॥ [14]

ਗੁਰੂ ਜੀ ਸਲੋਕ ਅੰਦਰ ਦੱਸਦੇ ਹਨ ਕਿ ਸਾਰਾ ਕੁੱਝ ਕਰਨ ਵਾਲਾ ਪਰਮਾਤਮਾ ਹੀ ਹੈ।ਹਰ ਜਗ੍ਹਾ ਜਲ ਅਤੇ ਥਲ ਵਿਚ ਪਰਮਾਤਮਾ ਦਾ ਹੀ ਵਾਸ ਹੈ ਅਤੇ ਹਰ ਇਕ ਜੀਵ ਵਿਚ ਵੀ ਪਰਮਾਤਮਾ ਆਪ ਹੀ ਵੱਸਦਾ ਹੈ। ਗੁਰੂ ਜੀ ਦੱਸਦੇ ਹਨ ਕਿ ਮੈਂ ਪ੍ਰਭੂ ਤੋਂ ਮਹਿਰਬਾਨ ਹਾਂ ਜੋ ਜਲ ਵਿਚ ਥਲ ਵਿਚ ਤੇ ਆਕਾਸ਼ ਵਿਚ ਮੌਜੂਦ ਹੈ।

ਕਰਨ ਕਰਾਵਨ ਕਰਨੈ ਜੋਗੁ॥
ਜੋ ਤਿਸੁ ਭਾਵੈ ਸੋਈ ਹੋਗੁ॥
ਖਿਨ ਮਹਿ ਥਾਪਿ ਉਥਾਪਨਹਾਰਾ॥
ਅੰਤ ਨਹੀ ਕਿਛੁ ਪਾਰਾਵਾਰਾ॥
ਹੁਕਮੇ ਧਾਰਿ ਅਧਰ ਰਹਾਵੈ॥[15]

ਗੁਰੂ ਜੀ ਦੱਸਦੇ ਹਨ ਕਿ ਪ੍ਰਭੂ ਹੀ ਸਭ ਕੁੱਝ ਕਰਨ ਦੀ ਸਮਰੱਥਾ ਰੱਖਦਾ ਹੈ। ਪਰਮਾਤਮਾ ਦੇ ਅਨੁਸਾਰ ਹੀ ਸਾਰੀ ਸ੍ਰਿਸ਼ਟੀ ਚੱਲਦੀ ਹੈ। ਪਰਮਾਤਮਾ ਦੀ ਰਜ਼ਾ ਤੋਂ ਬਿਨਾਂ ਪੱਤਾ ਵੀ ਹਿੱਲ ਨਹੀਂ ਸਕਦਾ। ਇਸ ਲਈ ਪਰਮਾਤਮਾ ਹੀ ਸਾਰਾ ਕੁੱਝ ਕਰਨ ਵਾਲਾ ਹੈ। ਪ੍ਰਭੂ ਉਹੀ ਕੁੱਝ ਕਰਦਾ ਹੈ, ਜੋ ਉਸ ਨੂੰ ਚੰਗਾ ਲੱਗਦਾ ਹੈ। ਪਰਮਾਤਮਾ ਹੀ ਸੰਸਾਰ ਨੂੰ ਪੈਦਾ ਕਰਨ ਵਾਲਾ ਹੈ, ਤੇ ਪਰਮਾਤਮਾ ਹੀ ਸਭ ਕੁੱਝ ਨਾਸ਼ ਕਰਨ ਵਾਲਾ ਹੈ। ਪ੍ਰਭੂ ਆਪ ਹੀ ਸ੍ਰਿਸ਼ਟੀ ਨੂੰ ਆਪਣੇ ਹੁਕਮ ਵਿਚ ਪੈਦਾ ਕਰਦਾ ਹੈ। ਸੰਸਾਰ ਉਸ ਦੇ ਹੁਕਮ ਵਿਚ ਪੈਦਾ ਹੁੰਦਾ ਹੈ ਤੇ ਉਸ ਦੇ ਹੁਕਮ ਵਿਚ ਲੀਨ ਹੋ ਜਾਂਦਾ ਹੈ।

ਹੁਕਮੇ ਉਪਜੈ ਹੁਕਮਿ ਸਮਾਵੈ॥
ਹੁਕਮੇ ਊਚ ਨੀਚ ਬਿਉਹਾਰ॥
ਹੁਕਮੇ ਅਨਿਕ ਰੰਗ ਪਰਕਾਰ॥
ਕਰਿ ਕਰਿ ਦੇਖੈ ਅਪਨੀ ਵਡਿਆਈ॥
ਨਾਨਕ ਸਭ ਮਹਿ ਰਹਿਆ ਸਮਾਈ॥[16]

ਇਸ ਸ੍ਰਿਸ਼ਟੀ ਵਿਚ ਹਰ ਇਕ ਵਿਅਕਤੀ ਭਾਵੇਂ ਉਹ ਉੱਚਾ ਹੋਵੇ ਜਾ ਨੀਵਾਂ ਸਭ ਪਰਮਾਤਮਾ ਦੇ ਹੁਕਮ ਅੰਦਰ ਹੀ ਰਹਿੰਦੇ ਹਨ। ਇਸ ਸ੍ਰਿਸ਼ਟੀ ਅੰਦਰ ਜੋ ਵੀ ਸਾਰੇ ਖੇਡ ਤਮਾਸ਼ੇ ਹੋ ਰਹੇ ਹਨ ਇਹ ਸਾਰੇ ਅਕਾਲ ਪੁਰਖ ਦੇ ਹੁਕਮ ਵਿਚ ਹੀ ਹੁੰਦੇ ਹਨ। ਗੁਰੂ ਜੀ ਦੱਸਦੇ ਹਨ ਕਿ ਅਕਾਲ ਪੁਰਖ ਸਰਬ ਸ਼ਕਤੀਮਾਨ ਅਤੇ ਸਰਬ ਵਿਆਪਕ ਹੈ। ਹਰ ਇਕ ਜਗ੍ਹਾਂ ਤੇ ਪਰਮਾਤਮਾ ਆਪ ਮੌਜੂਦ ਹੈ। ਇਸ ਲਈ ਸਾਨੂੰ ਪਰਮਾਤਮਾ ਦੇ ਹੁਕਮ ਅੰਦਰ ਰਹਿਣਾ ਚਾਹੀਦਾ ਹੈ।

ਮੁੱਢ-ਕਦੀਮ ਤੋਂ ਹੀ ਮਨੁੱਖ ਆਪਣੀ ਜ਼ਿੰਦਗੀ ਨੂੰ ਸਰਲ ਅਤੇ ਸ਼ਾਂਤੀਮਈ ਬਣਾਉਣ ਲਈ ਕਾਰਜਸ਼ੀਲ ਰਿਹਾ ਹੈ। ਇਸੇ ਕਾਰਨ ਹੀ ਉਸ ਨੇ ਪੱਥਰ ਤੋਂ ਲੈ ਕੇ ਪ੍ਰਮਾਣੂ ਯੁੱਗ ਤੱਕ ਦਾ ਸਫ਼ਰ ਤੈਅ ਕੀਤਾ ਹੈ। ਇਸ ਲੰਬੇ ਪੈਂਡੇ ਦੌਰਾਨ ਮਨੁੱਖ ਨੇ ਅਣਗਿਣਤ ਧਾਰਨਾਵਾਂ ਅਤੇ ਸਿਧਾਂਤਾਂ ਨੂੰ ਜਨਮ ਦਿੱਤਾ ਜਾਂ ਨਕਾਰਿਆ ਹੈ। ਇਸ ਦੀ ਪੂਰਤੀ ਲਈ ਹਜਾਰਾਂ ਲੜਾਈਆਂ ਅਤੇ ਸੰਧੀਆਂ ਮਨੁੱਖ ਨੇ ਜ਼ਿੰਦਗੀ ਦੇ ਹਰ ਪੱਧਰ ਤੇ ਕੀਤੀਆਂ ਜੋ ਅੱਜ ਤੱਕ ਜਾਰੀ ਹਨ। ਪਰ ਸਥਾਈ ਸ਼ਾਂਤੀ ਉਸ ਲਈ ਰਹੱਸ ਦਾ ਵਿਸ਼ਾ ਹੀ ਬਣੀ ਹੋਈ ਹੈ। ਅੱਜ ਆਧੁਨਿਕ ਅਤੇ ਵਿਗਿਆਨਿਕ ਤਕਨੀਕਾਂ ਦੇ ਸਾਹਰੇ ਪਦਾਰਥਾਂ ਦੇ ਭੋਗ ਨੂੰ ਸ਼ਾਂਤੀ ਪ੍ਰਾਪਤੀ ਦਾ ਸਾਧਨ ਮੰਨਿਆ ਜਾਂਦਾ ਹੈ।"ਇਸੇ ਪ੍ਰਵਿਰਤੀ ਅਧੀਨ ਹਰ ਵਿਅਕਤੀ ਆਪਣੇ ਖੇਤਰ ਦੇ ਅਨੁਸਾਰ ਇਹਨਾਂ ਧਾਰਨਾਵਾਂ ਦਾ ਰਾਹੀ ਬਣ ਮੰਜਿਲ ਨੂੰ ਪ੍ਰਾਪਤ

ਕਰਨ ਲਈ ਤੱਤਪਰ ਹੈ। ਪਰਮਾਤਮਾ ਦੀ ਇੱਕਤਾ ਨੂੰ ਹੀ ਸ੍ਰਿਸ਼ਟੀ ਅਤੇ ਸਮਾਜ ਵਿਚਲੀ ਏਕਤਾ ਦਾ ਪ੍ਰਤੀਕ ਮੰਨਿਆ ਗਿਆ ਹੈ। ਜੇਕਰ ਪਰਮਾਤਮਾ ਦਵੈਤ ਰੂਪ ਹੈ ਤਾਂ ਸ੍ਰਿਸ਼ਟੀ ਦੇ ਵੀ ਇਕ ਤੋਂ ਵਧੇਰੇ ਰਚਨਹਾਰੇ ਸਾਹਮਣੇ ਆ ਸਕਦੇ ਹਨ ਅਤੇ ਸਮਾਜ ਵਿਚ ਦੋ ਇਕਾਈਆਂ ਬਣ ਜਾਣਗੀਆਂ। ਸਮਾਜ ਵਿਚ ਦਵੈਤ ਦੀ ਭਾਵਨਾ ਮਨੁੱਖੀ ਏਕਤਾ ਕਾਇਮ ਨਹੀਂ ਕਰ ਸਕਦੀ।"[17]

ਪਰ ਜਦ ਵੀ ਮਨੁੱਖ ਸ਼ਾਂਤੀ ਦੀ ਤਲਾਸ਼ ਲਈ ਆਤਮਿਕ ਸੁੱਖ ਨੂੰ ਭੁੱਲ ਕੇ ਮਨ ਦੀ ਦੌੜ ਵਿਚ ਲੱਗਾ ਹੈ ਤਾਂ ਅਸ਼ਾਂਤੀ ਦੀ ਪ੍ਰਾਪਤੀ ਤੋਂ ਬਿਨਾ ਉਸ ਦੇ ਹੱਥ ਕੁੱਝ ਵੀ ਨਹੀਂ ਲੱਗਾ। ਮਨੁੱਖੀ ਮਨ ਦੀ ਇਸ ਪ੍ਰਵਿਰਤੀ ਨੂੰ ਖਤਮ ਕਰਨ ਲਈ ਕੁੱਝ ਵਿਅਕਤੀ ਅਤੇ ਸੰਸਥਾਵਾਂ ਉਪਰਾਲੇ ਕਰ ਰਹੀਆਂ ਹਨ। ਪਰੰਤੂ ਉਹਨਾਂ ਕੋਲ ਸਮੱਸਿਆ ਦਾ ਠੋਸ ਹੱਲ ਨਹੀਂ ਹੈ ਕਿਉਂਕਿ ਅਸ਼ਾਂਤ ਮਨੁੱਖੀ ਮਨ ਨੂੰ ਵੱਸ ਵਿਚ ਕਰਨ ਦੀ ਥਾਂ ਬਾਹਰੀ ਪੱਖਾਂ ਤੇ ਵਿਚਾਰ ਕੀਤਾ ਜਾ ਰਿਹਾ ਹੈ। ਇਸ ਮਰਜ ਦਾ ਪੱਕਾ ਇਲਾਜ ਲੱਭਣ ਲਈ ਸਾਡਾ ਅਕਾਲ ਪੁਰਖ ਨੂੰ ਜਾਨਣਾ ਬਹੁਤ ਹੀ ਜਰੂਰੀ ਹੈ। ਜਦ ਤੱਕ ਅਸੀਂ ਆਪਣੇ ਜੀਵਨ ਅੰਦਰ ਪਰਮਾਤਮਾ ਨੂੰ ਜਾਣ ਨਹੀਂ ਲੈਂਦੇ, ਅਸੀਂ ਹਮੇਸ਼ਾ ਦੁੱਖੀ ਅਤੇ ਅਸ਼ਾਂਤ ਹੀ ਰਹਾਗੇ। ਇਸ ਲਈ ਲੋੜ ਹੈ, ਪਰਮਾਤਮਾ ਨੂੰ ਜਾਣਨ ਦੀ ਤਾਂ ਜੋ ਸਾਡਾ ਵੀ ਜੀਵਨ ਸਫ਼ਲ ਹੋ ਸਕੇ।

**ਸਤਿਗੁਰੂ ਦਾ ਸਰੂਪ–**ਗੁਰੂ ਅਰਜਨ ਦੇਵ ਜੀ ਦੀ ਰਚਨਾ ਸੁਖਮਨੀ ਬਾਣੀ ਦਾ ਮੂਲ ਵਿਸ਼ਾ ਸਤਿਗੁਰੂ ਉੱਪਰ ਆਧਰਿਤ ਹੈ। ਗੁਰੂ ਜੀ ਨੇ ਆਪਣੀ ਬਾਣੀ ਵਿਚ ਇਕ ਗੁਰੂ ਦੀ ਪਛਾਣ ਅਤੇ ਗੁਰੂ ਦੀ ਮਹਾਨਤਾ ਨੂੰ ਦਰਸਾਇਆ ਹੈ। ਸੁਖਮਨੀ ਬਾਣੀ ਅੰਦਰ ਦੱਸਿਆ ਗਿਆ ਹੈ ਕਿ ਅਸੀਂ ਸਤਿਗੁਰੂ ਦੀ ਕਿਰਪਾ ਨਾਲ ਹੀ ਬ੍ਰਹਮਗਿਆਨੀ ਬਣ ਸਕਦੇ ਹਾਂ। ਗੁਰੂ ਅਰਜਨ ਦੇਵ ਜੀ ਇਕ ਸਲੋਕ ਅੰਦਰ ਦੱਸਦੇ ਹਨ :

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ॥[18]

ਗੁਰੂ ਜੀ ਆਪਣੀ ਬਾਣੀ ਅੰਦਰ ਦੱਸਦੇ ਹਨ ਕਿ ਜੋ ਪਰਮਾਤਮਾ ਨੂੰ ਜਾਣ ਲੈਂਦਾ ਹੈ। ਭਾਵ ਕਿ ਜੋ ਸੱਚ ਦੀ ਪ੍ਰਾਪਤੀ ਕਰ ਲੈਂਦਾ ਹੈ। ਉਸ ਨੂੰ ਹੀ ਸਤਿਗੁਰੂ ਕਿਹਾ ਜਾਂਦਾ ਹੈ। ਇਸ ਸੰਸਾਰ ਅੰਦਰ ਗੁਰੂ ਤਾਂ ਬਹੁਤ ਹਨ ਪਰ ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਅੰਦਰ ਦੱਸਦੇ ਹਨ ਕਿ ਗੁਰੂ ਉਸ ਨੂੰ ਕਿਹਾ ਜਾਂਦਾ ਹੈ, ਜੋ ਪਰਮਾਤਮਾ ਦੇ ਦਰਸ਼ਨ ਕਰ ਲੈਂਦਾ ਹੈ ਤੇ ਦੂਜਿਆਂ ਨੂੰ ਦਰਸ਼ਨ ਕਰਾਉਣ ਦੀ ਸਮਰੱਥਾ ਰੱਖਦਾ ਹੋਵੇ। ਉਸ ਨੂੰ ਹੀ ਸਤਿਗੁਰੂ ਕਿਹਾ ਜਾਂਦਾ ਹੈ। ਸਤਿਗੁਰੂ ਦੀ ਸੰਗਤ ਕਰਨ ਨਾਲ ਸਤਿਗੁਰੂ ਦੇ ਸਿੱਖ ਦੇ ਅੰਦਰਲੇ ਵਿਕਾਰ ਖ਼ਤਮ ਹੋ ਜਾਂਦੇ ਹਨ। ਸਤਿਗੁਰੂ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਗੁਰੂ ਦੀ ਸ਼ਰਨ ਗਏ ਬਿਨਾ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ। "ਸਤਿਗੁਰੂ ਨਾਨਕ ਦੇਵ ਨੇ ਜਿਸ ਬ੍ਰਹਮ ਨੂੰ ਮਨੁੱਖ ਦੀ ਮੁਕਤੀ ਦਾ ਦਾਤਾ, ਸੰਸਾਰ ਦਾ ਖਾਲਕ, ਪਾਲਕ ਤੇ ਸੰਘਾਰਕ ਦੱਸਿਆ ਹੈ, ਉਸ ਨੂੰ ਗਿਆਨ ਰਾਹੀਂ ਪ੍ਰਾਪਤ ਕੀਤਾ ਜਾਂਦਾ ਹੈ, ਪਰ ਇਹ ਗੁਰੂ ਪਾਸੋਂ ਹੀ ਮਿਲ ਸਕਦਾ ਹੈ।"[19] ਗੁਰੂ ਜੀ ਫਰਮਾਨ ਕਰਦੇ ਹਨ ਕਿ ਸਾਨੂੰ ਵੀ ਗੁਰੂ ਦੀ ਸੰਗਤ ਕਰਨੀ ਚਾਹੀਦੀ ਹੈ ਤਾਂ ਜੋ ਅਸੀਂ ਵੀ ਪਰਮਾਤਮਾ ਨੂੰ ਜਾਣ ਸਕੀਏ।ਗੁਰੂ ਜੀ ਅੱਗੇ ਦੱਸਦੇ ਹਨ:

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥
ਸੇਵਕ ਕਉ ਗੁਰੁ ਸਦਾ ਦਇਆਲ॥
ਸਿਖ ਕੀ ਗੁਰੁ ਦੁਰਮਿਤ ਮੁਲ ਹਿਰੈ॥
ਗੁਰਬਚਨੀ ਹਰਿ ਨਾਮੁ ਉਚਰੈ॥
ਸਤਿਗੁਰੁ ਸਿਖ ਕੇ ਬੰਧਨ ਕਾਟੈ॥
ਗੁਰ ਕਾ ਸਿਖੁ ਬਿਕਾਰ ਤੇ ਹਾਟੈ॥[20]

ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਸਤਿਗੁਰੂ ਆਪਣੇ ਸਿੱਖ ਦੀ ਹਮੇਸ਼ਾ ਹੀ ਰੱਖਿਆ ਕਰਦਾ ਹੈ। ਗੁਰੂ ਹਮੇਸ਼ਾ ਹੀ ਆਪਣੇ ਸੇਵਕ ਉੱਤੇ ਮੇਹਰ ਕਰਦਾ ਹੈ। ਉਸ ਉੱਤੇ ਕਦੇ ਵੀ ਬੁਰਾ ਸਮਾਂ ਨਹੀਂ ਆਉਣ ਦਿੰਦਾ ਹੈ। ਸਤਿਗੁਰੂ ਦੇ ਸਿੱਖ ਅੰਦਰੋ ਵਿਕਾਰਾਂ ਦੀ ਮੈਲ ਆਪਣੇ-ਆਪ ਦੂਰ ਹੋ ਜਾਂਦੀ ਹੈ ਕਿਉਂਕਿ ਸਿੱਖ ਆਪਣੇ ਸਤਿਗੁਰੂ ਦੇ ਉਪਦੇਸ਼ ਰਾਹੀਂ ਉਹ ਪ੍ਰਭੂ ਦਾ ਨਾਮ ਸਿਮਰਨ ਕਰਦਾ ਹੈ। ਸਤਿਗੁਰੂ ਹੀ ਹੁੰਦਾ ਹੈ ਜੋ ਵਿਅਕਤੀ ਨੂੰ ਮਾਇਆ ਵਿਚੋਂ ਬਾਹਰ ਕੱਡ ਸਕਦਾ ਹੈ।ਜਿਸ ਨਾਲ ਇਕ ਸਿੱਖ ਦੇ ਵਿਕਾਰ ਵੀ ਖਤਮ ਹੋ ਜਾਸੇ ਹਨ।

ਗੁਰ ਕੈ ਗ੍ਰਿਹਿ ਸੇਵਕੁ ਕੋ ਰਹੈ॥
ਗੁਰ ਕੀ ਆਗਿਆ ਮਨ ਮਹਿ ਸਹੈ॥
ਆਪਸ ਕਉ ਕਰਿ ਕੁਛ ਨ ਜਨਾਵੈ॥
ਹਰਿ ਹਰਿ ਨਾਮੁ ਰਿਦ ਸਦ ਧਿਆਵੈ॥
ਮਨੁ ਬੇਚੈ ਸਤਿਗੁਰ ਕੈ ਪਾਸਿ॥
ਤਿਸੁ ਸੇਵਕ ਕੇ ਕਾਰਜ ਰਾਸਿ॥[21]

ਗੁਰੂ ਜੀ ਫਰਮਾਨ ਕਰਦੇ ਹਨ ਕਿ ਜਿਹੜੇ ਸੇਵਕ ਗੁਰੂ ਘਰ ਰਹਿੰਦੇ ਹਨ। ਉਹ ਗੁਰੂ ਦੇ ਹੁਕਮ ਵਿਚ ਰਹਿੰਦੇ ਹਨ। ਪਰਮਾਤਮਾ ਦੇ ਨਾਮ ਸਿਮਰਨ ਨਾਲ ਵਿਅਕਤੀ ਹਮੇਸ਼ਾ ਨੀਵਾਂ ਹੋ ਕੇ ਜੀਵਨ ਬਤੀਤ ਕਰਦਾ ਹੈ।ਉਹ ਆਪਣੇ ਆਪ ਨੂੰ ਵੱਡਾ ਨਹੀਂ ਜਤਾਉਂਦਾ। ਸਤਿਗੁਰੂ ਦੇ ਅੱਗੇ ਜੋ ਆਪਣਾ-ਆਪ ਸਭ ਕੁੱਝ ਸੋਂਪ ਦਿੰਦਾ ਹੈ। ਪਰਮਾਤਮਾ ਉਸ ਸੇਵਕ ਦੇ ਸਾਰੇ ਕੰਮ ਸਿਰੇ ਚੜ੍ਹ ਦਿੰਦਾ ਹੈ।

ਬੀਸ ਬਿਸਵੇ ਗੁਰ ਕਾ ਮਨੁ ਮਾਨੈ॥
ਸੋ ਸੇਵਕੁ ਪਰਮੇਸੁਰ ਕੀ ਗਤਿ ਜਾਨੈ॥
ਸੋ ਸਤਿਗੁਰੂ ਜਿਸ ਰਿਦੈ ਹਰਿ ਨਾਉ॥
ਅਨਿਕ ਬਾਰ ਗੁਰ ਕਉ ਬਲਿ ਜਉ॥
ਸਰਬ ਨਿਧਾਨ ਜੀਅ ਕਾ ਦਾਤਾ॥
ਆਠ ਪਹਰ ਪਾਰਬ੍ਰਹਮ ਰੰਗਿ ਰਾਤਾ॥[22]

ਗੁਰੂ ਜੀ ਦੱਸਦੇ ਹਨ ਕਿ ਜਿਹੜਾ ਸੇਵਕ ਸਤਿਗੁਰੂ ਨੂੰ ਪੂਰੀ ਸ਼ਰਧਾ ਨਾਲ ਪਾ ਲੈਂਦਾ ਹੈ। ਉਹ ਪਰਮਾਤਮਾ ਨੂੰ ਜਾਣ ਲੈਂਦਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਅੰਦਰ ਸਤਿਗੁਰੂ ਦੀ ਪਹਿਚਾਣ ਕਰਵਾਈ ਹੈ ਕਿ ਸਤਿਗੁਰੂ ਉਸ ਨੂੰ ਕਿਹਾ ਜਾਂਦਾ ਹੈ ਜਿਸ ਦੇ ਹਿਰਦੇ ਅੰਦਰ ਪਰਮਾਤਮਾ ਦਾ ਨਾਮ ਹੋਵੇ ਭਾਵ ਕਿ ਜਿਸ ਦੇ ਮਨ ਅੰਦਰ ਪਰਮਾਤਮਾ ਦਾ ਵਾਸ ਹੋ ਜਾਵੇ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਮੈਂ ਐਸੇ ਗੁਰੂ ਤੋਂ ਸਦਕੇ ਜਾਂਦਾ ਹਾਂ। ਸਤਿਗੁਰੂ ਹੀ ਹੈ ਜੋ ਸਾਨੂੰ ਆਤਮਕ ਸੁੱਖ ਪ੍ਰਦਾਨ ਕਰਦਾ ਹੈ। ਕਿਉਂਕਿ ਸਤਿਗੁਰੂ ਹਰ ਸਮੇਂ ਪਰਮਾਤਮਾ ਦੇ ਰੰਗ ਵਿਚ ਰੰਗਿਆ ਹੁੰਦਾ ਹੈ।

ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮ॥
ਏਕਹਿ ਆਪਿ ਨਹੀ ਕਛੁ ਭਰਮੁ॥
ਸਹਸ ਸਿਆਨਪ ਲਇਆ ਨ ਜਾਈਐ॥
ਨਾਨਕ ਐਸਾ ਗੁਰੁ ਬਡ ਭਾਗੀ ਪਾਈਐ॥[23]

ਗੁਰੂ ਜੀ ਦੱਸਦੇ ਹਨ ਕਿ ਗੁਰੂ ਤੇ ਪਰਮਾਤਮਾ ਇਕ ਰੂਪ ਹੀ ਹੁੰਦੇ ਹਨ। ਇਸ ਲਈ ਸਾਨੂੰ ਹਮੇਸ਼ਾ ਗੁਰੂ ਨੂੰ ਪਰਮਾਤਮਾ ਹੀ ਸਮਝਣਾ ਚਾਹੀਦਾ ਹੈ। ਕਿਉਂਕਿ ਗੁਰੂ ਪਰਮਾਤਮਾ ਦਾ ਹੀ ਰੂਪ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਕਿ ਗੁਰੂ ਦੀ ਪ੍ਰਾਪਤੀ ਕਦੀ ਵੀ ਚਲਾਕੀ ਜਾ ਚਤੁਰਾਈ ਨਾਲ ਨਹੀਂ ਹੁੰਦੀ ਸਗੋਂ ਪਰਮਾਤਮਾ ਤੇ ਵੱਡੇ ਭਾਗਾਂ ਨਾਲ ਮਿਲਦਾ ਹੈ ।

ਜਿਹਬਾ ਏਕ ਉਸਤਤਿ ਅਨੇਕ॥
ਸਤਿ ਪੁਰਖ ਪੂਰਨ ਬਿਬੇਕ॥
ਕਾਹੂ ਬੋਲ ਨ ਪਹੁਚਤ ਪ੍ਰਾਨੀ॥
ਅਗਮ ਅਗੋਚਰ ਪ੍ਰਭ ਨਿਰਬਾਨੀ॥
ਨਿਰਾਹਾਰ ਨਿਰਵੈਰ ਸੁਖਦਾਈ॥
ਤਾ ਕੀ ਕੀਮਤਿ ਕਿਨੈ ਨ ਪਾਈ॥[24]

ਗੁਰੂ ਜੀ ਆਪਣੀ ਬਾਣੀ ਅੰਦਰ ਦੱਸੇ ਹਨ ਕਿ ਪਰਮਾਤਮਾ ਵਾਸਨਾਵਾਂ ਤੋਂ ਰਹਿਤ ਹੁੰਦਾ ਹੈ। ਪ੍ਰਭੂ ਨੂੰ ਕਿਸੇ ਪ੍ਰਕਾਰ ਦੇ ਖਾਣੇ ਦੀ ਲੋੜ ਨਹੀਂ ਪੈਂਦੀ ਹੈ।ਪਰਮਾਤਮਾ ਵੈਰ-ਵਿਰੋਧ ਤੋਂ ਦੂਰ ਹੈ। ਸਾਰਿਆਂ ਨੂੰ ਸੁੱਖ ਦੇਣ ਵਾਲਾ ਹੈ। ਕੋਈ ਵੀ ਪ੍ਰਾਣੀ ਪਰਮਾਤਮਾ ਦੇ ਗੁਣਾਂ ਦਾ ਮੁੱਲ ਨਹੀਂ ਪਾ ਸਕਦਾ ਹੈ। ਗੁਰੂ ਜੀ ਅੱਗੇ ਦੱਸਦੇ ਹਨ :

ਅਨਿਕ ਭਗਤ ਬੰਦਨ ਨਿਤ ਕਰਹਿ॥
ਚਰਨ ਕਮਲ ਹਿਰਦੈ ਸਿਮਰਹਿ॥
ਸਦ ਬਲਿਹਾਰੀ ਸਤਿਗੁਰ ਅਪਨੇ॥
ਨਾਨਕ ਜਿਸੁ ਪ੍ਰਸਾਦਿ ਐਸਾ ਪ੍ਰਭੁ ਜਪਨੇ॥[25]

ਸਾਰੇ ਹੀ ਭਗਤ ਪਰਮਾਤਮਾ ਨੂੰ ਨਮਸਕਾਰ ਕਰਦੇ ਹਨ ਅਤੇ ਪਰਮਾਤਮਾ ਦੇ ਚਰਨ ਕਮਲਾਂ ਨੂੰ ਹਮੇਸ਼ਾ ਹੀ ਆਪਣੇ ਹਿਰਦੇ ਅੰਦਰ ਰੱਖਦੇ ਹਨ। ਗੁਰੂ ਜੀ ਦੱਸਦੇ ਹਨ ਕਿ ਜਿਸ ਸਤਿਗੁਰੂ ਦੀ ਕਿਰਪਾ ਨਾਲ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ, ਮੈਂ ਹਮੇਸ਼ਾ ਹੀ ਆਪਣੇ ਗੁਰੂ ਤੋਂ ਸਦਕੇ ਜਾਂਦਾ ਹਾਂ। ਗੁਰੂ ਜੀ ਆਪਣੀ ਬਾਣੀ ਅੰਦਰ ਦੱਸਦੇ ਹਨ :

ਨਾਮ ਕੀ ਮਹਿਮਾ ਸੰਤ ਰਿਦ ਵਸੈ॥
ਸੰਤ ਪ੍ਰਤਾਪਿ ਦੁਰਤੁ ਸਭੁ ਨਸੈ॥
ਸੰਤ ਕਾ ਸੰਗੁ ਵਡ ਭਤਗੀ ਪਾਈਐ॥
ਸੰਤ ਕੀ ਸੇਵਾ ਨਾਮੁ ਧਿਆਈਐ॥
ਨਾਮ ਤੁਲਿ ਕਛੁ ਅਵਰੁ ਨ ਹੋਇ॥
ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ॥[26]

ਸੁਖਮਨੀ ਬਾਣੀ ਵਿਚ ਗੁਰੂ ਜੀ ਫਰਮਾਨ ਕਰਦੇ ਹਨ ਕਿ ਨਾਮ ਦੀ ਮਹਿਮਾ ਇਕ ਗੁਰੂ ਦੇ ਹਿਰਦੇ ਅੰਦਰ ਵੱਸੀ ਹੁੰਦੀ ਹੈ। ਗੁਰੂ ਦੀ ਕਿਰਪਾ ਨਾਲ ਹੀ ਜਦੋਂ ਸਾਨੂੰ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਤੇ ਇਸ ਦੇ ਨਾਲ ਹੀ ਮਨੁੱਖ ਦੇ ਪਾਪਾਂ ਦਾ ਅੰਤ ਹੋ ਜਾਂਦਾ ਹੈ। ਗੁਰੂ ਜੀ ਦੱਸਦੇ ਹਨ ਕਿ ਉਹ ਮਨੁੱਖ ਵੱਡੇ ਭਾਗਾਂ ਵਾਲਾ ਹੁੰਦਾ ਹੈ ਜਿਸ ਨੂੰ ਗੁਰੂ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਦੀ ਸੇਵਾ ਕਰਨ ਦੇ ਨਾਲ-ਨਾਲ ਮਨੁੱਖ ਨਾਮ ਸਿਮਰਨ ਨੂੰ ਵੀ ਸਿਮਰਦਾ ਹੈ। ਪਰਮਾਤਮਾ ਦੇ ਨਾਮ ਤੋਂ ਵੱਡਾ ਇਸ ਸੰਸਾਰ ਅੰਦਰ ਕੁੱਝ ਵੀ ਨਹੀਂ ਹੈ। ਗੁਰੂ ਜੀ ਕਹਿੰਦੇ ਹਨ ਕਿ ਸਤਿਗੁਰੂ ਦਾ ਸਨਮੁੱਖ ਕੋਈ ਵਿਰਲਾ ਹੀ ਹੁੰਦਾ ਹੈ।

ਸੁਖਮਨੀ ਬਾਣੀ ਨੂੰ ਪੜ੍ਹ ਕੇ ਅਸੀਂ ਇਹ ਕਹਿ ਸਕਦੇ ਹਾਂ ਕਿ ਜਿਵੇਂ ਰਾਤ ਦੇ ਹਨੇਰੇ ਵਿਚ ਤਾਂ ਅਸੰਖ ਤਾਰੇ ਚਮਕਦੇ ਹਨ ਪਰੰਤੂ ਫਿਰ ਉਹਨਾਂ ਦੁਆਰਾ ਭਰਪੂਰ ਰੌਸ਼ਨੀ ਨਹੀਂ ਹੁੰਦੀ। ਜਦੋਂ ਕਿ ਦਿਨ ਦੇ ਸਮੈਂ ਇਕੱਲੇ ਸੂਰਜ ਦੀ ਜੋਤੀ ਹੀ ਸਾਰੇ ਸੰਸਾਰ ਨੂੰ ਪ੍ਰਕਾਸ਼ਿਤ ਕਰ ਦਿੰਦੀ ਹੈ। ਠੀਕ ਇਸੇ ਪ੍ਰਕਾਰ ਸੰਸਾਰ ਅੰਦਰ ਅਨੇਕਾਂ ਵਿਚਾਰਾਂ ਵਾਲੇ ਲੋਕ ਆਪਣੀ-ਆਪਣੀ ਕਲਾ ਦਾ ਜੌਹਰ ਦਿਖਾਉਂਦੇ ਹਨ। ਇਸਦੇ ਦੁਆਰਾ ਉਹਨਾਂ ਦੀ ਅਗਿਆਨਤਾ ਦਾ ਅੰਧਕਾਰ ਦੂਰ ਨਹੀਂ ਹੁੰਦਾ। ਪਰੰਤੂ ਜਦੋਂ ਗੁਰੂ ਰੂਪੀ ਸੂਰਜ ਸਾਡੇ ਜੀਵਨ ਅੰਦਰ ਪ੍ਰਗਟ ਹੁੰਦਾ ਹੈ ਤਾਂ ਸਾਡੇ ਅੰਦਰ ਸਮਾਇਆ ਅਗਿਆਨਤਾ ਦਾ ਅੰਧਕਾਰ ਜੜ੍ਹ ਤੋਂ ਖਤਮ ਹੋ ਜਾਂਦਾ ਹੈ ਅਤੇ ਇਕ ਪਰਮ ਅਲੌਕਿਕ ਪ੍ਰਕਾਸ਼ ਸਾਡੇ ਸੰਪੂਰਨ ਜੀਵਨ ਅੰਦਰ ਛਾ ਜਾਂਦਾ ਹੈ। ਜਦੋਂ ਗੁਰੂ ਦੀ ਕਿਰਪਾ ਨਾਲ ਸ਼ਿਸ਼ ਦੇ ਜੀਵਨ ਅੰਦਰ ਪਰਿਵਰਤਨ ਆਉਂਦਾ ਹੈ ਤਾਂ ਉਦੋਂ ਸ਼ਿਸ਼ ਦੀ ਰਸਨਾ ਆਪਣੇ ਗੁਰੂ ਦੀ ਮਹਿਮਾ ਗਾਉਣ ਲਈ ਉਤਸੁਕ ਹੋ ਜਾਂਦੀ ਹੈ। ਵਿਅਕਤੀ ਦਾ ਕਰਤਵ ਹੈ ਕਿ ਉਹ ਸ਼ਾਧਨਾ, ਤਪੱਸਿਆ, ਘਾਲ-ਕਮਾਈ, ਗੁਰੂ ਪ੍ਰਤਿ ਸ਼ਰਧਾ ਆਦਿ ਨਾਲ ਆਪਣੇ ਆਪ ਨੂੰ ਇਸ ਯੋਗ ਬਣਾ ਲਵੇ ਕਿ ਅਗੰਮ ਸ਼ਕਤੀ ਦੀ ਉੱਚਤਮ ਅਵਸਥਾ ਉਸ ਨੂੰ ਆਪਣੇ ਪ੍ਰਗਟਾਉ ਦਾ ਮਾਧਿਅਮ ਬਣਾ ਲਵੇ। ਸੁਖਮਨੀ ਬਾਣੀ ਸਾਨੂੰ ਵੀ ਸਤਿਗੁਰੂ ਦੇ ਇਕ ਅਜਿਹੇ ਹੀ ਰੂਪ ਬਾਰੇ ਜਾਣਕਾਰੀ ਦਿੰਦੀ ਹੈ। ਭਾਵ ਕਿ ਸਤਿਗੁਰੂ ਉਸ ਨੂੰ ਕਿਹਾ ਜਾਂਦਾ ਹੈ, ਜਿਸ ਅੰਦਰ ਸਾਰੇ ਵਿਸ਼ਵ ਲਈ ਦਿਵਯ ਭਾਵ ਸਮਾਰੇ ਹੋਏ ਹਨ। ਜਿੰਨ੍ਹਾਂ ਦੇ ਅਲੌਕਿਕ ਵਿਅਕਤੀਤੱਵ ਚੋਂ ਵਿਸ਼ਵ ਸ਼ਾਂਤੀ ਦੀ ਹੀ ਸੁਗੰਧ ਆਉਂਦੀ ਹੈ। ਜਿੰਨ੍ਹਾਂ ਦੇ ਹਿਰਦੇ ਅੰਦਰ ਸਮੁੱਚੀ ਮਨੁੱਖ ਜਾਤੀ ਲਈ ਉਦਾਰ ਭਾਵਨਾਂ

ਹੈ। ਜਿੰਨ੍ਹਾਂ ਦੀ ਇਕ ਸੋਚ ਵਿਸ਼ਵ ਸ਼ਾਂਤੀ ਦੇ ਲਕਸ਼ ਨੂੰ ਪੂਰਨ ਕਰਨ ਦੀ ਸਮਰੱਥਾ ਰੱਖਦੀ ਹੈ। ਸਤਿਗੁਰੂ ਦੇ ਇੰਨ੍ਹੇ ਵਿਰਾਟ ਵਿਅਕਤੀਤੱਵ ਨੂੰ ਸਮਝਾਉਣ ਲਈ ਗੁਰੂ ਅਰਜਨ ਦੇਵ ਜੀ ਨੇ ਆਪਣੀ ਪੂਰੀ ਰਚਨਾ ਵਿਚ ਸਤਿਗੁਰੂ ਦੀ ਮਾਹਨਤਾ ਨੂੰ ਦੱਸਿਆ ਹੈ। ਸਾਡੇ ਜੀਵਨ ਦਾ ਮੂਲ ਉਦੇਸ਼ ਪਰਮਾਤਮਾ ਦੀ ਪ੍ਰਾਪਤੀ ਹੈ ਅਤੇ ਪਰਮਾਤਮਾ ਦੀ ਪ੍ਰਾਪਤੀ ਸਤਿਗੁਰੂ ਤੋਂ ਬਿਨਾਂ ਕਦੇ ਵੀ ਨਹੀਂ ਹੋ ਸਕਦੀ। ਇਸ ਲਈ ਸਾਡੇ ਜੀਵਨ ਵਿਚ ਸਤਿਗੁਰੂ ਦਾ ਹੋਣਾ ਬਹੁਤ ਹੀ ਜਰੂਰੀ ਹੈ। ਗੁਰੂ ਦੁਆਰਾ ਹੀ ਅਸੀਂ ਆਤਮਕ ਸੁੱਖ ਦੀ ਪ੍ਰਾਪਤੀ ਕਰ ਸਕਦੇ ਹਾਂ।ਇਸ ਕਰਕੇ ਸਾਨੂੰ ਵੀ ਅੱਜ ਲੋੜ ਹੈ ਸਤਿਗੁਰੂ ਦੀ, ਜਿਸ ਦੇ ਦੁਆਰਾ ਅਸੀਂ ਆਪਣੇ ਜੀਵਨ ਨੂੰ ਸਫ਼ਲ ਕਰ ਸਕਦੇ ਹਾਂ।

**ਬ੍ਰਹਮਗਿਆਨੀ ਦਾ ਸਰੂਪ–**ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਬਾਣੀ ਅੰਦਰ ਬ੍ਰਹਮਗਿਆਨੀ ਦੇ ਜੀਵਨ ਨੂੰ ਪੇਸ਼ ਕੀਤਾ ਹੈ। ਭਾਵ ਕਿ ਬ੍ਰਹਮਗਿਆਨੀ ਉਸ ਇਨਸਾਨ ਨੂੰ ਕਿਹਾ ਜਾਂਦਾ ਹੈ, ਜਿਸ ਕੋਲ ਪਰਮਾਤਮਾ ਦਾ ਬ੍ਰਹਮ ਗਿਆਨ (ਨਾਮ ਸਿਮਰਨ) ਹੋਵੇ। ਜਦੋਂ ਇਕ ਇਨਸਾਨ ਨੂੰ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਉਹ ਆਪਣੇ ਜੀਵਨ ਅੰਦਰ ਪਰਮਾਤਮਾ ਨੂੰ ਪਾ ਲੈਂਦਾ ਹੈ।ਗੁਰੂ ਅਰਜਨ ਦੇਵ ਜੀ ਇਕ ਸਲੋਕ ਅੰਦਰ ਦੱਸਦੇ ਹਨ:

ਮਨਿ ਸਾਚਾ ਮੁਖਿ ਸਾਚਾ ਸੋਇ॥
ਅਵਰੁ ਨ ਪੇਖੈ ਏਕਸੁ ਬਿਨੁ ਕੋਇ॥
ਨਾਨਕ ਇਹ ਲਛਣ ਬ੍ਰਹਮਗਿਆਨੀ ਹੋਇ॥[27]

ਗੁਰੂ ਜੀ ਨੇ ਬਾਣੀ ਅੰਦਰ ਦੱਸਿਆ ਹੈ ਕਿ ਜਿਸ ਮਨੁੱਖ ਦੇ ਅੰਦਰ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ। ਉਸ ਵਿਅਕਤੀ ਦੇ ਮਨ ਵਿਚੋਂ ਈਰਖਾ, ਨਫ਼ਰਤ ਆਦਿ ਸਭ ਕੁੱਝ ਖ਼ਤਮ ਹੋ ਜਾਂਦਾ ਹੈ।ਉਸ ਦੇ ਮਨ ਵਿਚ ਕਿਸੇ ਵੀ ਪ੍ਰਕਾਰ ਦੀ ਮੈਲ ਨਹੀਂ ਰਹਿੰਦੀ ਭਾਵ ਕਿ ਉਸ ਦਾ ਮਨ ਸਾਫ਼ ਹੋ ਜਾਂਦਾ ਹੈ ਅਤੇ ਉਸ ਦੇ ਮੂੰਹੋਂ ਹਮੇਸ਼ਾ ਹੀ ਚੰਗੇ ਵਿਚਾਰ ਹੀ ਸੁਣਨ ਨੂੰ ਮਿਲਦੇ ਹਨ। ਗੁਰੂ ਜੀ ਕਹਿੰਦੇ ਹਨ ਕਿ ਇਹ ਗੁਣ ਇਕ ਬ੍ਰਹਮਗਿਆਨੀ ਵਿਚ ਹੁੰਦੇ ਹਨ।

ਬ੍ਰਹਮਗਿਆਨੀ ਸਦਾ ਨਿਰਲੇਪ॥
ਜੈਸੇ ਜਲ ਮਹਿ ਕਮਲ ਅਲੇਪ॥
ਬ੍ਰਹਮਗਿਆਨੀ ਸਦਾ ਨਿਰਦੋਖ॥
ਜੈਸੇ ਸੂਰੁ ਸਬਰ ਕਉ ਸੋਖ॥
ਬ੍ਰਹਮਗਿਆਨੀ ਕੈ ਦ੍ਰਿਸਟਿ ਸਮਾਨਿ॥
ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ॥[28]

ਗੁਰੂ ਜੀ ਆਪਣੀ ਬਾਣੀ ਵਿਚ ਦੱਸਦੇ ਹਨ ਕਿ ਬ੍ਰਹਮਗਿਆਨੀ ਇਨਸਾਨ ਦੁਨੀਆਵੀ ਵਿਕਾਰਾਂ ਤੋਂ ਮੁਕਤ ਹੁੰਦਾ ਹੈ। ਜਿਸ ਪ੍ਰਕਾਰ ਕਮਲ ਦਾ ਫੁੱਲ ਚਿਕੜ ਵਿਚ ਵੀ ਸਾਫ਼ ਰਹਿੰਦਾ ਹੈ, ਸੂਰਜ ਆਪਣੇ ਤਾਪ ਨਾਲ ਸਾਰੇ ਰਸਾਂ ਨੂੰ ਸੁਕਾ ਦਿੰਦਾ ਹੈ । ਇਸੇ ਪ੍ਰਕਾਰ ਬ੍ਰਹਮਗਿਆਨੀ ਮਨੁੱਖ ਨਾਮ ਸਿਮਰਨ ਦੁਆਰਾ ਆਪਣੇ ਸਾਰੇ ਪਾਪਾਂ ਨੂੰ ਸਾੜ ਦਿੰਦਾ ਹੈ ਅਤੇ ਪਾਪਾਂ ਤੋਂ ਮੁਕਤ ਹੋ ਜਾਂਦਾ ਹੈ।ਗੁਰੂ ਜੀ ਦੱਸਦੇ ਹਨ ਕਿ ਕੁਦਰਤ ਦਾ ਇਕ ਨਿਯਮ ਹੈ ਉਹ ਸਾਰਿਆਂ ਨੂੰ ਬਰਾਬਰ ਰੱਖਦੀ ਹੈ ਭਾਵੇਂ ਉਹ ਰਾਜਾ ਹੋਵੇ ਜਾਂ ਫਿਰ ਕੰਗਾਲ, ਉਹ ਹਵਾ ਸਾਰਿਆਂ ਨੂੰ ਸਮਾਨ ਹੀ ਦਿੰਦੀ

ਹੈ।ਇਸੇ ਤਰ੍ਹਾਂ ਹੀ ਇਕ ਬ੍ਰਹਮਗਿਆਨੀ ਅੰਦਰ ਭੇਦ-ਭਾਵ ਖ਼ਤਮ ਹੋ ਜਾਂਦਾ ਹੈ। ਉਸ ਦੀ ਨਜ਼ਰ ਵਿਚ ਸਾਰੇ ਇਕ ਸਮਾਨ ਹੁੰਦੇ ਹਨ।

ਬ੍ਰਹਮਗਿਆਨੀ ਕੈ ਧੀਰਜੁ ਏਕ॥
ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥
ਬ੍ਰਹਮਗਿਆਨੀ ਕਾ ਇਹੈ ਗੁਨਾਉ॥
ਨਾਨਕ ਜਿਉ ਪਾਵਕ ਕਾ ਸਹਜ ਸੁਭਾਉ॥[29]

ਭਾਵ ਕਿ ਇਕ ਬ੍ਰਹਮਗਿਆਨੀ ਨੂੰ ਕੋਈ ਭਲਾ ਕਹੇ ਜਾਂ ਬੁਰਾ ਕਹੇ ਪਰ ਉਸ ਨੂੰ ਕੋਈ ਵੀ ਫ਼ਰਕ ਨਹੀਂ ਪੈਂਦਾ ਕਿਉਂਕਿ ਉਹ ਪਰਮਾਤਮਾ ਨੂੰ ਜਾਣ ਲੈਂਦਾ ਹੈ ਅਤੇ ਦੂਸਰਿਆਂ ਵਿਚ ਵੀ ਪਰਮਾਤਮਾ ਨੂੰ ਹੀ ਦੇਖਦਾ ਹੈ। ਬ੍ਰਹਮਗਿਆਨੀ ਇਨਸਾਨ ਦੇ ਅੰਦਰ ਸਬਰ, ਸਹਿਣਸ਼ੀਲਤਾ ਆਦਿ ਗੁਣ ਆ ਜਾਂਦੇ ਹਨ। ਜਿਸ ਕਾਰਨ ਉਹ ਕਿਸੇ ਬਾਰੇ ਵੀ ਬੁਰਾ ਨਹੀਂ ਸੋਚਦਾ ਹੈ। ਜਿਵੇਂ ਧਰਤੀ ਤੇ ਕੋਈ ਕੁੱਝ ਬੁਰਾ ਕਰਦਾ ਹੈ ਅਤੇ ਕੋਈ ਧਰਤੀ ਚੰਦਨ ਦੇ ਲੇਪ ਕਰਦਾ ਹੈ। ਪਰ ਧਰਤੀ ਨੂੰ ਕੋਈ ਵੀ ਫ਼ਰਕ ਨਹੀਂ ਪੈਂਦਾ।ਗੁਰੂ ਜੀ ਅੱਗੇ ਫਰਮਾਨ ਕਰਦੇ ਹਨ:

ਬ੍ਰਹਮਗਿਆਨੀ ਨਿਰਮਲ ਤੇ ਨਿਰਮਲਾ॥
ਜੈਸੇ ਮੈਲੁ ਨ ਲਾਗੈ ਜਲਾ॥
ਬ੍ਰਹਮਗਿਆਨੀ ਕੈ ਮਨਿ ਹੋਇ ਪ੍ਰਗਾਸੁ॥
ਜੈਸੇ ਧਰ ਊਪਰਿ ਆਕਾਸੁ॥
ਬ੍ਰਹਮਗਿਆਨੀ ਕੈ ਮਿਤ੍ਰ ਸਤ੍ਰ ਸਮਾਨਿ॥
ਬ੍ਰਹਮਗਿਆਨੀ ਕੈ ਨਾਹੀ ਅਭਿਮਾਨ॥[30]

ਭਾਵ ਕਿ ਜਿਵੇਂ ਪਾਣੀ ਨੂੰ ਕਦੇ ਵੀ ਮੈਲ ਨਹੀਂ ਰਹਿੰਦੀ। ਉਸੇ ਤਰ੍ਹਾਂ ਇਕ ਬ੍ਰਹਮਗਿਆਨੀ ਮਨੁੱਖ ਦੇ ਅੰਦਰ ਵੀ ਵਿਕਾਰਾਂ ਦੀ ਮੈਲ ਖ਼ਤਮ ਹੋ ਜਾਦੀ ਹੈ। ਉਹ ਵੀ ਪਾਣੀ ਵਾਂਗ ਨਿਰਮਲ ਹੋ ਜਾਂਦਾ ਹੈ।ਜਿਵੇਂ ਧਰਤੀ ਉੱਪਰ ਆਕਾਸ਼ ਹੈ। ਇਸੇ ਹੀ ਤਰ੍ਹਾਂ ਜਦੋਂ ਇਕ ਵਿਅਕਤੀ ਨੂੰ ਬ੍ਰਹਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਤਾਂ ਉਸ ਦੇ ਮਨ ਅੰਦਰ ਪਰਮਾਤਮਾ ਦੀ ਜੋਤ ਦਾ ਪ੍ਰਕਾਸ਼ ਹੁੰਦਾ ਹੈ। ਭਾਵ ਕਿ ਉਹ ਆਪਣੇ ਅੰਦਰ ਪਰਮਾਤਮਾ ਦਾ ਦਰਸ਼ਨ ਕਰਦਾ ਹੈ।ਜਿਸ ਨਾਲ ਉਸ ਦਾ ਜੀਵਨ ਸਾਰਥਾਕ ਹੋ ਜਾਂਦਾ ਹੈ।ਜਦੋਂ ਇਕ ਵਿਅਕਤੀ ਪਰਮਾਤਮਾ ਦਾ ਆਪਣੇ ਅੰਦਰ ਦਰਸ਼ਨ ਕਰਦਾ ਹੈ ਤਾਂ ਉਸ ਲਈ ਨਾ ਕੋਈ ਵੈਰੀ ਤੇ ਨਾ ਕੋਈ ਸੱਜਣ ਹੁੰਦਾ ਹੈ। ਉਹ ਸਾਰਿਆ ਨੂੰ ਇਕ ਹੀ ਸਮਾਨ ਰੱਖਦਾ ਹੈ।ਉਸ ਅੰਦਰ ਅਹੰਕਾਰ ਨਹੀਂ ਰਹਿੰਦਾ ਸਗੋਂ ਚੰਗੇ ਗੁਣ ਜਨਮ ਲੈਂਦੇ ਹਨ।

ਬ੍ਰਹਮਗਿਆਨੀ ਏਕ ਊਪਰਿ ਆਸ॥
ਬ੍ਰਹਮਗਿਆਨੀ ਕਾ ਨਹੀ ਬਿਨਾਸ॥
ਬ੍ਰਹਮਗਿਆਨੀ ਕੈ ਗਰੀਬੀ ਸਮਾਹਾ॥
ਬ੍ਰਹਮਗਿਆਨੀ ਪਰਉਪਕਾਰ ਉਮਾਹਾ॥

ਬ੍ਰਹਮਗਿਆਨੀ ਕੈ ਨਾਹੀ ਧੰਧਾ॥

ਬ੍ਰਹਮਗਿਆਨੀ ਲੇ ਧਾਵਤੁ ਬੰਧਾ॥[31]

ਗੁਰੂ ਜੀ ਦੱਸਦੇ ਹਨ ਕਿ ਬ੍ਰਹਮਗਿਆਨੀ ਇਕ ਅਕਾਲ ਪੁਰਖ ਪਰਮਾਤਮਾ ਉਤੇ ਆਸ ਰੱਖਦਾ ਹੈ ਅਤੇ ਬ੍ਰਹਮਗਿਆਨੀ ਦੀ ਉੱਚੀ ਆਤਮਕ ਅਵਸਥਾ ਦਾ ਕਦੇ ਵੀ ਨਾਸ਼ ਨਹੀਂ ਹੁੰਦਾ ਹੈ। ਬ੍ਰਹਮਗਿਆਨੀ ਦੇ ਹਿਰਦੇ ਅੰਦਰ ਗਰੀਬੀ ਦੇ ਭਾਵ ਟਿੱਕੇ ਹਨ। ਉਸ ਹਮੇਸ਼ਾ ਛੋਟਾ ਰਹਿ ਕੇ ਹੀ ਜੀਵਨ ਬਤੀਤ ਕਰਨਾ ਚਹੁੰਦਾ ਹੈ ਅਤੇ ਆਪਣੇ ਜੀਵਨ ਨੂੰ ਦੂਜਿਆਂ ਦੇ ਭਲੇ ਵਿਚ ਲਗਾਉਂਦਾ ਹੈ। ਇਕ ਬ੍ਰਹਮਗਿਆਨੀ ਵਿਅਕਤੀ ਦੇ ਮਨ ਵਿਚ ਮਾਇਆ ਦਾ ਕੋਈ ਵੀ ਜੰਜਾਲ ਨਹੀਂ ਰਹਿੰਦਾ। ਉਸ ਦੇ ਮਨ ਦੀ ਭਟਕਣਾ ਮੁਕ ਜਾਂਦੀ ਹੈ ਅਤੇ ਉਹ ਮਾਇਆ ਦੀ ਖੇਡ ਵਿਚ ਨਹੀਂ ਆਉਂਦਾ ਹੈ। ਉਸ ਦਾ ਮਨ ਪਰਮਾਤਮਾ ਨਾਲ ਜੁੜ ਜਾਂਦਾ ਹੈ।

ਬ੍ਰਹਮਗਿਆਨੀ ਕੈ ਹੋਇ ਸੁ ਭਲਾ॥

ਬ੍ਰਹਮਗਿਆਨੀ ਸੁਫਲ ਫਲਾ॥

ਬ੍ਰਹਮਗਿਆਨੀ ਸੰਗਿ ਸਗਲ ਉਧਾਰੁ॥

ਨਾਨਕ ਬ੍ਰਹਮਗਿਆਨੀ ਜਪੈ ਸਗਲ ਸੰਸਾਰੁ॥[32]

ਭਾਵ ਕਿ ਬ੍ਰਹਮਗਿਆਨੀ ਹਮੇਸ਼ਾ ਪਰਮਾਤਮਾ ਦੀ ਰਜ਼ਾ ਵਿਚ ਰਹਿੰਦਾ ਹੇ ਅਤੇ ਇਸ ਵਿਚ ਹੀ ਆਪਣੀ ਭਲਾਈ ਮੰਨਦਾ ਹੈ। ਇਸੇ ਪ੍ਰਕਾਰ ਇਕ ਬ੍ਰਹਮਗਿਆਨੀ ਦਾ ਮਨੁੱਖਾਂ ਜਨਮ ਸਫਲ ਹੋ ਜਾਂਦਾ ਹੈ। ਗੁਰੂ ਜੀ ਦੱਸਦੇ ਹਨ ਕਿ ਬ੍ਰਹਮਗਿਆਨੀ ਦੀ ਸੰਗਤ ਕਰਨ ਨਾਲ ਸਭ ਦਾ ਭਲਾ ਹੁੰਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਬ੍ਰਹਮਗਿਆਨੀ ਦੇ ਰਾਹੀ ਸਾਰਾ ਸੰਸਾਰ ਹੀ ਪਰਮਾਤਮਾ ਦਾ ਨਾਮ ਜਪਣ ਲੱਗ ਜਾਂਦਾ ਹੈ।

ਅੱਜ ਜਬਰ ਜਹਾਨ ਦੀਆਂ ਘਟਨਾਵਾਂ ਦਿਨ-ਪ੍ਰਤੀ-ਦਿਨ ਵੱਧ ਰਹੀਆਂ ਹਨ। ਆਪਸੀ ਭਾਈਚਾਰਕ ਸਾਂਝ, ਰਿਸ਼ਤੇ ਟੁੱਟਦੇ ਜਾ ਰਹੇ ਹਨ। ਇੱਕ-ਦੂਜੇ ਦਾ ਦੁੱਖ-ਦਰਦ ਸਮਝਣ ਤੇ ਵੰਡਣ ਦੀ ਪਰਉਪਕਾਰੀ ਭਾਵਨਾ ਸਮਾਪਤ ਹੁੰਦੀ ਜਾ ਰਹੀ ਹੈ। ਸਾਰਾ ਪ੍ਰਬੰਧ ਹੀ ਵਿਗੜ ਗਿਆ ਹੈ। ਇਸ ਲਈ ਲੋੜ ਹੈ ਮਨੁੱਖ ਨੂੰ ਅਧਿਆਤਮਕ ਬ੍ਰਹਮ ਗਿਆਨ ਦੀ, ਤੇ ਇਸ ਬ੍ਰਹਮਗਿਆਨ ਦਾ ਸਰੋਤ ਹੈ ਸੁਖਮਨੀ ਬਾਣੀ ਭਾਵ ਕਿ ਸੁਖਮਨੀ ਬਾਣੀ ਵਿਚ ਦੱਸਿਆ ਗਿਆ ਹੈ ਕਿ ਸਤਿਗੁਰੂ ਦੁਆਰਾ ਹੀਅਸੀਂ ਬ੍ਰਹਮ ਗਿਆਨ ਨੂੰ ਪ੍ਰਾਪਤ ਕਰ ਸਕਦੇ ਹਾਂ। ਜੇ ਅਸੀਂ ਵੀ ਆਪਣੇ ਜੀਵਨ ਅੰਦਰ ਅਤੇ ਸਮਾਜ ਅੰਦਰ ਪਰਿਵਰਤਨ ਲੈ ਕੇ ਆਉਣਾ ਹੈ ਤਾਂ ਸਾਨੂੰ ਵੀ ਉਸ ਬ੍ਰਹਮਗਿਆਨ ਦੀ ਲੋੜ ਹੈ। ਜਿਸ ਦੀ ਪ੍ਰਾਪਤੀ ਨਾਲ ਪਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ ਅਤੇ ਸਾਡੇ ਜੀਵਨ ਅੰਦਰ ਚੰਗੇ ਗੁਣਾਂ ਦਾ ਨਿਵਾਸ ਹੋ ਸਕਦਾ ਹੈ। ਇਸ ਲਈ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਬਾਣੀ ਅੰਦਰ ਬ੍ਰਹਮਗਿਆਨੀ ਦੀ ਮਹਾਨਤਾ ਨੂੰ ਦਰਸਾਇਆ ਹੈ।

**ਸਾਧ ਸੰਗਤ ਦਾ ਸਰੂਪ–**ਸਾਧ ਸੰਗਤ ਅਥਵਾ ਸਤਿ ਸੰਗਤ ਨੂੰ ਵਿਸ਼ੇਸ਼ ਸਥਾਨ ਦਿੱਤਾ ਗਿਆ ਹੈ। ਗੁਰਮਤਿ ਦਰਸ਼ਨ ਅਨੁਸਾਰ ਸਤਿ ਸੰਗਤ ਸਮਾਜਿਕ ਜੀਵਨ ਨੂੰ ਸੁਖਾਵਾਂ, ਮਨ ਨੂੰ ਸ਼ਾਂਤ ਅਤੇ ਆਚਰਨ ਨੂੰ ਪਵਿੱਤਰ ਬਣਾਉਂਦੀ

ਹੈ। ਆਚਰਨ ਦਾ ਸਮਾਜਕ ਜੀਵਨ ਨਾਲ ਸਿੱਧਾ ਸੰਬੰਧ ਹੈ। ਗੁਰਮਤਿ ਦੇ ਬਾਨੀ ਗੁਰੂ ਨਾਨਕ ਦੇਵ ਨੇ ਆਚਰਨ ਉਸਾਰੀ ਨੂੰ ਜਵਿਨ ਵਿਚ ਸ੍ਰੇਸ਼ਠ ਮੰਨਿਆ ਹੈ। ਚਰਿਤ੍ਰ ਉਸਾਰੀ ਲਈ ਸੰਤਾਂ ਦੀ ਸੰਗਤ ਨੂੰ ਮਹਾਂਪੁਰਸ਼ਾਂ ਨੇ ਅਨੁਕੂਲ ਅਤੇ ਲਾਹੇਵੰਦ ਸਮਝਿਆ ਹੈ ਕਿਉਂਕਿ ਸਾਧ ਸੰਗਤ ਵਿਚ ਸੁਣੇ ਵਿਚਾਰਾਂ ਨੂੰ ਗ੍ਰਹਿਣ ਕਰਨ ਉਪਰੰਤ ਵਿਅਕਤੀ ਸੱਚ ਦੇ ਮਾਰਗ ਉਤੇ ਚੱਲ ਕੇ ਕੁਰਾਹੇ ਪੈਣ ਅਤੇ ਭਟਕਣ ਤੋਂ ਬਚ ਜਾਂਦਾ ਹੈ। "ਸਮਾਜਕ ਜੀਵਨ ਬਿਤਾਉਣ ਲਈ ਸਾਧ ਸੰਗਤ ਦੇ ਵਾਤਾਵਰਨ ਦਾ ਸੰਕਲਪ ਗੁਰੂ ਨਾਨਕ ਦੇਵ ਤੋਂ ਬਾਅਦ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਵਿਅਕਤ ਕੀਤਾ ਹੈ।"[1]ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਬਾਣੀ ਅੰਦਰ ਸਾਧ ਸੰਗਤ ਦੀ ਮਹਾਨਤਾ ਨੂੰ ਦੱਸਿਆ ਹੈ ਕਿ ਸਾਧ ਦੀ ਸੰਗਤ ਕਰਨ ਨਾਲ ਸਾਡੇ ਜੀਵਨ ਦਾ ਸੁਧਾਰ ਹੁੰਦਾ ਹੈ।ਸਿਆਣਿਆ ਦਾ ਵੀ ਕਥਨ ਹੈ 'ਜੈਸੀ ਸੰਗਤ ਵੈਸੀ ਰੰਗਤ' ਭਾਵ ਕਿ ਵਿਅਕਤੀ ਜਿਸ ਤਰ੍ਹਾਂ ਦੀ ਸੰਗਤ ਕਰਦਾ ਹੈ। ਉਸ ਦਾ ਆਚਰਣ ਵੀ ਉਸੇ ਪ੍ਰਕਾਰ ਦਾ ਹੋ ਜਾਂਦਾ ਹੈ।ਇਸ ਕਰਕੇ ਸਾਨੂੰ ਆਪਣੇ ਜੀਵਨ ਅੰਦਰ ਸਾਧ ਦੀ ਸੰਗਤ ਕਰਨੀ ਚਾਹੀਦੀ ਹੈ ਤਾਂ ਜੋ ਸਾਡੇ ਵੀ ਜੀਵਨ ਦਾ ਕਲਿਆਣ ਹੋ ਸਕੇ। ਗੁਰੂ ਜੀ ਆਪਣੀ ਬਾਣੀ ਅੰਦਰ ਦੱਸਦੇ ਹਨ:

ਸਾਧ ਕੈ ਸੰਗਿ ਮੁਖ ਊਜਲ ਹੋਤ॥
ਸਾਧ ਸੰਗਿ ਮਲੁ ਸਗਲੀ ਖੋਤ॥
ਸਾਧ ਕੈ ਸੰਗਿ ਮਿਟੈ ਅਭਿਮਾਨੁ॥
ਸਾਧ ਕੈ ਸੰਗਿ ਪ੍ਰਗਟੈ ਸੁਗਿਆਨ॥[33]

ਭਾਵ ਕਿ ਗੁਰਮੁਖਾਂ ਦੀ ਸੰਗਤ ਕਰਨ ਨਾਲ ਵਿਅਕਤੀ ਦਾ ਮੂੰਹ ਵੀ ਊਜਵਲ ਹੁੰਦਾ ਹੈ। ਉਸ ਅੰਦਰ ਚੰਗੇ ਵਿਚਾਰ ਜਨਮ ਲੈਂਦੇ ਹਨ। ਸਾਧ ਦੀ ਸੰਗਤ ਨਾਲ ਉਸ ਦੀ ਅੰਦਰਲੀ ਮੈਲ (ਵਿਕਾਰ) ਦੂਰ ਹੁੰਦੀ ਹੈ। ਅੱਜ ਵਿਅਕਤੀ ਅੰਦਰੋ ਵਿਕਾਰਾਂ ਨਾਲ ਭਰਿਆ ਹੋਇਆ ਹੈ। ਪਰ ਜਦੋਂ ਉਹ ਚੰਗੇ ਵਿਅਕਤੀ ਦੀ ਸੰਗਤ ਕਰਦਾ ਹੈ ਤਾਂ ਉਸ ਦੇ ਅੰਦਰਲੇ ਵਿਕਾਰ ਆਪਣੇ-ਆਪ ਹੀ ਦੂਰ ਹੋ ਜਾਂਦੇ ਹਨ। ਸਾਧ ਦੀ ਸ਼ਰਨ ਵਿਚ ਜਾ ਕੇ ਵਿਅਕਤੀ ਦਾ ਅਹੰਕਾਰ ਖ਼ਤਮ ਹੁੰਦਾ ਹੈ ਅਤੇ ਸਾਧ ਦੁਆਰਾ ਹੀ ਗਿਆਨ ਪ੍ਰਗਟ ਹੋ ਸਕਦਾ ਹੈ।ਜਿਸ ਨਾਲ ਇਨਸਾਨ ਨੂੰ ਸਮਝ ਆਉਂਦੀ ਹੈ।ਗੁਰੂ ਦੇ ਨਾਲ ਹੀ ਪ੍ਰਭੂ ਦਾ ਦਰਸ਼ਨ ਹੋ ਸਕਦਾ ਹੈ। ਜਿਸ ਨਾਲ ਸਾਡੇ ਸਾਰੇ ਹੀ ਦੁੱਖ ਦੂਰ ਹੋ ਜਾਂਦੇ ਹਨ। ਵਿਅਕਤੀ ਦੇ ਅੰਦਰੋ ਬੁਰੇ ਸੰਸਕਾਰ ਅਤੇ ਵਾਸਨਾਵਾਂ ਆਦਿ ਸਭ ਖ਼ਤਮ ਹੋ ਜਾਂਦਾ ਹੈ।ਅਰਥਾਤ ਮਨੁੱਖ ਬੁਰੀ ਸੰਗਤ ਵਿਚ ਕਦੇ ਪੈਂਦਾ ਹੀ ਨਹੀਂ।

ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ॥
ਸਾਧ ਸੰਗਿ ਸਭੁ ਹੋਤ ਨਿਬੇਰਾ॥
ਸਾਧ ਕੈ ਸੰਗਿ ਪਾਏ ਨਾਮ ਰਤਨੁ॥
ਸਾਧ ਕੈ ਸੰਗਿ ਏਕੇ ਊਪਰਿ ਜਤਨੁ॥

1

ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ॥
ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ॥[34]

ਗੁਰੂ ਦੀ ਸੰਗਤ ਨਾਲ ਮਨੁੱਖ ਨਾਮ ਰੂਪੀ ਰਤਨ ਲੱਭ ਲੈਂਦਾ ਹੈ, ਭਾਵ ਕਿ ਆਤਮਾ ਦਾ ਪਰਮਾਤਮਾ ਨਾਲ ਮਿਲਾਪ ਹੋ ਜਾਂਦਾ ਹੈ। ਕਿਉਂਕਿ ਗੁਰੂ ਦੁਆਰਾ ਹੀ ਅਸੀਂ ਪਰਮਾਤਮਾ ਤੱਕ ਪਹੁੰਚ ਸਕਦੇ ਹਨ। ਸਾਧ ਦੇ ਨਾਲ ਹੀ ਪਰਮਾਤਮਾ ਨੂੰ ਪਾਉਣ ਦਾ ਜਤਨ ਪੂਰਾ ਹੋ ਸਕਦਾ ਹੈ। ਗੁਰੂ ਜੀ ਦੱਸਦੇ ਹਨ ਕਿ ਸਾਧ ਦੀ ਵਡਿਆਈ ਕੋਈ ਵੀ ਨਹੀਂ ਕਰ ਸਕਦਾ ਕਿਉਂਕਿ ਗੁਰੂ ਦੀ ਸੋਭਾ ਪਰਮਾਤਮਾ ਦੇ ਬਰਾਬਰ ਹੁੰਦੀ ਹੈ। ਅਸਲ ਗੱਲ ਇਹ ਹੈ ਕਿ ਸਾਧ ਭਾਵ ਗੁਰੂ ਹੀ ਸਾਨੂੰ ਪਰਮਾਤਮਾ ਤੱਕ ਲੈ ਕੇ ਜਾ ਸਕਦਾ ਹੈ। ਗੁਰੂ ਦੁਆਰਾ ਹੀ ਇਹ ਜਤਨ ਪੂਰਾ ਹੋ ਸਕਦਾ ਹੈ ਅਤੇ ਅਸੀਂ ਆਪਣੇ ਜੀਵਨ ਵਿਚ ਸੁੱਖ ਨੂੰ ਪ੍ਰਾਪਤ ਕਰ ਸਕਦੇ ਹਾਂ। ਗੁਰੂ ਦੀ ਸੰਗਤ ਕਰਨ ਨਾਲ ਹੀ ਸਾਡੇ ਬੁਰੇ ਵਿਕਾਰ ਖ਼ਤਮ ਹੁੰਦੇ ਹਨ ਅਤੇ ਚੰਗੇ ਸੰਸਕਾਰਾਂ ਦਾ ਜਨਮ ਹੁੰਦਾ ਹੈ।

ਸਾਧ ਸੰਗਿ ਦੁਸਨ ਸਭਿ ਮੀਤ॥
ਸਾਧੂ ਕੈ ਸੰਗਿ ਮਹਾ ਪੁਨੀਤ॥
ਸਾਧ ਸੰਗਿ ਕਿਸ ਸਿਉ ਨਹੀ ਬੈਰੁ॥
ਸਾਧ ਕੈ ਸੰਗਿ ਨ ਬੀਗਾ ਪੈਰੁ॥
ਸਾਧ ਕੈ ਸੰਗਿ ਨਾਹੀ ਕੋ ਮੰਦਾ॥[35]

ਗੁਰੂ ਅਰਜਨ ਦੇਵ ਜੀ ਸੁਖਮਨੀ ਬਾਣੀ ਅੰਦਰ ਇਹ ਦੱਸਦੇ ਹਨ ਕਿ ਗੁਰੂ ਦੀ ਸ਼ਰਨ ਵਿਚ ਜਾ ਕੇ ਇਨਸਾਨ ਨੂੰ ਆਪਣੇ ਦੁਸ਼ਮਣ ਵੀ ਸੱਜਣ ਲੱਗਦੇ ਹਨ। ਇਨਸਾਨ ਸਾਰਿਆ ਨੂੰ ਇਕ ਹੀ ਸਮਾਨ ਸਮਝਦਾ ਹੈ ਉਸ ਅੰਦਰ ਚੰਗੇ ਅਤੇ ਬੁਰੇ ਦੇ ਵਿਚਾਰ ਆਪਣੇ ਆਪ ਹੀ ਖ਼ਤਮ ਹੋ ਜਾਂਦੇ ਹਨ ਅਤੇ ਮਨੁੱਖ ਦਾ ਮਨ ਸਾਫ਼ ਹੋ ਜਾਂਦਾ ਹੈ। ਸੰਤਾਂ ਦੀ ਸ਼ਰਨ ਅੰਦਰ ਜਾਣ ਨਾਲ ਕਿਸੇ ਨਾਲ ਵੈਰ-ਵਿਰੋਧ ਨਹੀਂ ਰਹਿੰਦਾ ਅਤੇ ਵਿਅਕਤੀ ਕਦੇ ਵੀ ਗ਼ਲਤ ਰਸਤੇ ਨਹੀਂ ਤੁਰਦਾ। ਸਗੋਂ ਆਪਣਾ ਜੀਵਨ ਚੰਗੇ ਪਾਸੇ ਲਾਉਂਦਾ ਹੈ ਅਤੇ ਬੁਰੇ ਕਰਮਾਂ ਦਾ ਤਿਆਗ ਕਰਦਾ ਹੈ। ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਵਿਚ ਦੱਸਦੇ ਹਨ ਕਿ ਇਹ ਤਾਂ ਹੀ ਹੋ ਸਕਦਾ ਹੈ ਜੇ ਸਾਡੇ ਜੀਵਨ ਅੰਦਰ ਗੁਰੂ ਦਾ ਸਥਾਨ ਨਿਸ਼ਚਿਤ ਹੈ। ਗੁਰੂ ਤੋਂ ਬਿਨ੍ਹਾਂ ਅਸੀਂ ਕਦੇ ਵੀ ਪਰਮਾਤਮਾ ਦੀ ਪ੍ਰਾਪਤੀ ਨਹੀਂ ਕਰ ਸਕਦੇ। ਇਸ ਲਈ ਸਾਡੇ ਜੀਵਨ ਅੰਦਰ ਸਾਧ ਸੰਗਤ ਦੀ ਬਹੁਤ ਮਾਹਨਤਾ ਹੈ।

ਸਾਧ ਸੰਗਿ ਜਾਨੇ ਪਰਮਾਨੰਦਾ॥
ਸਾਧ ਕੈ ਸੰਗਿ ਨਾਹੀ ਹਉ ਤਾਪੁ॥
ਸਾਧ ਕੈ ਸੰਗਿ ਤਜੈ ਸਭੁ ਆਪੁ॥
ਆਪੇ ਜਾਨੈ ਸਾਧ ਬਡਾਈ॥
ਨਾਨਕ ਸਾਧ ਪ੍ਰਭੂ ਬਨਿ ਆਈ॥[36]

ਗੁਰੂ ਜੀ ਫਰਮਾਨ ਕਰਦੇ ਹਨ ਕਿ ਚੰਗਿਆਂ ਦੀ ਸੰਗਤ ਵਿਚ ਜਾ ਕੇ ਇਨਸਾਨ ਨੂੰ ਕੋਈ ਵੀ ਮਨੁੱਖ ਭੈੜਾ ਨਹੀਂ ਲਗਦਾ ਕਿਉਂਕਿ ਉਹ ਜਾਣ ਲੈਂਦਾ ਹੈ ਕਿ ਸਾਰੇ ਜੀਵਾਂ ਵਿਚ ਪਰਮਾਤਮਾ ਦਾ ਨਿਵਾਸ ਹੈ। ਗੁਰੂ ਦੇ ਸੰਗ ਲੱਗ ਕੇ ਵਿਅਕਤੀ ਅੰਦਰ ਹਉਮੈ ਨਹੀਂ ਰਹਿੰਦੀ ਕਿਉਂਕਿ ਗੁਰੂ ਦੀ ਕਿਰਪਾ ਨਾਲ ਮਨੁੱਖ ਸਾਰੀਆਂ ਬੁਰਾਈਆਂ ਦਾ ਤਿਆਗ ਕਰ ਦਿੰਦਾ ਹੈ। ਗੁਰੂ ਜੀ ਦੱਸਦੇ ਹਨ ਕਿ ਸਾਧ ਦੀ ਵਡਿਆਈ ਪਰਮਾਤਮਾ ਆਪ ਹੀ ਜਾਣਦਾ ਹੈ, ਅਸਲ ਵਿਚ ਗੁਰੂ ਪਰਮਾਤਮਾ ਦਾ ਹੀ ਰੂਪ ਹੁੰਦਾ ਹੈ। ਗੁਰੂ ਜੀ ਨੇ ਆਪਣੀ ਬਾਣੀ ਅੰਦਰ ਸਾਧ ਦੀ ਮਹਿਮਾ ਦਾ ਗਇਨ ਕੀਤਾ ਹੈ। ਕਿ ਅਸਲ ਵਿਚ ਸਾਧ ਕਿਸ ਨੂੰ ਕਿਹਾ ਜਾਂਦਾ ਹੈ।

ਸਾਧ ਕੀ ਮਹਿਮਾ ਬੇਦ ਨ ਜਾਨਹਿ।
ਜੇਤਾ ਸੁਨਹਿ ਤੇਤਾ ਬਖਿਆਨਹਿ॥
ਸਾਧ ਕੀਉਪਮਾ ਤਿਹੁ ਗੁਣ ਤੇ ਦੂਰਿ॥
ਸਾਧ ਕੀ ਉਪਮਾ ਰਹੀ ਭਰਪੂਰਿ॥
ਸਾਧ ਕੀ ਸੋਭਾ ਕਾ ਨਾਹੀ ਅੰਤ॥
ਸਾਧ ਕੀ ਸੋਭਾ ਸਦਾ ਬੇਅੰਤ॥ [37]

ਗੁਰੂ ਜੀ ਦੱਸਦੇ ਹਨ ਕਿ ਸਾਧ ਦੀ ਵਡਿਆਈ ਵੇਦਾਂ ਵਿਚ ਵੀ ਨਹੀਂ ਹੈ, ਉਹ ਜਿਨ੍ਹਾਂ ਜਾਣਦੇ ਹਨ ਸਿਰਫ਼ ਉਸ ਨੂੰ ਹੀ ਬਿਆਨ ਕਰਦੇ ਹਨ। ਪਰ ਗੁਰੂ ਜੀ ਆਪਣੀ ਬਾਣੀ ਵਿਚ ਫਰਮਾਨ ਕਰਦੇ ਹਨ ਕਿ ਗੁਰੂ ਦੀ ਮਹਿਮਾ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਸਾਧ ਦੀ ਸਮਾਨਤਾ ਤਿੰਨਾਂ ਗੁਣਾਂ ਤੋਂ ਪਰੇ ਹੈ, ਅਰਥਾਤ ਕਿ ਇਸ ਸੰਸਾਰ ਅੰਦਰ ਕੋਈ ਵੀ ਸਾਧ ਵਰਗਾ ਨਹੀਂ ਹੋ ਸਕਦਾ। ਸਾਧ ਦੀ ਸਮਾਨਤਾ ਸਿਰਫ ਪਰਮਾਤਮਾ ਨਾਲ ਹੀ ਹੋ ਸਕਦੀ ਹੈ। ਜੋ ਸਾਰੇ ਪਾਸੇ ਵਿਆਪਕ ਹੈ। ਗੁਰੂ ਦੀ ਉੱਚਤਾ ਦਾ ਅੰਦਾਜ਼ਾ ਨਹੀਂ ਲੱਗ ਸਕਦਾ ਕਿਉਂਕਿ ਗੁਰੂ ਹੀ ਹੈ ਜੋ ਸਾਨੂੰ ਜਨਮ ਮਰਨ ਤੋਂ ਮੁਕਤ ਕਰ ਸਕਦਾ ਹੈ।ਇਸ ਲਈ ਗੁਰੂ ਵਿਚ ਬੇਅੰਤ ਸੱਮਰਥਾ ਹੈ। ਗੁਰੂ ਦੀ ਕਿਰਪਾ ਦਾ ਕੋਈ ਅੰਤ ਨਹੀਂ ਹੈ।

ਸਾਧ ਕੀ ਸੋਭਾ ਊਚ ਤੇ ਊਚੀ॥
ਸਾਧ ਕੀ ਸੋਭਾ ਮੂਚ ਤੇ ਮੂਚੀ॥
ਸਾਧ ਕੀ ਸੋਭਾ ਸਾਧ ਬਨਿ ਆਈ॥
ਨਾਨਕ ਸਾਧ ਪ੍ਰਭ ਭੇਦੁ ਨ ਭਾਈ॥ [38]

ਸਾਧ ਦੀ ਸੋਭਾ ਹਰ ਪ੍ਰਕਾਰ ਦੀ ਸੋਭਾ ਤੋਂ ਉੱਚੀ ਹੈ ਅਤੇ ਸਭ ਤੋਂ ਵੱਡੀ ਹੈ। ਕਿਉਂਕਿ ਸਾਧ ਉਸ ਨੂੰ ਕਿਹਾ ਜਾਂਦਾ ਹੇ ਜਿਸ ਨੇ ਆਪਣੇ-ਆਪ ਨੂੰ ਸਾਧ ਲਿਆ ਹੈ ਜਿਸ ਦੇ ਅੰਦਰੋ ਸਾਰੇ ਬੁਰੇ ਵਿਕਾਰ ਖਤਮ ਹੋ ਜਾਣ । ਉਸ ਨੂੰ ਸਾਧ ਕਿਹਾ ਜਾਂਦਾ ਹੈ। ਇਸ ਕਰਕੇ ਸਾਧ ਦੀ ਸੋਭਾ ਕੋਈ ਸਾਧਾਰਨ ਵਿਅਕਤੀ ਨਹੀਂ ਲੈ ਸਕਦਾ ਹੈ। ਸਾਧ ਦੀ ਸੋਭਾ ਸਾਧ ਨੂੰ ਹੀ ਫਬਦੀ ਹੈ।

ਅੱਜ ਦੇ ਸਮੇਂ ਵਿਚ ਸਾਧ ਸੰਗਤ ਦੀ ਬਹੁਤ ਮਹਾਨਤਾ ਹੈ ਕਿਉਂਕਿ ਜੇ ਅਸੀਂ ਅੱਜ ਆਪਣੀ ਸੋਚ ਨੂੰ ਬਦਲਣਾ ਹੈ ਤਾਂ ਸਾਨੂੰ ਸਾਧ ਦੀ ਸੰਗਤ ਕਰਨੀ ਪਵੇਗੀ। ਜਿਸ ਤੋਂ ਸਾਨੂੰ ਚੰਗੇ ਵਿਚਾਰ ਪ੍ਰਾਪਤ ਹੁੰਦੇ ਹਨ। ਅੱਜ ਦੇਖਿਆ ਜਾਵੈ ਤਾਂ ਇਨਸਾਨ ਦੀ ਸੋਚ ਵਿਚ ਸਕਾਰਾਤਮਕ ਦੀ ਬਜਾਇ ਨਕਾਰਾਤਮਕ ਪੱਖ ਵਿਚ ਜਿਆਦਾ ਵਾਧਾ ਹੋਇਆ ਹੈ। ਨਾਂਹ ਪੱਖੀ ਸੋਚ ਦਾ ਹੀ ਨਤੀਜਾ ਹੈ ਕਿ ਅੱਜ ਪੂਰੀ ਦੁਨੀਆਂ ਅੰਦਰ ਘੋਰ ਨਿਰਾਸ਼ਾ ਅਤੇ ਹਿੰਸਾ ਆਪਣੇ ਪੈਰ ਮਜਬੂਤੀ ਨਾਲ ਪਸਾਰ ਰਹੀ ਹੈ। ਇਸ ਲਈ ਜੇ ਅਸੀਂ ਸੋਚਣਾ ਹੀ ਹੈ ਤਾਂ ਕਿਉਂ ਨਾ ਉਸਾਰੂ ਹੀ ਸੋਚੀਏ ਕਿਉਂਕਿ ਸਕਾਰਾਤਮਕ ਸੋਚ ਹੀ ਇਨਸਾਨ ਨੂੰ ਜ਼ਿੰਦਗੀ ਦੇ ਹਰ ਮੈਦਾਨ ਵਿਚ ਫ਼ਤਹਿ ਦਿਵਾਉਂਦੀ ਹੈ ਅਤੇ ਅਸੀਂ ਬੇਰੋਕ-ਟੋਕ ਆਪਣੇ ਮਕਸਦ ਦੇ ਕਰੀਬ ਪਹੁੰਚ ਜਾਂਦੇ ਹਾਂ। ਸਭ ਤੋਂ ਅਹਿਮ ਗੱਲ ਹੈ ਕਿ ਸਕਾਰਾਤਮਕ ਸੋਚ ਰੱਖਣ ਵਾਲਾ ਵਿਅਕਤੀ ਹਮੇਸ਼ਾ ਖੇੜੇ ਵਿਚ ਰਹਿੰਦਾ ਹੈ।

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਜ਼ਿੰਦਗੀ ਅੰਦਰ ਸਕਾਰਾਤਮਕ ਸੋਚ ਨੂੰ ਕਿਵੇਂ ਅਪਣਾਇਆ ਜਾਵੇ? ਅਸੀਂ ਜਾਣਦੇ ਹਾਂ ਕਿ ਜੀਵਨ ਦੇ ਹਰ ਖੇਤਰ ਵਿਚ ਦੋ ਪੱਖ ਕੰਮ ਕਰਦੇ ਹਨ। ਪਰ ਇਨਸਾਨ ਦੀ ਇਹ ਫਿਤਰਤ ਹੈ ਕਿ ਉਹ ਹਮੇਸ਼ਾ ਹਨੇਰੇ ਪੱਖ ਵਿਚ ਹੀ ਜਿਆਦਾ ਵਿਚਾਰ ਕਰਦਾ ਹੈ। ਕਈ ਲੋਕ ਅੱਧੇ ਗਿਲਾਸ ਨੂੰ ਅੱਧਾ ਭਰਿਆ ਕਹਿੰਦੇ ਹਨ ਅਤੇ ਕਈ ਉਸੇ ਨੂੰ ਅੱਧਾ ਖਾਲੀ ਕਹਿੰਦੇ ਹਨ। ਨਕਾਰਾਤਮਕ ਅਤੇ ਸਕਾਰਾਤਮਕ ਸੋਚ ਵਿਚ ਇਹੀ ਫਰਕ ਹੈ। ਨਕਾਰਾਤਮਕ ਸੋਚ ਰੱਖਣ ਵਾਲੇ ਲੋਕ ਜ਼ਿੰਦਗੀ ਵਿਚ ਕੁੱਝ ਵੀ ਕਰਨ ਦਾ ਹੀਆ ਨਹੀਂ ਕਰ ਸਕਦੇ। ਜੋ ਲੋਕ ਇਹਨਾਂ ਦੇ ਸੰਪਰਕ ਵਿਚ ਆਉਂਦੇ ਹਨ ਉਹਨਾਂ ਨੂੰ ਵੀ ਮਾਯੂਸ ਸੋਚ ਦਾ ਧਾਰਨੀ ਬਣਾ ਦਿੰਦੇ ਹਨ। ਸਿਆਣਿਆਂ ਦਾ ਕਥਨ ਹੈ ਕਿ ਖਰਬੂਜੇ ਨੂੰ ਦੇਖ ਕੇ ਖਰਬੂਜਾ ਰੰਗ ਪਕੜਦਾ ਹੈ ਅਰਥਾਤ ਜਿਹੋ-ਜਿਹੀ ਸੋਚ ਰੱਖਣ ਵਾਲੇ ਲੋਕਾਂ ਦੇ ਸੰਪਰਕ ਵਿਚ ਆਪ ਰਹਿੰਦੇ ਹੋ ਆਪ ਦੇ ਵਿਚਾਰ ਵੀ ਉਹੋ-ਜਿਹੇ ਹੀ ਬਣ ਜਾਂਦੇ ਹਨ। ਇਸੇ ਲਈ ਮਹਾਂਪੁਰਸ਼ਾਂ ਨੇ ਸਾਡੇ ਜੀਵਨ ਅੰਦਰ ਸਤਿਸੰਗ ਅਤੇ ਸਾਧ ਦੇ ਸੰਗ ਦਾ ਵਿਧਾਨ ਰੱਖਿਆ ਕਿਉਂਕਿ ਮਹਾਨ ਅਤੇ ਉਸਾਰੂ ਸੋਚ ਰੱਖਣ ਵਾਲੇ ਲੋਕ ਸਾਡੀ ਜ਼ਿੰਦਗੀ ਦੇ ਨਜਰੀਏ ਨੂੰ ਬਦਲ ਦਿੰਦੇ ਹਨ।

ਇਸ ਲਈ ਆਪਣੀ ਜ਼ਿੰਦਗੀ ਦਾ ਪਹੀਆ ਗਤੀਮਾਨ ਰੱਖਣ ਲਈ ਜਿੱਥੇ ਇਕ ਇਨਸਾਨ ਅਤੇ ਉਸਦੇ ਸਾਹਾਂ ਦਾ ਚੱਲਣਾ ਜਰੂਰੀ ਹੇ ਉੱਥੇ ਹੀ ਉਸਨੂੰ ਜ਼ਿੰਦਗੀ ਅੰਦਰ ਚੱਲਣ ਲਈ ਸਕਾਰਾਤਮਕ ਰਵੱਈਆ ਅਖਤਿਆਰ ਕਰਨਾ ਪੈਂਦਾ ਹੈ। ਕਿਸੇ ਵੀ ਪ੍ਰਸਥਿਤੀ ਦਾ ਡੱਟ ਕੇ ਮੁਕਾਬਲਾ ਕਰਨਾ ਉਸਨੂੰ ਉਸਾਰੂ ਸੋਚ ਦਾ ਪਹਿਰੇਦਾਰ ਬਣਾਉਂਦਾ ਹੈ। ਜੋ ਇਨਸਾਨ ਸਮੇਂ ਦੀ ਨਜਾਕਤ ਨੂੰ ਨਾ ਸਮਝਦੇ ਹੋਏ ਆਪਣੇ ਆਪ ਨੂੰ ਪ੍ਰਸਥਿਤੀਆਂ ਦੇ ਅਧੀਨ ਕਰ ਦਿੰਦੇ ਹਨ ਤਾਂ ਮੰਜਿਲ ਤੇ ਪਹੁੰਚਾਉਣ ਵਾਲੇ ਰਸਤਿਆਂ ਤੋਂ ਉਹਨਾਂ ਦੇ ਕਦਮ ਥਿੜਕ ਜਾਂਦੇ ਹਨ। ਅਧਿਆਤਮ ਅੰਦਰ ਇਕ ਸਾਧਕ ਦਾ ਹਰੇਕ ਪ੍ਰਸਥਿਤੀ ਵਿਚ ਉਸਾਰੂ ਦ੍ਰਿਸ਼ਟੀਕੋਣ ਅਪਣਾ ਕੇ ਆਪਣੀ ਮੰਜਿਲ ਵੱਲ ਵਧਦੇ ਰਹਿਣਾ ਉਸਦਾ ਉੱਥਾਨ ਕਰਦਾ ਹੈ। ਜਿਸ ਇਨਸਾਨ ਦੇ ਅੰਦਰ ਸਕਾਰਾਤਮਕਤਾ ਆ ਜਾਂਦੀ ਹੈ ਉਹ ਕਦੇ ਕਿਸੇ ਵੀ ਪਰਸਥਿਤੀ ਵਿਚ ਨਿਰਾਸ਼ ਨਹੀਂ ਹੁੰਦਾ। ਜਦੋਂ ਸਾਰੇ ਹਾਲਾਤ ਉਸਦੇ ਵਿਪਰੀਤ ਹੋ ਜਾਂਦੇ ਹਨ ਉਸ ਸਮੇਂ ਵੀ ਉਹ ਅਡੋਲ ਰਹਿੰਦਾ ਹੈ। ਉਹ ਸੁੱਖ-ਦੁੱਖ ਨੂੰ ਸਮਾਨ ਰੂਪ ਵਿਚ ਗ੍ਰਹਿਣ ਕਰਦਾ ਹੈ। ਦੁੱਖ ਨੂੰ ਖਿੜੇ ਮੱਥੇ ਪ੍ਰਵਾਨ ਕਰਨ ਦੀ ਹਿੰਮਤ ਰੱਖਦਾ ਹੈ। ਉਹ ਕਦੇ ਪਰਮਾਤਮਾ ਨੂੰ ਦੋਸ਼ ਨਹੀਂ ਦਿੰਦਾ ਸਗੋਂ ਉਹ ਹਮੇਸ਼ਾ ਆਪਣੇ ਆਪ ਨੂੰ

ਗੁਨਾਹਗਾਰ ਮੰਨਦਾ ਹੈ। "ਜਦੋਂ ਭਲੇ ਪੁਰਸ਼ ਇਕ ਥਾਂ ਮਿਲ ਕੇ ਪ੍ਰਭੂ ਦਾ ਵਿਖਿਆਨ, ਕੀਰਤਨ ਜਾਂ ਵਿਚਾਰ, ਉਸ ਨੂੰ ਸਤਿ ਸੰਗ ਆਖਦੇ ਹਨ। ਗੁਰਮਿਤ ਵਿਚਾਰਧਾਰਾ ਵਿਚ ਜਿੱਥੇ ਨਾਮ ਸਿਮਰਨ ਦੀ ਬਾਰ ਬਾਰ ਤਾਕੀਦ ਕੀਤੀ ਗਈ ਹੈ, ਉਥੇ ਸਤਿ ਸੰਗ ਕਰਨ ਉੱਤੇ ਵੀ ਬਹੁਤ ਜ਼ੋਰ ਦਿੱਤਾ ਗਿਆ ਹੈ। ਸਾਧ ਸੰਗਤ ਦਾ ਭਾਵ ਇਸ ਦੇ ਲੱਛਣ ਅਤੇ ਵਿਸ਼ੇਸ਼ਤਾਵਾਂ ਵੀ ਹਨ। ਇਨ੍ਹਾਂ ਪੱਖਾਂ ਬਾਰੇ ਗੁਰਬਾਣੀ ਵਿਚ ਸਪਸ਼ਟ ਕਰ ਕੇ ਇਸ ਸੰਗਤ ਵਿਚ ਜਾਣ ਲਈ ਪ੍ਰੇਰਨਾ ਦਿੱਤੀ ਗਈ ਹੈ।"[39]

ਇਸ ਗੱਲ ਨੂੰ ਹਮੇਸ਼ਾ ਯਾਦ ਰੱਖਣਾ ਕਿ ਸਕਾਰਾਤਮਕ ਬਿਰਤੀ ਅਪਣਾ ਕੇ ਹੀ ਸੁੱਖ, ਸ਼ਾਂਤੀ ਅਤੇ ਸਬਰ-ਸੰਤੋਖ ਦੀ ਪ੍ਰਾਪਤੀ ਹੁੰਦੀ ਹੈ।ਪਰੰਤੂ ਇਕ ਆਮ ਇਨਸਾਨ ਹਰ ਵੇਲੇ ਸਿਰਫ ਈਰਖਾ, ਵੈਰ-ਵਿਰੋਧ, ਨਫਰਤ ਆਦਿ ਦੀ ਭੱਠੀ ਵਿਚ ਤਪਦਾ ਰਹਿੰਦਾ ਹੈ। ਲੋਭ ਉਸਦੇ ਜੀਵਨ ਦਾ ਮੂਲ ਮੰਤਵ ਹੈ। ਉਹ ਹਜਾਰ ਕਮਾ ਕੇ ਲੱਖਾਂ ਦੀ ਕਾਮਨਾ ਕਰਦਾ ਹੈ ਅਤੇ ਲੱਖਾਂ ਤੋਂ ਕਰੋੜ ਬਣਾਉਣ ਦਾ ਜੁਗਾੜ ਕਰਦਾ ਰਹਿੰਦਾ ਹੈ। ਇਸ ਪ੍ਰਕਾਰ ਉਹ ਕਦੇ ਵੀ ਸ਼ਾਂਤੀ ਨਾਲ ਨਹੀਂ ਬੈਠ ਸਕਦਾ। ਅਸੀਂ ਕਹਿ ਸਕਦੇ ਹਾਂ ਕਿ ਸਕਾਰਾਤਮਕ ਸੋਚ ਦੀ ਕੁੱਖ ਵਿਚੋਂ ਹੀ ਸਬਰ, ਸੰਤੋਖ ਵਰਗੇ ਗੁਣ ਜਨਮ ਲੈਂਦੇ ਹਨ। ਇਸ ਲਈ ਕਿਹਾ ਗਿਆ ਹੈ ਕਿ ਉਸਾਰੂ ਸੋਚ ਦੀ ਗੈਰ ਮੌਜੂਦਗੀ ਵਿਚ ਕਦੇ ਵੀ ਸੰਤੋਖ ਜਾਂ ਸੰਤੁਸ਼ਟੀ ਦੀ ਪ੍ਰਾਪਤੀ ਨਹੀਂ ਹੋ ਸਕਦੀ ਅਤੇ ਸਾਡੀ ਸੋਚ ਤਾਂ ਹੀ ਬਦਲ ਸਕਦੀ ਹੈ ਜੇ ਅਸੀਂ ਸਾਧ, ਸੰਤਾਂ ਦੀ ਸੰਗਤ ਕਰਦੇ ਹਾਂ। ਇਸ ਲਈ ਅੱਜ ਦੇ ਸਮੇਂ ਵਿਚ ਸਾਨੂੰ ਮਹਾਂਪੁਰਸ਼ਾਂ ਦੀ ਸੰਗਤ ਵਿਚ ਜਾਣਾ ਚਾਹੀਦਾ ਹੈ, ਤਾਂ ਜੋ ਸਾਡੇ ਜੀਵਨ ਦਾ ਦ੍ਰਿਸ਼ਟੀਕੋਣ ਬਦਲੇ। ਇਸ ਨਾਲ ਹੀ ਸਾਡਾ ਜੀਵਨ ਸਾਰਥਕ ਸਿੱਧ ਹੋ ਸਕਦਾ ਹੈ।ਅਸੀਂ ਇਹ ਕਹਿ ਸਕਦੇ ਹਾਂ ਕਿ ਸਾਡੇ ਜੀਵਨ ਅੰਦਰ ਸਾਧ ਸੰਗਤ ਦੀ ਬਹੁਤ ਹੀ ਮਹਾਨਤਾ ਹੈ।

**ਨਾਮ ਸਿਮਰਨ ਦਾ ਸਰੂਪ-**ਸਾਡੇ ਭਾਰਤ ਦੇਸ਼ ਦੀ ਸੰਸਕ੍ਰਿਤੀ ਹਮੇਸ਼ਾ ਹੀ ਅਧਿਆਤਮ ਤੇ ਅਧਾਰਿਤ ਰਹੀ ਹੈ। ਸਾਡੇ ਮਹਾਂਪੁਰਸ਼ਾਂ ਨੇ ਹਮੇਸ਼ਾ ਹੀ ਭਿੰਨਤਾਵਾਂ ਤੋਂ ਮੁਕਤ ਸਮਾਜ ਦੀ ਗੱਲ ਕੀਤੀ ਹੈ। ਕਿਉਂਕਿ ਇਹ ਸਾਰੀ ਦੁਨੀਆ ਇਕ ਪਰਿਵਾਰ ਹੈ। ਉਹਨਾ ਨੇ ਇਸ ਦੀ ਸਥਾਪਨਾ ਲਈ ਮਨੁੱਖ ਨੂੰ ਇਕ ਫ਼ਰਜ਼ ਤੋਂ ਜਾਗਰੂਕ ਕੀਤਾ। ਜਿਸ ਫ਼ਰਜ਼ ਦੇ ਪੂਰਾ ਹੋਣ ਤੋਂ ਬਾਅਦ ਵਿਅਕਤੀ ਦਾ ਮਾਨਸਿਕ ਪੱਧਰ ਬਦਲਦਾ ਹੈ। ਜੋ ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਬਹੁਤ ਜ਼ਰੂਰੀ ਹੈ। ਹੁਣ ਸੁਆਲ ਇਹ ਹੈ ਕਿ ਸਾਡੇ ਮਹਾਂਪੁਰਸ਼ਾਂ ਨੇ ਕਿਹੜੇ ਫ਼ਰਜ਼ ਦੀ ਗੱਲ ਕੀਤੀ ਹੈ? ਉਹ ਫ਼ਰਜ਼ ਹੈ 'ਪਰਮਾਤਮਾ ਨਾਲ ਮਿਲਾਪ' ਜੀ ਹਾ ਅਸਲ ਵਿਚ ਪਰਮਾਤਮਾ ਨੇ ਇਹ ਮਨੁੱਖਾਂ ਤਨ ਚੁਰਾਸੀ ਲੱਖ ਜੂਨਾਂ ਤੋਂ ਮੁਕਤੀ ਪ੍ਰਾਪਤ ਕਰਨ ਲਈ ਦਿੱਤਾ ਹੈ। ਸਾਡੇ ਧਾਰਮਕ ਗ੍ਰੰਥਾਂ ਅਨੁਸਾਰ ਮਨੁੱਖੀ ਤਨ ਦੇ ਪ੍ਰਾਂਪਤ ਹੋਣ ਦਾ ਕਾਰਨ ਸਿਰਫ਼ ਪਰਮਾਤਮਾ ਨੂੰ ਮਿਲਣਾ ਹੀ ਹੈ। ਪਰ ਹੁਣ ਵਿਚਾਰ ਕਰਨ ਵਾਲੀ ਇਹ ਗੱਲ ਹੈ ਕਿ ਅਸੀਂ ਪਰਮਾਤਮਾ ਨੂੰ ਆਪਣੇ ਜੀਵਨ ਅੰਦਰ ਕਿਸ ਤਰ੍ਹਾਂ ਲੈ ਕੇ ਆ ਸਕਦੇ ਹਾਂ। ਪਰਮਾਤਮਾ ਨੂੰ ਪ੍ਰਾਪਤ ਕਰਨ ਦਾ ਇਕ ਹੀ ਰਸਤਾ 'ਨਾਮ ਸਿਮਰਨ' ਦਾ ਹੈ। ਜਿਸ ਦੁਆਰਾ ਅਸੀਂ ਪਰਮਾਤਮਾ ਤੱਕ ਜਾ ਸਕਦੇ ਹਾਂ। ਸੁਖਮਨੀ ਬਾਣੀ ਅੰਦਰ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਦੇ ਨਾਮ ਸਿਮਰਨ ਦੀ ਮਹਿਮਾ ਨੂੰ ਗਾਇਆ ਹੈ। ਸੁਖਮਨੀ ਬਾਣੀ ਅੰਦਰ ਨਾਮ ਸਿਮਰਨ ਦੀ ਮਹੱਤਤਾ ਨੂੰ ਦੱਸਿਆ ਹੈ ਕਿ ਸਾਡੇ ਜੀਨਵ ਅੰਦਰ ਪਰਮਾਤਮਾ ਦਾ ਨਾਮ ਸਿਮਰਨ ਬਹੁਤ ਹੀ ਜ਼ਰੂਰੀ ਹੈ। ਕਿਉਂਕਿ ਨਾਮ ਸਿਮਰਨ ਦੀ ਪ੍ਰਾਪਤੀ ਨਾਲ ਹੀ ਅਸੀਂ ਪਰਮਾਤਮਾ ਤੱਕ ਪੁੰਹਚ ਸਕਦੇ ਹਨ ਤਾਂ ਜੋ ਸਾਡਾ ਜਨਮ

ਲੈਣਾ ਸਾਰਥਕ ਸਿੱਧ ਹੋ ਸਕੇ। "ਜੋ ਪਾਰਬ੍ਰਹਮ ਪਰਮੇਸ਼ਰ ਨਿਰ ਆਸਰਾ ਹੈ। ਤੇ ਨਿਰ-ਅਕਾਰ ਹੋਣ ਕਰਕੇ ਨਿਰ-ਅਹਾਰ ਹੈ ; ਸਤਿ ਚਿਤ ਆਨੰਦ ਹੈ ; ਤੇ ਡਰ ਰਹਿਤ ਹੈ ; ਉਸ ਦੀ ਤਾੜੀ ਭਾਵ ਧਿਆਨ ਲਾਵੋ। ਹੋਰ ਕਿਸੇ ਉਤੇ ਤਾੜੀ ਨਹੀਂ ਲਾਣੀ ਚਾਹੀਦੀ। ਕਿਉਂ? ਸਭ ਬਿਨਸਨਹਾਰ ਹਨ। ਉਹ ਹੀ ਅਟੱਲ ਹੈ।"[40] ਇਸ ਲਈ ਨਾਮ ਸਿਮਰਨ ਤੋਂ ਬਿਨ੍ਹਾਂ ਅਸੀਂ ਆਪਣੇ ਜੀਵਨ ਦੀ ਯਾਤਰਾ ਨੂੰ ਪੂਰਾ ਨਹੀਂ ਕਰ ਸਕਦੇ। ਸੁਖਮਨੀ ਬਾਣੀ ਅੰਦਰ ਪ੍ਰਭੂ ਦੇ ਨਾਮ ਸਿਮਰਨ ਦੀ ਮਾਹਨਤਾ ਨੂੰ ਪੇਸ਼ ਕੀਤਾ ਹੈ। ਪ੍ਰਭੂ ਦਾ ਸਿਮਰਨ ਸਭ ਤੋਂ ਵੱਡਾ ਹੈ। ਇਸ ਸੰਸਾਰ ਵਿਚ ਪ੍ਰਭੂ ਦੇ ਨਾਮ ਸਿਮਰਨ ਤੋਂ ਇਲਾਵਾ ਹੋਰ ਸਭ ਪ੍ਰਕਾਰ ਦੀਆਂ ਵਸਤਾਂ ਛੋਟੀਆਂ ਪੈ ਜਾਂਦੀਆਂ ਹਨ। ਇਸ ਸੰਸਾਰ ਅੰਦਰ ਜੇ ਕੁੱਝ ਹੈ ਤਾਂ ਉਹ ਪ੍ਰਭੂ ਦਾ ਨਾਮ ਸਿਮਰਨ ਹੈ ਜਿਸ ਤੋਂ ਬਿਨ੍ਹਾਂ ਮਨੁੱਖ ਦੀ ਗਤੀ ਨਹੀਂ ਹੋ ਸਕਦੀ। ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਵਿਚ ਦੱਸਦੇ ਹਨ।

ਪ੍ਰਭ ਕਾ ਸਿਮਰਨੁ ਸਭ ਤੇ ਊਚਾ॥
ਪ੍ਰਭ ਕੈ ਸਿਮਰਨਿ ਉਧਰੇ ਮੂਚਾ ॥
ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ ॥
ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ॥[41]

ਅਰਥਾਤ ਕਿ ਪਰਮਾਤਮਾ ਦਾ ਨਾਮ ਸਿਮਰਨ ਸਭ ਤੋਂ ਵੱਡਾ ਹੈ। ਨਾਮ ਸਿਮਰਨ ਦੁਆਰਾ ਹੀ ਸਾਡੀ ਤ੍ਰਿਸ਼ਨਾ ਖ਼ਤਮ ਹੋ ਸਕਦੀ ਹੈ। ਕਿਉਂਕਿ ਅੱਜ ਸਾਰੀ ਬੁਰਾਈਆਂ ਦੀ ਜੜ੍ਹ ਇਕ ਤ੍ਰਿਸ਼ਨਾ ਹੈ। ਜੋ ਸਾਡੀਆਂ ਇੱਛਾਵਾਂ ਨੂੰ ਖ਼ਤਮ ਨਹੀਂ ਹੋਣ ਦਿੰਦੀ ਹੈ। ਜਿਸ ਕਾਰਨ ਅਸੀਂ ਦੁੱਖਾਂ ਨੂੰ ਭੋਗਦੇ ਹਨ। ਪਰ ਇਸ ਤੋ ਛੁਟਕਾਰਾ ਪਾਉਣ ਦਾ ਸਾਧਨ ਪਰਮਾਤਮਾ ਦਾ ਨਾਮ ਸਿਮਰਨ ਹੈ।ਜਿਸ ਦੁਆਰਾ ਸਾਡੀਆਂ ਇੱਛਾਵਾਂ ਤੇ ਅੰਕੁਸ਼ ਗੱਲ ਸਕਦਾ ਹੈ। ਕਿਉਂਕਿ ਅੱਜ ਮਨੁੱਖ ਆਪਣੀਆਂ ਇੱਛਾਵਾ ਦੀ ਪੂਰਤੀ ਲਈ ਇੱਧਰ-ਉਧੱਰ ਭਟਕ ਰਿਹਾ ਹੈ। ਜੇ ਸਾਡੀਆਂ ਇੱਛਾਵਾ ਹੀ ਖ਼ਤਮ ਹੋ ਜਾਣ ਜੋ ਅੱਜ ਜ਼ਰੂਰਤ ਤੋਂ ਵੀ ਜ਼ਿਆਦਾ ਵੱਧ ਗਈਆਂ ਹਨ। ਫਿਰ ਹੀ ਇਨ੍ਹਾਂ ਸਮਾਜਿਕ ਬੁਰਾਈਆਂ ਦਾ ਅੰਤ ਹੋ ਸਕਦਾ ਹੈ। ਸਖਮਨੀ ਬਾਣੀ ਵਿਚ ਫੁਰਾਮਇਆ ਗਿਆ ਹੈ।

ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ॥
ਪ੍ਰਭ ਕੈ ਸਿਮਰਨਿ ਪੂਰਨ ਆਸਾ ॥
ਪ੍ਰਭ ਕੈ ਸਿਮਰਨਿ ਮਨ ਕੀ ਮਲ ਜਾਇ॥
ਅੰਮ੍ਰਿਤ ਨਾਮ ਰਿਦ ਮਹਿ ਸਮਾਇ॥[42]

ਗੁਰੂ ਜੀ ਆਪਣੀ ਬਾਣੀ ਰਚਨਾ ਅੰਦਰ ਸ਼ਪਸਟ ਕਰਦੇ ਹਨ ਕਿ ਪਰਮਾਤਮਾ ਦੇ ਨਾਮ ਸਿਮਰਨ ਦੁਆਰਾ ਹੀ ਅਸੀਂ ਜਮ੍ਹਾਂ ਤੋਂ ਮੁਕਤੀ ਪ੍ਰਾਪਤ ਕਰਕੇ ਪਰਮਾਤਮਾ ਦੇ ਸਰੂਪ ਵਿਚ ਇਕ ਰੂਪ ਹੋ ਸਕਦੇ ਹਾਂ। ਜਦੋਂ ਅਸੀਂ ਪ੍ਰਭੂ ਦਾ ਸਿਮਰਨ ਕਰਦੇ ਹਾਂ ਤਾਂ ਸਾਡੀ ਅੰਦਰਲੀ ਮੈਲ ਭਾਵ ਕਿ ਅੰਦਰਲੇ ਵਿਕਾਰ ਆਪਣੇ ਆਪ ਖ਼ਤਮ ਹੋ ਜਾਂਦੇ ਹਨ ਅਤੇ ਅੰਮ੍ਰਿਤ ਨਾਮ ਭਾਵ ਪਰਮਾਤਮਾ ਦਾ ਸੱਚਾ ਸੁੱਚਾ ਨਾਮ ਹੀ ਹਿਰਦੇ ਅੰਦਰ ਰਹਿੰਦਾ ਹੈ। ਇਨਸਾਨ ਦੇ ਅੰਦਰਲੇ ਵਿਕਾਰ ਖ਼ਤਮ ਹੋਣ ਨਾਲ ਉਸ ਦੀਆਂ ਤ੍ਰਿਸ਼ਨਾਵਾਂ ਵੀ ਆਪਣੇ ਆਪ ਖ਼ਤਮ ਹੋ ਜਾਂਦੀਆਂ ਹਨ। ਪਰ ਇਹ ਤਾਂ ਹੀ

ਸੰਭਵ ਹੋ ਸਕਦਾ ਹੈ ਜੇ ਅਸੀਂ ਪਰਮਾਤਮਾ ਦੇ ਨਾਮ ਸਿਮਰਨ ਨਾਲ ਜੁੜੇ ਹਾਂ। ਇਸ ਕਰਕੇ ਗੁਰੂ ਅਰਜਨ ਦੇਵ ਜੀ ਨੇ ਆਪਣੀ ਪਵਿੱਤਰ ਬਾਣੀ ਅੰਦਰ ਨਾਮ ਸਿਮਰਨ ਦੀ ਮਾਹਨਤਾ ਨੂੰ ਦਰਸਾਇਆ ਹੈ। ਕਿਉਂਕਿ ਅਸੀਂ ਉਸ ਸੱਚੇ ਨਾਮ ਤੋਂ ਬਿਨ੍ਹਾਂ ਕਦੇ ਵੀ ਆਧਿਆਤਮਕ ਮਾਰਗ ਤੇ ਚੱਲ ਨਹੀਂ ਸਕਦੇ। ਆਧਿਆਤਮਕ ਮਾਰਗ ਤੇ ਚੱਲਣ ਲਈ ਸਾਡੇ ਕੋਲ ਨਾਮ ਸਿਮਰਨ ਦਾ ਹੋਣਾ ਬਹੁਤ ਹੀ ਜ਼ਰੂਰੀ ਹੈ। ਜੇ ਅਸੀਂ ਪਰਮ ਸੁੱਖ ਦੀ ਪ੍ਰਾਪਤੀ ਕਰਨੀ ਹੈ ਤਾਂ ਫਿਰ ਸਾਨੂੰ ਵੀ ਇਸ ਨਾਮ ਸਿਮਰਨ ਦੇ ਪਾਤਰ ਬਣਨਾ ਪਾਵੈਗਾ। ਜਦੋਂ ਅਸੀਂ ਪਰਮਾਤਮਾ ਦੀ ਰਜ਼ਾ ਵਿਚ ਰਹਿੰਦੇ ਹਾਂ ਤਾਂ ਪਰਮਾਤਮਾ ਹਰ ਸਮੇਂ ਸਾਡੇ ਨਾਲ ਸਹਾਈ ਹੁੰਦਾ ਹੈ, ਅਤੇ ਸਾਡੇ ਕੰਮ ਧੰਦੇ ਵੀ ਆਪਣੇ ਆਪ ਹੁੰਦੇ ਰਹਿੰਦੇ ਹਨ। ਪਰ ਲੋੜ ਹੈ ਪਰਮਾਤਮਾ ਨੂੰ ਜਾਨਣ ਦੀ, ਉਹ ਅਸੀਂ ਨਾਮ ਸਿਮਰਨ ਦੁਆਰਾ ਹੀ ਪਰਮਾਤਮਾ ਨੂੰ ਜਾਣ ਸਕਦੇ ਹਾਂ।

ਪ੍ਰਭੂ ਕੈ ਸਿਮਰਨਿ ਕਾਰਜ ਪੂਰੇ॥
ਪ੍ਰਭੂ ਕੈ ਸਿਮਰਿਨ ਕਬਹੁ ਨ ਝੂਰੇ॥
ਪ੍ਰਭ ਕੈ ਸਿਮਰਨਿ ਹਰਿ ਗੁਨ ਬਾਨੀ॥
ਪ੍ਰਭ ਕੈ ਸਿਮਰਨਿ ਸਹਜਿ ਸਮਾਨੀ॥[43]

ਗੁਰੂ ਜੀ ਦੱਸਦੇ ਹਨ ਕਿ ਪਰਮਾਤਮਾ ਦੇ ਨਾਮ ਸਿਮਰਨ ਨਾਲ ਹੀ ਸਾਡੇ ਕਾਰਜ ਪੂਰੇ ਹੋ ਜਾਂਦੇ ਹਨ। ਭਾਵ ਕਿ ਵਿਅਕਤੀ ਲੋੜਾਂ ਦੇ ਅਧੀਨ ਹੁੰਦਾ ਹੈ ਪਰ ਜਦੋਂ ਉਸ ਦੇ ਕਾਰਜ ਪੂਰੇ ਹੁੰਦੇ ਹਨ ਤਾਂ ਵਿਅਕਤੀ ਚਿੰਤਾ ਦੇ ਵੱਸ ਨਹੀਂ ਪੈਂਦਾ। ਜਦੋਂ ਵਿਅਕਤੀ ਪ੍ਰਭੂ ਦਾ ਨਾਮ ਸਿਮਰਨ ਨਾਲ ਜੁੜ ਜਾਂਦਾ ਹੈ ਤਾਂ ਉਸ ਦੇ ਮੂੰਹ ਵਿਚੋਂ ਪਰਮਾਤਮਾ ਦੀਆਂ ਹੀ ਗੱਲਾਂ ਸੁਣਨ ਨੂੰ ਮਿਲਦੀਆਂ ਹਨ। ਇਸ ਨਾਲ ਉਹ ਕਦੇ ਵੀ ਕਿਸੇ ਦੀ ਨਿੰਦਾ, ਚੁਗਲੀ ਨਹੀਂ ਕਰਦਾ ਸਗੋਂ ਪਰਮਾਤਮਾ ਦੀ ਮਹਿਮਾ ਦਾ ਗੁਣਗਾਨ ਕਰਦਾ ਹੈ। ਇਸ ਨਾਲ ਉਸ ਦਾ ਆਪ ਦਾ ਵੀ ਭਲਾ ਹੁੰਦਾ ਹੈ ਅਤੇ ਸੁਣਨ ਵਾਲੇ ਵਿਅਕਤੀ ਦਾ ਵੀ ਭਲਾ ਹੁੰਦਾ ਹੈ। ਇਸੇ ਕਰਕੇ ਬਾਣੀ ਅੰਦਰ ਨਾਮ ਸਿਮਰਨ ਤੇ ਜ਼ੋਰ ਦਿੱਤਾ ਗਿਆ ਹੈ। ਕਿਉਂਕਿ ਨਾਮ ਦੁਆਰਾ ਹੀ ਸਾਡੇ ਅੰਦਰ ਪਰਮਾਤਮਾ ਦਾ ਪ੍ਰਗਟਾਵਾ ਹੋ ਸਕਦਾ ਹੈ। ਇਹ ਗੱਲ ਵਿਚਾਰਨ ਯੋਗ ਹੈ ਕਿ ਪਰਮਾਤਮਾ ਤਾਂ ਸਾਰੇ ਜੀਵਾਂ ਅੰਦਰ ਹੈ। ਪਰ ਉਸ ਵਿਅਕਤੀ ਦੇ ਹਿਰਦੇ ਅੰਦਰ ਪ੍ਰਗਟ ਹੁੰਦਾ ਹੈ। ਜਿਸ ਕੋਲ ਪਰਮਾਤਮਾ ਦਾ ਸੱਚਾ ਨਾਮ ਸਿਮਰਨ ਹੋਵੇ। ਉਸ ਹੀ ਅੱਜ ਦੇਖਿਆ ਜਾਵੇ ਤਾਂ ਕਿਸੇ ਵੀ ਵਿਅਕਤੀ ਦੇ ਜੀਵਨ ਅੰਦਰ ਠਹਿਰਾਉ ਨਹੀ ਹੈ। ਉਹ ਦਿਨ-ਰਾਤ ਇੱਧਰ-ਉੱਧਰ ਦੌੜਾਂ ਭੱਜਾਂ ਫਿਰਦਾ ਹੈ, ਕਿਉਂਕਿ ਉਹ ਅੱਜ ਮਾਇਆ ਦੀ ਦੌੜ ਵਿੱਚ ਫਸ ਗਿਆ ਹੈ। ਜਿਸ ਕਾਰਨ ਵਿਅਕਤੀ ਦੇ ਜੀਵਨ ਅੰਦਰ ਆਸ਼ਾਂਤੀ ਹੀ ਆਸ਼ਾਂਤੀ ਹੈ। ਉਹ ਅੱਜ ਮਾਇਆ ਦੇ ਜਾਲ ਵਿੱਚ ਫਸ ਗਿਆ ਹੈ ਅਤੇ ਮੌਤ ਤੋਂ ਬਾਅਦ ਵੀ ਇਸ ਮਾਇਆ ਵਿੱਚ ਹੀ ਉਲਝਿਆ ਰਹਿੰਦਾ ਹੈ।ਇਸ ਤੋ ਮੁਕਤੀ ਦਾ ਤਰੀਕਾ ਇਕ ਪਰਮਾਤਮਾ ਦਾ ਨਾਮ ਹੈ। ਜਿਸ ਨਾਲ ਉਸ ਦੇ ਜੀਵਨ ਅੰਦਰ ਸੁੱਖ ਸ਼ਾਤੀ ਆ ਸਕਦੀ ਹੈ। ਜਿਸ ਨਾਲ ਉਹ ਸਹਿਜ ਅਵਸਥਾ ਨੂੰ ਪ੍ਰਾਪਤ ਕਰ ਸਕਦਾ ਹੈ। ਫਿਰ ਹੀ ਉਸ ਦਾ ਮਨ ਇਕ ਥਾਂ ਤੇ ਟਿੱਕ ਸਕਦਾ ਹੈ ਅਤੇ ਪਰਮਾਤਮਾ ਦੇ ਸਰੂਪ ਵਿਚ ਇਕ-ਮਿਕ ਹੋ ਸਕਦਾ ਹੈ। ਗੁਰੂ ਜੀ ਆਪਣੀ ਬਾਣੀ ਅੰਦਰ ਫਰਮਾਨ ਕਰਦੇ ਹਨ:

ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ॥
ਸੁਖ ਪ੍ਰਭੂ ਸਿਮਰਨ ਕਾ ਅੰਤਨ ਪਾਰਾ॥
ਸਿਮਰਹਿ ਜਨ ਜਿਨ ਕਿਉ ਪ੍ਰਭੂ ਮਇਆ॥
ਨਾਨਕ ਤਿਨ ਜਨ ਸਰਨੀ ਪਇਆ॥[44]

ਅਰਥਾਤ ਕਿ ਪ੍ਰਭੂ ਦੇ ਨਾਮ ਸਿਮਰਨ ਕਰਨ ਨਾਲ ਮਨੁੱਖ ਦੇ ਅੰਦਰ ਇਕ ਅਨਹਦ ਸੰਗੀਤ ਹਮੇਸ਼ਾ ਹੀ ਚਲਦਾ ਰਹਿੰਦਾ ਹੈ। ਪਰ ਉਹ ਸਾਨੂੰ ਉਦੋਂ ਹੀ ਸੁਣਾਈ ਦਿੰਦਾ ਹੈ ਜਦੋਂ ਅਸੀਂ ਪਰਮਾਤਮਾ ਦੇ ਨਾਮ ਨਾਲ ਜੁੜਦੇ ਹਾਂ। ਇਸ ਸੰਗੀਤ ਦੀ ਕੋਈ ਹੱਦ ਨਹੀਂ ਹੈ। ਇਹ ਅਨਹਦ ਸੰਗੀਤ ਦਿਨ-ਰਾਤ ਸਾਡੇ ਅੰਦਰ ਚਲਦਾ ਰਹਿੰਦਾ ਹੈ। ਗੁਰੂ ਜੀ ਨੇ ਆਪਣੀ ਬਾਣੀ ਅੰਦਰ ਵਿਅਕਤੀ ਦੇ ਲਾਲਚੀ ਸੁਭਾਅ ਦੀ ਗੱਲ ਕੀਤੀ ਹੈ ਕਿ ਉਹ ਅੱਜ ਸੰਸਾਰਿਕ ਵਸਤੂਆਂ ਦੇ ਪਿੱਛੇ ਆਪਣਾ ਕੀਮਤੀ ਸਮਾਂ ਵਿਆਰਥ ਕਰ ਰਿਹਾ ਹੈ। ਫਿਰ ਵੀ ਇਹ ਸੰਸਾਰਿਕ ਵਸਤਾਂ ਸਾਨੂੰ ਸਦੀਵੀਂ ਸੁੱਖ ਨਹੀਂ ਦਿੰਦੀਆਂ। ਇਹ ਸੰਸਾਰਿਕ ਸੁੱਖ ਤਾਂ ਕੁੱਝ ਸਮੇਂ ਲਈ ਹੀ ਹੁੰਦੇ ਹਨ। ਪਰ ਪਰਮਾਤਮਾ ਦੇ ਨਾਮ ਸਿਮਰਨ ਕਰਨ ਨਾਲ ਜਿਸ ਪਰਮ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਉਹ ਸੁੱਖ ਹਮੇਸ਼ਾ ਹੀ ਇਨਸਾਨ ਦੇ ਨਾਲ ਰਹਿੰਦਾ ਹੈ ਅਤੇ ਉਹ ਸੁੱਖ ਕਦੇ ਵੀ ਖ਼ਤਮ ਨਹੀਂ ਹੁੰਦਾ।"ਨਾਮ ਜਪਣਾ ਸਿੱਖ ਦੀ ਜ਼ਿੰਦਗੀ ਦਾ ਮੂਲ ਆਸਰਾ ਹੈ, ਇਸ ਤੋਂ ਬਿਨ੍ਹਾਂ ਉਸਦੇ ਸਾਰੇ ਕਰਮ ਫੋਕਟ ਹਨ। ਨਾਮ ਜਪਣ ਤੋਂ ਭਾਵ ਪ੍ਰਮਾਤਮਾ ਦੀ ਉਸਤਤੀ ਕਰਨਾ ਹੈ, ਕੀਰਤੀ ਗਾਉਣਾ ਹੈ, ਸਿਮਰਨ ਕਰਨਾ ਹੈ ਅਤੇ ਉਸਦੀ ਛਤਰ ਛਾਇਆ ਵਿੱਚ ਵਿਚਰ ਕੇ ਉਸ ਨਾਲ ਨਿਰੰਤਰ ਰੂਪ ਵਿੱਚ ਆਪਾ ਜੋੜਨਾ ਹੈ।"[45] ਇਸੇ ਕਰਕੇ ਸਾਨੂੰ ਵੀ ਇਸ ਸੁੱਖ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ ਤਾਂ ਜੋ ਅਸੀਂ ਪਰਮਾਤਮਾ ਤੱਕ ਪਹੁੰਚ ਸਕੀਏ। ਉਹ ਮਨੁੱਖ ਭਾਗਾਂ ਵਾਲੇ ਹੁੰਦੇ ਹਨ ਜਿਨ੍ਹਾਂ ਨੂੰ ਪਰਮਾਤਮਾ ਦਾ ਨਾਮ ਸਿਮਰਨ ਪ੍ਰਾਪਤ ਹੁੰਦਾ ਹੈ। ਗੁਰੂ ਜੀ ਦੱਸਦੇ ਹਨ ਕਿ ਪਰਮਾਤਮਾ ਵੀ ਨਾਮ ਸਿਮਰਨ ਕਰਨ ਵਾਲਿਆਂ ਦੇ ਸਰਣੀ ਪੈਂਦਾ ਹੈ ਭਾਵ ਕਿ ਉਨ੍ਹਾਂ ਨੂੰ ਹੀ ਪਰਮਾਤਮਾ ਦਾ ਦਰਸ਼ਨ ਹੋ ਸਕਦਾ ਹੈ। ਇਸੇ ਕਰਕੇ ਬਾਣੀ ਅੰਦਰ ਕਿਹਾ ਗਿਆ ਹੈ ਕਿ ਉਹ ਇਨਸਾਨ ਵੱਡੇ ਭਾਗਾਂ ਵਾਲੇ ਹੁੰਦੇ ਹਨ ਜਿਨ੍ਹਾਂ ਤੇ ਪਰਮਾਤਮਾ ਦੀ ਕਿਰਪਾ ਹੁੰਦੀ ਹੈ। ਇਸ ਲਈ ਸਾਨੂੰ ਵੀ ਪਰਮਾਤਮਾ ਦੀ ਕਿਰਪਾ ਦੇ ਪਾਤਰ ਬਣਨਾ ਚਾਹੀਦਾ ਹੈ। ਪਰਮਾਤਮਾ ਦੇ ਨਾਮ ਸਿਮਰਨ ਨਾਲ ਹੀ ਇਨਸਾਨ ਦੇ ਹਰੇਕ ਪ੍ਰਕਾਰ ਦੇ ਦੁੱਖ, ਕਲੇਸ਼, ਬੁਰੇ ਵਿਕਾਰ ਆਦਿ ਆਪਣੇ ਆਪ ਹੀ ਖ਼ਤਮ ਹੋ ਜਾਂਦੇ ਹਨ ਕਿਉਂਕਿ ਪ੍ਰਭੂ ਦੇ ਨਾਮ ਸਿਮਰਨ ਵਿਚ ਉਹ ਤਾਕਤ ਹੈ ਜੋ ਅਸੰਭਵ ਨੂੰ ਵੀ ਸੰਭਵ ਬਣਾਉਣ ਦੀ ਸਮਰਥਾ ਰੱਖਦਾ ਹੈ।

ਇਸੇ ਕਰਕੇ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਅੰਦਰ ਨਾਮ ਦੀ ਮਹਿਮਾ ਦਾ ਵਰਣਨ ਕੀਤਾ ਹੈ। ਜਿਸ ਦੀ ਪ੍ਰਾਪਤੀ ਕਰਕੇ ਵਿਅਕਤੀ ਪਰਮ ਤੱਤ ਪਰਮਾਤਮਾ ਨੂੰ ਜਾ ਮਿਲਦਾ ਹੈ। ਇਹੀ ਸਾਡੇ ਜੀਵਨ ਦਾ ਮੂਲ ਉਦੇਸ਼ ਹੈ। ਜਿਸ ਤੋਂ ਅਸੀਂ ਭਟਕ ਚੁੱਕੇ ਹਾਂ ਅਤੇ ਸੰਸਾਰਿਕ ਰਿਸ਼ਤਿਆਂ ਪਿੱਛੇ ਅਸੀਂ ਆਪਣੀ ਸਾਰਾ ਜੀਵਨ ਬਤੀਤ ਕਰ ਦਿੰਦੇ ਹਨ। ਪਰ ਇਹ ਸੰਸਾਰਿਕ ਰਿਸ਼ਤੇ ਸਿਰਫ ਜੀਵਨ ਦੇ ਨਾਲ ਹੀ ਚੱਲਦੇ ਹਨ, ਮੌਤ ਤੋਂ ਬਾਅਦ ਕੋਈ ਵੀ ਉਸ ਨਾਲ ਸਹਾਈ ਨਹੀਂ ਹੁੰਦਾ। ਜੀਵਨ ਦੇ ਔਖੇ ਸਮੇਂ ਅੰਦਰ ਵੀ ਇਹ ਸੰਸਾਰ ਦੇ ਮਤਲਬੀ ਰਿਸ਼ਤੇ ਪਿੱਛੇ ਹੋ ਜਾਂਦੇ ਹਨ। ਸਿਰਫ ਪਰਮਾਤਮਾ ਹੀ ਔਖੇ ਸਮੇਂ ਇਨਸਾਨ ਦੇ ਨਾਲ ਸਹਾਈ ਹੁੰਦਾ ਹੈ। ਪਰਮਾਤਮਾ ਦਾ

ਨਾਮ ਸਿਮਰਨ ਹੀ ਜੀਵਨ ਵਿਚ ਅਤੇ ਜੀਵਨ ਤੋਂ ਬਾਅਦ ਵੀ ਇਨਸਾਨ ਨਾਲ ਰਹਿੰਦਾ ਹੈ। ਪਰ ਇਹ ਝੂਠੇ ਰਿਸ਼ਤੇ ਕਦੇ ਵੀ ਸਾਥ ਨਹੀਂ ਦਿੰਦੇ ਹਨ। ਫਿਰ ਵੀ ਅਸੀਂ ਸੰਸਾਰਿਕ ਰਿਸ਼ਤਿਆਂ ਦੇ ਪਿੱਛੇ ਹੀ ਆਪਣਾ ਸਮਾਂ ਵਿਆਰਥ ਕਰ ਦਿੰਦੇ ਹਨ।ਸੁਖਮਨੀ ਬਾਣੀ ਵਿਚ ਦੱਸਿਆ ਹੈ:

ਜਹ ਮਾਤ ਪਿਤਾ ਸੁਤ ਮੀਤ ਨ ਭਾਈ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥
ਜਹ ਮਹਾ ਭਇਆਨ ਦੂਤ ਜਮ ਦਲੈ॥
ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥[46]

ਗੁਰੂ ਜੀ ਦੱਸਦੇ ਹਨ ਕਿ ਜਿਥੇ ਮਾਂ, ਪਿਉ, ਪੁੱਤਰ, ਭਰਾ, ਰਿਸ਼ਤੇਦਾਰ, ਮਿੱਤਰ ਆਦਿ ਕੋਈ ਵੀ ਸਾਥ ਨਹੀਂ ਦਿੰਦੇ ਉੱਥੇ ਤੇਰੇ ਨਾਲ ਪਰਮਾਤਮਾ ਦਾ ਨਾਮ ਸਿਮਰਨ ਹੀ ਸਹਾਈ ਹੁੰਦਾ ਹੈ। ਗੁਰੂ ਜੀ ਸਮਝਾਉਂਦੇ ਹਨ ਕਿ ਜਿੱਥੇ ਵੀ ਜਮਦੂਤ ਦਾ ਦਲ ਹੈ। ਉੱਥੇ ਕਦੇ ਵੀ ਸੰਸਾਰਿਕ ਰਿਸ਼ਤੇ ਨਾਲ ਸਾਥ ਨਹੀਂ ਦਿੰਦੇ ਉੱਥੇ ਸਿਰਫ਼ ਪਰਮਾਤਮਾ ਦਾ ਨਾਮ ਹੀ ਨਾਲ ਜਾਂਦਾ ਹੈ। ਜੋ ਸਾਨੂੰ ਜਮਾ ਦੀਆਂ ਮਾਰਾਂ ਤੋਂ ਬਚਾਉਂਦਾ ਹੈ। ਇਸ ਕਰਕੇ ਸਾਨੂੰ ਵੀ ਪਰਮਾਤਮਾ ਦੇ ਨਾਮ ਦਾ ਸੰਗ ਕਰਕੇ ਆਪਣੇ ਜੀਵਨ ਦਾ ਸੁਧਾਰ ਕਰਨਾ ਚਾਹੀਦਾ ਹੈ, ਤਾਂ ਜੋ ਸਾਨੂੰ ਵੀ ਮੁਕਤੀ ਮਿਲ ਸਕੇ।

ਗੁਰੂ ਜੀ ਆਪਣੀ ਬਾਣੀ ਅੰਦਰ ਦੱਸਦੇ ਹਨ:
ਸਗਲ ਸ੍ਰਿਸਟਿ ਕੋ ਰਾਜਾ ਦੁਖੀਆ॥
ਹਰਿ ਕਾ ਕਾਮ ਜਪਤ ਹੋਇ ਸੁਖੀਆ॥
ਲਾਖ ਕਰੋਰੀ ਬੰਧੁ ਕ ਪਰੈ॥
ਹਰਿ ਕਾ ਨਾਮੁ ਜਪਤ ਨਿਸਤਰੈ॥[47]

ਗੁਰੂ ਸਹਿਬਾਨ ਨੇ ਆਪਣੀ ਸੁਖਨਮੀ ਬਾਣੀ ਅੰਦਰ ਇਹ ਦੱਸਿਆ ਹੈ ਕਿ ਅੱਜ ਇਕ ਰਾਜਾ ਵੀ ਦੁਖੀ ਹੈ। ਉਹ ਪੂਰੀ ਸ਼੍ਰਿਸ਼ਟੀ ਦਾ ਰਾਜਾ ਹੈ ਉਸ ਕੋਲ ਕਿਸੇ ਚੀਜ਼ ਦੀ ਕਮੀ ਨਹੀਂ ਹੈ। ਹਰ ਇਕ ਸੁੱਖ ਸਹੂਲਤ ਉਸ ਕੋਲ ਹੈ, ਪਰ ਫਿਰ ਵੀ ਉਹ ਦੁਖੀ ਹੈ। ਉਸ ਦੇ ਜੀਵਨ ਅੰਦਰ ਸੰਸਾਰਿਕ ਸੁੱਖ ਹੁੰਦੇ ਹੋਏ ਵੀ ਉਹ ਅਸਲ ਸੁੱਖ ਦੀ ਪ੍ਰਾਪਤੀ ਨਹੀਂ ਕਰ ਸਕਦਾ ਕਿਉਂਕਿ ਉਸ ਦੇ ਜੀਵਨ ਅੰਦਰ ਪਰਮਾਤਮਾ ਦਾ ਪਵਿੱਤਰ ਨਾਮ ਸਿਮਰਨ ਨਹੀਂ ਹੈ। ਇਸੇ ਕਰਕੇ ਉਹ ਇਕ ਰਾਜਾ ਹੋ ਕੇ ਵੀ ਦੁੱਖ ਨੂੰ ਭੋਗ ਰਿਹਾ ਹੈ। ਅੱਜ ਅਸੀਂ ਸੰਸਾਰ ਵਿਚ ਦੇਖਦੇ ਹਾਂ ਕਿ ਜਿਸ ਵਿਅਕਤੀ ਕੋਲ ਸਭ ਤੋਂ ਵੱਧ ਧੰਨ ਦੋਲਤ ਹੈ ਉਹ ਹੀ ਵਿਅਕਤੀ ਅੱਜ ਦੁਖੀ ਹੁੰਦਾ ਹੈ। ਕਿਉਂਕਿ ਸੰਸਾਰ ਦੀਆਂ ਨਾਸ਼ਵਾਨ ਵਸਤੂਆਂ ਕਦੇ ਵੀ ਸਦੀਵੀਂ ਸੁੱਖ ਨਹੀਂ ਦੇ ਸਕਦੀਆਂ। ਇਸੇ ਕਰਕੇ ਅੱਜ ਦਾ ਇਨਸਾਨ ਦੁੱਖਾਂ ਦਾ ਸਾਹਮਣਾ ਕਰਦਾ ਹੈ। ਪਰ ਸੁੱਖ ਉਸ ਨੂੰ ਹੀ ਪ੍ਰਾਪਤ ਹੈ ਜੋ ਪਰਮਾਤਮਾ ਦੇ ਨਾਮ ਸਿਮਰਨ ਨਾਲ ਜੁੜਿਆ ਹੁੰਦਾ ਹੈ। ਪਰ ਨਾਮ ਸਿਮਰਨ ਨਾਲ ਕਿਸ ਸਦੀਵੀਂ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਉਹ ਹੈ ਪਰਮਾਤਮਾ ਨਾਲ ਮਿਲਾਪ, ਜਿਸ ਤੋਂ ਬਾਅਦ ਉਹ ਇਸ ਦੁਨੀਆ ਦੇ ਸਾਗਰ ਵਿਚੋਂ ਤਰ ਜਾਂਦਾ ਹੈ। ਇਸੇ ਕਰਕੇ ਸਾਨੂੰ ਵੀ ਉਸ ਨਾਮ ਸਿਮਰਨ ਦੀ ਲੋੜ ਹੈ ਜਿਸ ਦੀ ਗੱਲ ਸਾਰੇ ਗੁਰੂ ਸਾਹਿਬਾਨ ਅਤੇ ਸੁਖਮਨੀ ਬਾਣੀ ਅੰਦਰ ਕੀਤੀ ਗਈ ਹੈ।

ਅੱਜ ਦੇ ਅਜੋਕੇ ਸਮੇਂ ਅੰਦਰ ਜੇ ਅਸੀਂ ਆਪਣੇ ਆਪ ਵਿਚ ਅਤੇ ਸਮਾਜ ਵਿਚ ਬਦਲਾ ਲੈ ਕੇ ਆਉਣ ਹੈ ਤਾਂ ਸਾਨੂੰ ਪਰਮਾਤਮਾ ਦੇ ਨਾਮ ਸਿਮਰਨ ਦਾ ਆਸਰਾ ਲੈਣਾ ਪਾਵੇਗਾ, ਕਿਉਂਕਿ ਅੱਜ ਸਾਡੀ ਅਸ਼ਾਂਤੀ ਦਾ ਕਾਰਨ ਹੀ ਪਰਮਾਤਮਾ ਦੇ ਨਾਮ ਸਿਮਰਨ ਤੋਂ ਟੁੱਟਣਾ ਹੈ। ਜਦੋਂ ਇਕ ਇਨਸਾਨ ਪਰਮਾਤਮਾ ਨਾਲ ਜੁੜ ਜਾਂਦਾ ਹੈ ਤਾਂ ਉਸ ਦੇ ਅੰਦਰੋ ਆਪਣੇ-ਆਪ ਬੁਰੇ ਵਿਚਾਰ ਖ਼ਤਮ ਹੋ ਜਾਂਦੇ ਹਨ। ਜਦੋਂ ਇਕ ਵਿਅਕਤੀ ਅੰਦਰ ਬੁਰੇ ਵਿਚਾਰ ਹੁੰਦੇ ਹਨ ਤਾਂ ਉਹ ਕਰਮ ਵੀ ਹਮੇਸ਼ਾ ਬੁਰੇ ਹੀ ਕਰਦਾ ਹੈ। ਜੋ ਅੱਜ ਅਸੀਂ ਸਮਾਜ ਅੰਦਰ ਹੁੰਦਾ ਦੇਖਦੇ ਹਾਂ, ਇਹ ਸਭ ਬੁਰੇ ਵਿਚਾਰਾਂ ਉੱਪਰ ਹੀ ਆਧਾਰਿਤ ਹੈ। ਇਸ ਕਰਕੇ ਜਦ ਇਨਸਾਨ ਅੰਦਰ ਬੁਰੇ ਵਿਚਾਰ ਹੀ ਖ਼ਤਮ ਹੋ ਜਾਣਗੇ ਤਾਂ ਉਹ ਬੁਰੇ ਕਰਮ ਕਰਨ ਬਾਰੇ ਸੋਚ ਹੀ ਨਹੀਂ ਸਕਦਾ। ਇਸ ਕਰਕੇ ਅੱਜ ਦੇ ਸਮੇਂ ਅੰਦਰ ਜੇ ਅਸੀਂ ਸ਼ਾਂਤੀ ਨੂੰ ਪ੍ਰਾਪਤ ਕਰਨਾ ਹੈ ਤਾਂ ਸਾਨੂੰ ਪਰਮਾਤਮਾ ਦੇ ਨਾਮ ਸਿਮਰਨ ਨਾਲ ਜੁੜਨਾ ਪਵੇਗਾ।ਫਿਰ ਹੀ ਅਸੀਂ ਸ਼ਾਂਤੀ ਦੀ ਪ੍ਰਾਪਤੀ ਕਰ ਸਕਦੇ ਹਾਂ। ਇਸ ਲਈ ਅੱਜ ਦੇ ਸਮੇਂ ਅੰਦਰ ਪਰਮਾਤਮਾ ਦਾ ਨਾਮ ਸਿਮਰਨ ਸਾਡੇ ਲਈ ਬਹੁਤ ਹੀ ਜ਼ਰੂਰੀ ਹੈ। ਗੁਰਬਾਣੀ ਦੇ ਖੋਜੀਆਂ ਅਤੇ ਵਿਦਵਾਨਾਂ ਵਿਚ ਇਸ ਬਾਰੇ ਪੂਰਨ ਸਰਬ-ਸੰਮਤੀ ਹੈ ਕਿ ਗੁਰਮਤਿ-ਚਿੰਤਨ ਦਾ ਸਾਰ ਕਿਰਤ ਕਰਨਾ, ਵੰਡ ਛਕਣਾ ਅਤੇ ਨਾਮ ਜਪਣਾ ਹੈ। ਨਾਮ ਜਪਣ ਲਈ ਹੱਕ ਹਲਾਲ ਦੀ ਕਮਾਈ ਕਰਨਾ ਅਤੇ ਇਸ ਕਮਾਈ ਨੂੰ ਸਫਲਾ ਕਰਨ ਲਈ ਵੰਡ ਛਕਣਾ ਜ਼ਰੂਰੀ ਹੈ। ਇਕ ਤਰ੍ਹਾਂ ਕਿਰਤ ਕਰਨਾ ਅਤੇ ਵੰਡ ਛਕਣਾ ਵੀ ਨਾਮ ਜਪਣ ਹਿਤ ਹੈ। "ਗੁਰੂ ਸਾਹਿਬਾਨ ਦੇ ਅਧਿਆਤਮਿਕ ਫ਼ਲਸਫ਼ੇ ਦਾ ਅਸਲ ਧੁਰਾ ਜਾਂ ਆਧਾਰ ਨਾਮ ਜਾਂ ਸ਼ਬਦ ਦੀ ਆਰਾਧਨਾ ਹੀ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਗੁਰੂ-ਘਰ ਵਿਚ ਕੇਵਲ ਨਾਮ ਦੀ ਮਹਿਮਾ ਹੈ। ਆਪ ਦਾ ਮੱਤ ਹੈ ਕਿ ਪਰਮਾਤਮਾ ਨਾਲ ਮਿਲਾਪ ਦੇ ਜੀਵਨ-ਮਮਤਵ ਵਿਚ ਸਹਾਈ ਹੋਣ ਵਾਲੀ ਇਕੋ ਵਸਤੂ ਨਾਮ ਦੀ ਕਮਾਈ ਹੈ, ਇਸ ਲਈ ਕੇਵਲ ਇਹੋ ਇਕੋ ਸੱਚਾ-ਸੁੱਚਾ ਅਤੇ ਫਲਦਾਇਕ ਕਰਮ ਹੈ।"[48]

ਸੁਖਮਨੀ ਬਾਣੀ ਵਿਚ ਜਿੱਥੇ ਅਕਾਲ ਪੁਰਖ, ਸਤਿਗੁਰੂ, ਬ੍ਰਹਮਗਿਆਨੀ ਆਦਿ ਦੀ ਮਹਾਨਤਾ ਨੂੰ ਦਰਸਾਇਆ ਗਿਆ ਹੈ। ਇਸ ਦੇ ਨਾਲ ਹੀ ਸਦਾਚਾਰਕ ਜੀਵਨ ਜੀਉਣ ਵੱਲ ਪ੍ਰੇਰਿਤ ਕੀਤਾ ਗਿਆ ਹੈ। ਜਦੋਂ ਤੱਕ ਸਾਡੇ ਜੀਵਨ ਵਿਚੋਂ ਹੰਕਾਰ, ਵੈਰ-ਵਿਰੋਧ, ਨਫ਼ਰਤ, ਨਿੰਦਾ-ਚੁਗਲੀ ਆਦਿ ਬੁਰੇ ਵਿਕਾਰ ਖਤਮ ਨਹੀਂ ਹੁੰਦੇ, ਉਦੋਂ ਤੱਕ ਅਸੀਂ ਅਧਿਆਤਮਕ ਮਾਰਗ ਉੱਪਰ ਚੱਲ ਨਹੀਂ ਸਕਦੇ। ਇਸ ਲਈ ਸੁਖਮਨੀ ਬਾਣੀ ਹੀ ਸਾਨੂੰ ਇਨ੍ਹਾਂ ਬੁਰੇ ਵਿਕਾਰਾਂ ਤੋਂ ਦੂਰ ਕਰਕੇ ਸਾਡੇ ਜੀਵਨ ਵਿਚ ਸਦਾਚਾਰਕਤਾ ਦਾ ਗੁਣ ਲੈ ਕੇ ਆਉਂਦੀ। ਗੁਰੂ ਜੀ ਨੇ ਆਪਣੇ ਸਲੋਕ ਅੰਦਰ ਫੁਰਨਾਮ ਕੀਤਾ ਹੈ :

ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਟਲੇ॥
ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ॥[49]

ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਇਕ ਗਰੀਬ ਵਿਅਕਤੀ ਹਮੇਸ਼ਾ ਹੀ ਨੀਵਾਂ ਹੋ ਕੇ ਜੀਵਨ ਬਤੀਤ ਕਰਦਾ ਹੈ। ਪਰ ਇਕ ਵੱਡੇ ਤੋਂ ਵੱਡਾ ਵਿਅਕਤੀ ਹਮੇਸ਼ਾ ਅਹੰਕਾਰ ਵਿਚ ਰਹਿੰਦਾ ਹੈ।ਗੁਰੂ ਜੀ ਕਹਿੰਦੇ ਹਨ ਕਿ ਉਹ ਵਿਅਕਤੀ ਅਹੰਕਾਰ ਨਾਲ ਹੀ ਗਲ ਜਾਂਦਾ ਹੈ। ਇਸ ਕਰਕੇ ਮਨੁੱਖ ਨੂੰ ਹਮੇਸ਼ਾ ਹੀ ਸਦਾ ਤੇ ਨੀਵੇਂ ਹੋ ਕੇ ਜੀਵਨ ਬਤੀਤ ਕਰਨਾ ਚਾਹੀਦਾ ਹੈ।

ਜਿਸ ਕੈ ਅੰਤਰਿ ਰਾਜ ਅਭਿਮਾਨ॥
ਸੋ ਨਰਕਪਾਤੀ ਹੋਵਤ ਸੁਆਨੁ॥
ਜੋ ਜਾਨੈ ਮੈ ਜੋਬਨਵੰਤੁ॥
ਸੋ ਹੋਵਤ ਬਿਸਟਾ ਕਾ ਜੰਤੁ॥[50]

ਜਿਸ ਵਿਅਕਤੀ ਅੰਦਰ ਧੰਨ, ਦੌਲਤ ਅਤੇ ਆਪਣੀ ਹਕੂਮਤ ਦਾ ਮਾਣ ਕਰਦਾ ਹੈ। ਉਹ ਵਿਅਕਤੀ ਨਰਕਾਂ ਦਾ ਹੀ ਅਧਿਕਾਰੀ ਬਣਦਾ ਹੈ। ਮਨੁੱਖ ਨੂੰ ਕਦੇ ਵੀ ਆਪਣੇ ਪੈਸੇ ਦਾ ਮਾਣ ਨਹੀਂ ਕਰਨਾ ਚਾਹੀਦਾ ਕਿਉਂਕਿ ਇਹ ਸਭ ਪਰਮਾਤਮਾ ਦੀ ਹੀ ਕਿਰਪਾ ਹੁੰਦੀ ਹੈ। ਪਰਮਾਤਮਾ ਹੀ ਹੁੰਦਾ ਹੈ ਜੋ ਮਨੁੱਖ ਨੂੰ ਕੱਖਾਂ ਤੋਂ ਲੱਖਾਂ ਤੱਕ ਲੈ ਕੇ ਜਾਂਦਾ ਹੈ ਅਤੇ ਲੱਖਾਂ ਤੋਂ ਕੱਖਾਂ ਵਿਚ ਵੀ ਕਰ ਦਿੰਦਾ ਹੈ। ਇਸ ਕਰਕੇ ਮਨੁੱਖ ਨੂੰ ਕਦੇ ਵੀ ਆਪਣੇ ਉੱਚੇ ਹੋਣ ਦਾ ਮਾਣ ਨਹੀਂ ਕਰਨਾ ਚਾਹੀਦਾ। ਇਨਸਾਨ ਨੂੰ ਹਮੇਸ਼ਾ ਹੀ ਪਰਮਾਤਮਾ ਦੀ ਰਜ਼ਾ ਅੰਦਰ ਰਹਿਣਾ ਚਾਹੀਦਾ ਹੈ। ਜਿਹੜਾ ਵਿਅਕਤੀ ਆਪਣੀ ਜਵਾਨੀ ਅਤੇ ਆਪਣੇ ਰੂਪ ਦਾ ਮਾਣ ਕਰਦਾ ਹੈ। ਉਹ ਹਮੇਸ਼ਾ ਕੀੜੇ ਦੀ ਜੂਨ ਵਿਚ ਪੈਂਦਾ ਹੈ। ਜਿਸ ਤਰ੍ਹਾਂ ਇਨਸਾਨ ਸੰਸਾਰ ਅੰਦਰ ਆ ਕੇ ਵਿਸ਼ੇ-ਵਿਕਾਰਾਂ ਨੂੰ ਭੋਗਦਾ ਹੈ। ਉਸੇ ਪ੍ਰਕਾਰ ਹੀ ਮਨੁੱਖ ਜੂਨਾਂ ਅੰਦਰ ਭਟਕਦਾ ਰਹਿੰਦਾ ਹੈ। ਗੁਰੂ ਜੀ ਫਰਮਾਨ ਕਰਦੇ ਹਨ :

ਦਸ ਬਸਤੂ ਲੇ ਪਾਛੈ ਪਾਵੈ॥
ਏਕ ਬਸਤੁ ਕਾਰਨਿ ਬਿਖੋਟਿ ਗਵਾਵੈ॥
ਏਕ ਭੀ ਨ ਦੇਇ ਦਸ ਭੀ ਹਿਰਿ ਲੇਇ॥
ਤਉ ਮੂੜਾ ਕਹੁ ਕਹਾ ਕਰੇਇ॥
ਜਿਸੁ ਠਾਕੁਰ ਸਿਉ ਨਾਹੀ ਚਾਰਾ॥
ਤਾ ਕਉ ਕੀਜੈ ਸਦ ਨਮਸਰਾਰਾ॥[51]

ਗੁਰੂ ਜੀ ਮਨੁੱਖ ਦੇ ਲਾਲਚੀ ਸੁਭਾਅ ਬਾਰੇ ਦੱਸਦੇ ਹਨ ਕਿ ਮਨੁੱਖ ਪਰਮਾਤਮਾ ਤੋਂ ਦਸ ਚੀਜ਼ਾਂ ਲੈ ਕੇ ਵੀ ਖੁਸ਼ ਨਹੀਂ ਹੁੰਦਾ, ਸਗੋਂ ਇਕ ਚੀਜ਼ ਨਾ ਦੇਣ ਤੇ ਪਰਮਾਤਮਾ ਨਾਲ ਗਿਲ੍ਹਾ ਕਰਦਾ ਹੈ। ਜਿਸ ਕਾਰਨ ਪਰਮਾਤਮਾ ਉਸ ਤੋਂ ਉਹ ਵਸਤੂਆਂ ਵੀ ਲੈ ਲੈਂਦਾ ਹੈ। ਇਸ ਕਰਕੇ ਹਮੇਸ਼ਾ ਹੀ ਪਰਮਾਤਮਾ ਦੇ ਅੱਗੇ ਸਿਰ ਨੀਵਾਂ ਕਰਨਾ ਚਾਹੀਦਾ ਹੈ। ਮਨੁੱਖ ਨੂੰ ਹਰ ਸਮੇਂ ਪਰਮਾਤਮਾ ਦਾ ਸ਼ੁਕਰ ਕਰਨਾ ਚਾਹੀਦਾ ਹੈ।

ਸੋਚ ਕਰੈ ਦਿਨਸੁ ਅਰੁ ਰਾਤਿ ॥
ਮਨ ਕੀ ਮੈਲੁ ਨ ਤਨ ਤੇ ਜਾਤਿ ॥
ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥
ਮਨ ਤੇ ਕਬਹੂ ਨ ਬਿਖਿਆ ਟਰੈ ॥[52]

ਮਨੁੱਖ ਭਾਵੇਂ ਦਿਨ-ਰਾਤ ਤੀਰਥਾਂ ਤੇ ਜਾ ਕੇ ਇਸਨਾਨ ਕਰੇ, ਫਿਰ ਵੀ ਉਸ ਦੇ ਮਨ ਦੀ ਅੰਦਰਲੀ ਮੈਲ ਨਹੀਂ ਜਾ ਸਕਦੀ। ਜੇ ਵਿਅਕਤੀ ਆਪਣੇ ਸਰੀਰ ਨੂੰ ਮਾਇਆ ਤੋਂ ਦੂਰ ਰੱਖਣ ਲਈ ਕਈ ਪ੍ਰਕਾਰ ਦੇ ਢੰਗ ਤਰੀਕੇ

ਅਪਣਾਉਂਦਾ ਹੈ, ਫਿਰ ਵੀ ਉਹ ਮਾਇਆ ਤੋਂ ਬਚ ਨਹੀਂ ਸਕਦਾ। ਕਿਉਂਕਿ ਮਾਇਆ ਤੋਂ ਬਚਣ ਲਈ ਪਰਮਾਤਮਾ ਦਾ ਨਾਮ ਹੀ ਜ਼ਰੂਰੀ ਹੈ। ਗੁਰਬਾਣੀ, ਆਤਮਿਕ ਤੌਰ ਤੇ ਪ੍ਰਫੁਲਤ, ਮਾਨਸਿਕ ਤੌਰ ਤੇ ਸ਼ਾਂਤ-ਚਿਤ, ਸਦਾਚਾਰਿਕ ਤੌਰ ਤੇ ਸੁਦ੍ਰਿੜ ਇਨਸਾਨ ਦੀ ਘਾੜਤ ਘੜਨ ਤੇ ਜ਼ੋਰ ਦਿੰਦੀ ਹੈ। ਸਚ, ਪ੍ਰਮਾਤਮਾ ਦਾ ਆਪਣਾ ਗੁਣ ਹੈ, ਇਸ ਲਈ ਸਚ ਤੇ ਅਧਾਰਤ ਜੀਵਨ ਨੂੰ ਪ੍ਰਵਾਨ ਕੀਤਾ ਗਿਆ ਹੈ ਪਰ ਉਸ ਤੋਂ ਵੀ ਉੱਤੇ ਸਚ ਅਚਾਰ ਰਖਣ ਵਾਲੇ ਨੂੰ ਸਮਝਿਆ ਜਾਂਦਾ ਹੈ। ਸੱਚੇ ਆਚਰਣ ਤੋਂ ਉੱਤੇ ਕੁਝ ਵੀ ਨਹੀਂ, ਇਸ ਲਈ ਇਸਨੂੰ ਜ਼ਿੰਦਗੀ ਦਾ ਆਧਾਰ ਬਣਾਉਣਾ ਚਾਹੀਦਾ ਹੈ, ਅਜਿਹਾ ਹੋ ਜਾਣ ਨਾਲ ਹੋਰ ਗੁਣ ਖੁਦ ਬਖੁਦ ਹੀ ਜੀਵਨ ਵਿਚ ਰਲਦੇ ਰਹਿਣਗੇ।"ਗੁਰਬਾਣੀ ਵਿਚ ਇਸ ਗੱਲ ਦਾ ਵਿਸ਼ੇਸ਼ ਜ਼ਿਕਰ ਮਿਲਦਾ ਹੈ ਕਿ ਜਿਨ੍ਹਾਂ ਅਭਿਲਾਸ਼ੀਆਂ ਨੇ ਸਚ ਨੂੰ ਆਪਣਾ ਰੋਜ਼ਾ ਜਾਂ ਵਰਤ; ਸੰਤੋਖ ਤੇ ਸਬਰ ਨੂੰ ਆਪਣਾ ਧਰਮ ਤੀਰਥ; ਜੀਵਨ ਦੀ ਸੂਝ ਬੂਝ ਤੇ ਸਿਮਰਨ ਨੂੰ ਆਪਣਾ ਮਜਨ ਇਸ਼ਨਾਨ; ਦਰਿਆ ਤੇ ਪਰਉਪਕਾਰਤਾ ਨੂੰ ਆਪਣਾ ਦੇਵਤਾ ਅਤੇ ਮਾਫ਼ ਕਰ ਦੇਣ ਨੂੰ ਆਪਣੀ ਲਪਮਾਲੀ ਭਾਵ ਮਾਲਾ ਬਣਾਇਆ ਹੋਇਆ ਹੈ, ਉਹ ਮਨੁੱਖ, ਚਜ ਅਚਾਰ ਦੇ ਪੱਖੋਂ ਪਰਮ ਸਰੇਸ਼ਠ ਹਨ।"[53] ਆਪਣਾ ਪਰਮਾਤਮਾ ਦੇ ਨਾਮ ਨਾਲ ਹੀ ਮਨੁੱਖ ਦੀ ਅੰਦਰਲੀ ਮੈਲ ਦੂਰ ਹੋ ਸਕਦੀ ਹੈ। ਜਦੋਂ ਮਨੁੱਖ ਦੇ ਅੰਦਰਲੀ ਮੈਲ ਖਤਮ ਹੋ ਜਾਂਦੀ ਹੈ ਤਾਂ ਉਸ ਅੰਦਰੋਂ ਅਹੰਕਾਰ ਵੀ ਆਪਣੇ-ਆਪ ਹੀ ਦੂਰ ਹੋ ਜਾਂਦਾ ਹੈ।

ਅੱਜ ਦੇ ਨੌਜਵਾਨਾਂ ਦਾ ਲਗਾਤਾਰ ਨੈਤਿਕ ਪਤਨ ਹੋ ਰਿਹਾ ਹੈ, ਜਿਸਦੇ ਲਈ ਮਾਪੇ, ਅਧਿਆਪਕ ਅਤੇ ਸਮਾਜ ਸਮਾਨ ਰੂਪ ਵਿਚ ਜ਼ਿੰਮੇਵਾਰ ਹਨ। ਮਾਂ-ਬਾਪ ਕੋਲ ਇੰਨਾ ਸਮਾਂ ਨਹੀਂ ਕਿ ਉਹ ਆਪਣੇ ਬੱਚੇ ਉੱਪਰ ਨਿਗਰਾਨੀ ਰੱਖ ਸਕਣ ਅਤੇ ਨਾ ਹੀ ਬੱਚੇ ਰਿਹ ਚਾਹੁੰਦੇ ਹਨ ਕਿ ਉਹਨਾਂ ਦੇ ਮਾਂ-ਬਾਪ ਉਹਨਾਂ ਦੀ ਨਿੱਜੀ ਜ਼ਿੰਦਗੀ ਵਿਚ ਦਖਲ ਅੰਦਾਜੀ ਕਰਨ। ਮਾਤਾ ਪਿਤਾ ਦੁਆਰਾ ਤਾਂ ਬਸ ਕੁੱਝ ਕੁ ਜ਼ਿੰਮੇਵਾਰੀਆਂ ਨੂੰ ਪੂਰਾ ਕਰਕੇ ਆਪਣੇ ਸਿਰੋਂ ਭਾਰ ਲਾਹ ਦਿੱਤਾ ਜਾਂਦਾ ਹੈ। ਅਜਿਹੀ ਸੋਚ ਕਾਰਨ ਸਾਡੀ ਸਮਾਜਕ ਦਿਨੋ-ਦਿਨ ਬਦਲ ਰਹੀ ਜਿਸ ਦੁਆਰਾ ਸਮਾਜ ਦੇ ਨੈਤਿਕ ਮੁੱਲਾਂ ਅਤੇ ਕਦਰਾਂ ਕੀਮਤਾਂ ਵਿਚ ਗਿਰਾਵਟ ਪੈਦਾ ਹੋ ਰਹੀ ਹੈ। ਇਸਦਾ ਸਭ ਤੋਂ ਵੱਧ ਅਸਰ ਨੌਜਵਾਨ ਵਰਗ ਤੇ ਪੈ ਰਿਹਾ ਹੈ। ਬੇਸ਼ੱਕ ਬਾਹਰੀ ਤੌਰ ਤੇ ਇਨਸਾਨ ਨੇ ਅਨੇਕਾਂ ਮੁਕਾਮਾਂ ਨੂੰ ਹਾਸਿਲ ਕੀਤਾ ਹੈ, ਨਵੀਆਂ-ਨਵੀਆਂ ਖੋਜਾਂ ਹੋ ਰਹੀਆਂ ਹਨ ਪਰੰਤੂ ਅੰਤਰੀਵ ਤੌਰ ਤੇ ਮਨੁੱਖ ਬਿਖਰਦਾ ਹੀ ਜਾ ਰਿਹਾ ਹੈ। ਜਿਸ ਭਾਰਤ ਦੇਸ਼ ਨੂੰ ਕਦੇ ਜਗਤ ਗੁਰੂ ਦੀ ਉਪਾਦੀ ਨਾਲ ਨਿਵਾਜਿਆ ਗਿਆ ਸੀ ਉਸੇ ਭਾਰਤ ਵਰਸ਼ ਵਿਚ ਅੱਜ ਰਾਜਨੀਤਿਕ, ਸਮਾਜਕ, ਪਰਿਵਾਰਕ ਅਤੇ ਵਿਅਕਤੀਗਤ ਰੂਪ ਵਿਚ ਉੱਥਲ-ਪੁੱਥਲ ਮੱਚੀ ਹੋਈ ਹੈ। ਜੀਵਨ ਦੇ ਸੱਚੇ ਮੁੱਲਾਂ ਪ੍ਰਤੀ ਕੋਈ ਵੀ ਜਾਗਰੂਕ ਨਹੀਂ ਹੈ। ਅੱਜ ਦਾ ਨੌਜਵਾਨ ਵਰਗ ਦੁਸ਼ ਪ੍ਰਵਿਰਤੀਆਂ ਦੀ ਘੁੰਮਣ ਘੇਰੀ ਵਿਚ ਫਸ ਕੇ ਨੈਤਿਕ ਪਤਨ ਦੇ ਰਾਹ ਤੇ ਚੱਲ ਪਿਆ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਸੁਖਮਨੀ ਸਾਹਿਬ ਵਿਚ ਅਜਿਹੇ ਆਦਰਸ਼ ਬਾਰੇ ਜਾਣੂ ਕਰਵਾਇਆ ਗਿਆ ਹੈ, ਜਿਸ ਨੂੰ ਅਧਾਰ ਬਣਾ ਕੇ ਅਸੀਂ ਚੰਗੇ ਚਰਿੱਤਰ ਅਤੇ ਨੈਤਿਕਤਾ ਦਾ ਨਿਰਮਾਣ ਕਰ ਸਕਦੇ ਹਾਂ। ਅਜਿਹੀ ਪ੍ਰੇਰਣਾ ਸਿਰਫ ਮਹਾਂਪੁਰਸ਼ਾਂ ਦੇ ਜੀਵਨ ਤੋਂ ਹੀ ਪ੍ਰਾਪਤ ਹੋ ਸਕਦੀ ਹੈ ਕਿਉਂਕਿ ਇਸ ਸੰਸਾਰ ਅੰਦਰ ਸਿਰਫ ਮਹਾਂਪੁਰਸ਼ਾਂ ਦਾ ਜੀਵਨ ਹੀ ਪਰਉਪਕਾਰੀ ਅਤੇ ਦੂਸਰਿਆਂ ਲਈ ਚਾਨਣ ਮੁਨਾਰੇ ਦਾ ਕੰਮ ਕਰਦਾ ਹੈ।ਮਨੁੱਖ ਅੰਦਰ ਨੈਤਿਕ ਗੁਣਾਂ ਦੀ ਬਹੁਤ ਕਮੀ ਹੈ। ਮਨੁੱਖ ਨੇ ਆਪਣੇ ਜੀਵਨ ਅੰਦਰ ਪਿਆਰ, ਸਬਰ, ਏਕਤਾ,

ਸਹਿਣਸ਼ੀਲਤਾ, ਰਜ਼ਾ, ਸਦਭਾਵਨਾ ਆਦਿ ਦੀ ਥਾਂ ਅਹੰਕਾਰ, ਮਾਣ, ਵੈਰ-ਵਿਰੋਧ, ਈਰਖਾ ਅਤੇ ਜਾਤ-ਪਾਤ ਨੂੰ ਆਪਣੇ ਜੀਵਨ ਅੰਦਰ ਸਥਾਨ ਦਿੱਤਾ ਹੈ। ਅੱਜ ਜੋ ਸਾਨੂੰ ਸਮਾਜ ਵਿਚ ਦੇਖਣ ਨੂੰ ਮਿਲਦਾ ਹੈ। ਉਸ ਦਾ ਕਾਰਨ ਨੈਤਿਕ ਕਦਰਾਂ-ਕੀਮਤਾਂ ਦੀ ਘਾਟ ਹੈ। ਇਸ ਘਾਟ ਨੂੰ ਪੂਰਾ ਕਰਦੀ ਹੈ, ਸਾਡੀ ਸੁਖਮਨੀ ਬਾਣੀ , ਜਿਸ ਨੂੰ ਸਮਝ ਕੇ ਸਾਡੇ ਜੀਵਨ ਅੰਦਰ ਚੰਗੇ ਗੁਣ ਆਉਂਦੇ ਹਨ। ਇਸ ਸਦਾਚਾਰਕ ਜੀਵਨ ਨਾਲ ਹੀ ਅਸੀਂ ਪਰਮਾਤਮਾ ਦੇ ਮਾਰਗ ਤੇ ਚੱਲ ਸਕਦੇ ਹਾਂ। ਜੇਕਰ ਅੱਜ ਦਾ ਨੌਜਵਾਨ ਵਰਗ ਸੁਖਮਨੀ ਬਾਣੀ ਦੇ ਦਰਸਾਏ ਮਾਰਗ ਤੇ ਕਦਮ ਵਧਾ ਲੈਣ ਤਾਂ ਅੱਜ ਦੇ ਯੁਵਕਾਂ ਦੀਆਂ ਸਾਰੀਆਂ ਹੀ ਸਮੱਸਿਆਵਾਂ ਦਾ ਖਾਤਮਾ ਹੋ ਸਕਦਾ ਹੈ।

ਅੰਤ ਵਿਚ ਇਹ ਕਹਿ ਸਕਦੇ ਹਾਂ ਕਿ "ਨੈਤਿਕਤਾ ਦਾ ਸਿੱਧਾ ਸੰਬੰਧ ਵਿਹਾਰ ਦੀ ਪਵਿੱਤਰਤਾ, ਸਾਦਗੀ, ਸੁੱਚਤਾ ਅਤੇ ਸ਼ੁਭ ਗੁਣਾਂ ਨਾਲ ਹੈ ਸ਼ੁਭ ਕਰਮ, ਸ਼ੁਭ ਬੋਲ, ਸ਼ੁਭ ਵਿਚਾਰ, ਸ਼ੁਭ ਕਿਰਦਾਰ, ਸ਼ੁਭ ਅਮਲ ਹੀ ਅਸਲ ਵਿਚ ਨੈਤਿਕ ਮੁੱਲ ਹਨ ਜੋ ਮਨੁੱਖ ਨੂੰ ਨੈਤਿਕਤਾ ਪੱਖੋਂ ਸਰਵ-ਸਰੇਸ਼ਟ ਬਣਾਉਂਦੇ ਹਨ।"[54]

## ਹਵਾਲੇ ਅਤੇ ਟਿੱਪਣੀਆਂ

1. ਹਰਦਿਲਜੀਤ ਸਿੰਘ ਗੋਸਲ, ਭਾਰਤੀ ਦਰਸ਼ਨ (ਦਾਰਸ਼ਨਿਕਤਾ ਅਤੇ ਸੰਕਲਪ), ਪੰਨਾ-17
2. ਉਹੀ, ਪੰਨਾ-17
3. ਉਹੀ, ਪੰਨਾ-17
4. ਗੁਰੂ ਗ੍ਰੰਥ ਦਰਪਣ, ਪੰਨਾ-24
5. ਭਾਰਤੀ ਦਰਸ਼ਨ, ਪੰਨਾ-3
6. ਤਿੰਨ ਧਾਰਮਿਕ ਖੋਜ ਨਿਬੰਧ, ਪੰਨਾ-1
7. ਆਉਟਲਾਇਨ ਆਫ ਇੰਡੀਅਨ ਫਿਲਾਸਫੀ, ਪੰਨਾ-20
8. ਹਰਟ ਆਫ ਹਿੰਦੁਸਤਾਨ, ਪੰਨਾ-113
9. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-275
10. ਉਹੀ, ਪੰਨਾ-275
11. ਉਹੀ, ਪੰਨਾ-275
12. ਉਹੀ, ਪੰਨਾ-275
13. ਉਹੀ, ਪੰਨਾ-276
14. ਉਹੀ, ਪੰਨਾ-276
15. ਉਹੀ, ਪੰਨਾ-276
16. ਉਹੀ, ਪੰਨਾ-277
17. ਡਾ. ਪਰਮਵੀਰ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਚਿੰਤਨ ਅਤੇ ਵਿਚਾਰਧਾਰਾ, ਪੰਨਾ-7
18. ਉਹੀ, ਪੰਨਾ-286
19. ਪ੍ਰੋਫ਼ੈਸਰ ਰਤਨ ਸਿੰਘ ਜੱਗੀ, ਖੋਜ ਪਤ੍ਰਿਕਾ, ਪੰਨਾ-57
20. ਉਹੀ, ਪੰਨਾ-286
21. ਉਹੀ, ਪੰਨਾ-286
22. ਉਹੀ, ਪੰਨਾ-287
23. ਉਹੀ, ਪੰਨਾ-287
24. ਉਹੀ, ਪੰਨਾ-287
25. ਉਹੀ, ਪੰਨਾ-287
26. ਉਹੀ, ਪੰਨਾ-265
27. ਗੁਲਵੰਤ ਸਿੰਘ, ਗੁਰਮਤਿ ਸਾਹਿਤ ਚਿੰਤਨ, ਪੰਨਾ-74

28. ਉਹੀ, ਪੰਨਾ-272

29. ਉਹੀ, ਪੰਨਾ-272

30. ਉਹੀ, ਪੰਨਾ-272

31. ਉਹੀ, ਪੰਨਾ-272

32. ਉਹੀ, ਪੰਨਾ- 273

33. ਪ੍ਰੋਫ਼ੈਸਰ ਰਤਨ ਸਿੰਘ ਜੱਗੀ, ਖੋਜ ਪਤ੍ਰਿਕਾ, ਪੰਨਾ 134

34. ਉਹੀ, ਪੰਨਾ-273

35. ਉਹੀ, ਪੰਨਾ-271

36. ਉਹੀ, ਪੰਨਾ-271

37. ਉਹੀ, ਪੰਨਾ-272

38. ਉਹੀ, ਪੰਨਾ-271

39. ਉਹੀ, ਪੰਨਾ-272

40. ਪ੍ਰੋਫ਼ੈਸਰ ਰਤਨ ਸਿੰਘ ਜੱਗੀ, ਖੋਜ ਪਤ੍ਰਿਕਾ, ਪੰਨਾ-134

41. ਡਾ. ਕਰਤਾਰ ਸਿੰਘ, ਗੁਰਮਤਿ ਦੇ ਮੂਲਿਕ ਸਿਧਾਂਤ, ਪੰਨਾ-63

42. ਉਹੀ, ਪੰਨਾ-272

43. ਉਹੀ, ਪੰਨਾ-263

44. ਉਹੀ, ਪੰਨਾ- 263

45. ਉਹੀ, ਪੰਨਾ-263

46. ਡਾ. ਸਰੂਪ ਸਿੰਘ ਅਲੱਗ, ਸਰਬ ਨਿਧਾਨ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-12

47. ਉਹੀ, ਪੰਨਾ-263

48. ਉਹੀ, ਪੰਨਾ-264

49. ਪ੍ਰੋਫ਼ੈਸਰ ਰਤਨ ਸਿੰਘ ਜੱਗੀ, ਖੋਜ ਪਤ੍ਰਿਕਾ, ਪੰਨਾ-74

50. ਡਾ. ਅਮਰਜੀਤ ਸਿੰਘ ਕਾਂਗ, ਡਾ. ਜਸਪਾਲ ਕੌਰ ਕਾਂਗ, ਮੱਧਕਾਲੀ ਪੰਜਾਬੀ ਸਾਹਿਤ ਵਿਵੇਕ, ਪੰਨਾ-125

51. ਉਹੀ, ਪੰਨਾ-264

52. ਉਹੀ, ਪੰਨਾ-278

53. ਉਹੀ, ਪੰਨਾ-278

54. ਉਹੀ, ਪੰਨਾ-268

55. ਡਾ. ਸਰੂਪ ਸਿੰਘ ਅਲੱਗ, ਸਰਬ ਨਿਧਾਨ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-29

56. ਡਾ. ਅਮਰਜੀਤ ਸਿੰਘ ਕਾਂਗ, ਡਾ. ਜਸਪਾਲ ਕੌਰ ਕਾਂਗ, ਮੱਧਕਾਲੀ ਪੰਜਾਬੀ ਸਾਹਿਤ ਵਿਵੇਕ, ਪੰਨਾ-125

# ਅਧਿਆਇ ਤੀਜਾ

# ਸੁਖਮਨੀ ਸਾਹਿਬ ਦਾ ਸਮਾਜ-ਸਭਿਆਚਾਰਕ ਅਧਿਐਨ

ਮਨੁੱਖ ਇੱਕ ਸਮਾਜਕ ਪ੍ਰਾਣੀ ਹੈ। ਸਮਾਜ ਵਿਚ ਰਹਿੰਦੇ ਹੋਏ ਵੀ ਵਿਅਕਤੀ ਆਪਣੀਆਂ ਲੋੜਾਂ ਦੀ ਪੂਰਤੀ ਕਰ ਸਕਦਾ ਹੈ। ਵਿਅਕਤੀ ਦੀਆਂ ਹਰ ਪ੍ਰਕਾਰ ਦੀਆਂ ਲੋੜਾਂ ਹੀ ਸਮਾਜ ਦੇ ਨਿਰਮਾਣ ਵਿਚ ਯੋਗਦਾਨ ਪਾਉਂਦੀਆਂ ਹਨ। ਸਮਾਜ ਹੀ ਇੱਕ ਅਜਿਹਾ ਸਮੂਹ ਹੈ ਜਿਸ ਵਿਚ ਰਹਿਣ ਨਾਲ ਵਿਅਕਤੀ ਦੀਆਂ ਹਰ ਪ੍ਰਕਾਰ ਦੀਆਂ ਭਾਵਨਾਵਾਂ ਵਿਕਸਿਤ ਹੁੰਦੀਆਂ ਹਨ।

ਸਮਾਜ ਸ਼ਬਦ ਦਾ ਸਾਧਾਰਣ ਰੂਪ ਵਿੱਚ ਪ੍ਰਯੋਗ ਵਿਅਕਤੀਆਂ ਦੇ ਸਮੂਹ ਦੇ ਰੂਪ ਵਿੱਚ ਕੀਤਾ ਜਾਂਦਾ ਹੈ।ਕਿਸੇ ਵੀ ਸੰਗਠਿਤ ਜਾਂ ਅਸੰਗਠਿਤ ਸਮੂਹ ਨੂੰ ਸਮਾਜ ਦਾ ਦਰਜਾ ਦਿੱਤਾ ਜਾਂਦਾ ਹੈ। ਮਨੁੱਖੀ ਸਮਾਜ ਦਾ ਅਧਿਐਨ ਕਰਨ ਵਾਲੇ ਵਿਦਵਾਨਾਂ ਨੇ ਸਮਾਜ ਦੀ ਪ੍ਰਕਿਰਤੀ, ਪ੍ਰਯੋਜਨ ਅਤੇ ਸਰੂਪ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਸ਼ਬਦ ਦੀ ਵਿਆਖਿਆ ਆਪਣੇ-ਆਪਣੇ ਢੰਗ ਨਾਲ ਕੀਤੀ ਹੈ। ਸਾਧਾਰਨ ਅਰਥਾਂ ਵਿਚ ਸਮਾਜ ਮਨੁੱਖਾਂ ਦਾ ਉਹ ਸਮੂਹ ਹੈ, ਜਿਸ ਵਿਚ ਲੋਕ ਸੁਤੰਤਰ ਰੂਪ ਨਾਲ ਆਪਣੇ ਸਭਿਆਚਾਰਕ ਦਰਜੇ ਅਤੇ ਆਪਣੀ ਜਾਤ ਨੂੰ ਜਿੰਦਾ ਅਤੇ ਕਾਇਮ ਰੱਖਣ ਵਿਚ ਸਮਰੱਥ ਹੋ ਸਕਦੇ ਹੋਣ।

ਜਦੋਂ ਸਮਾਜ-ਵਿਗਿਆਨ ਸ਼ਬਦ ਸਮਾਜ ਦੀ ਵਰਤੋਂ ਇਸ ਦੇ ਆਮ ਰੂਪ ਵਿਚ ਕਰਦਾ ਹੈ ਤਾਂ ਉਸ ਦਾ ਮਤਲਬ ਲੋਕਾਂ ਦੇ ਇਕੱਠ ਮਾਤਰ ਤੋਂ ਨਹੀਂ ਹੈ। ਦੂਸਰੇ ਸ਼ਬਦਾਂ ਵਿਚ ਸਮਾਜ ਤੋਂ ਮਤਲਬ ਨਿਰਾ ਪੂਰਾ ਲੋਕਾਂ ਦਾ ਜੋੜ ਨਹੀਂ ਬਲਕਿ ਉਨ੍ਹਾਂ ਵਿਚ ਪਾਏ ਜਾਂਦੇ ਸਮਾਜਕ ਸੰਬੰਧਾਂ ਦੇ ਜਾਲ ਵਿਵਸਥਾ ਤੋਂ ਹੈ। ਸਮਾਜ ਦੀ ਰਚਨਾ ਕੇਵਲ ਵਿਅਕਤੀਆਂ ਦੇ ਇਕੱਠੇ ਹੋ ਜਾਣ ਨਾਲ ਨਹੀਂ ਹੁੰਦੀ। ਸਮਾਜ ਦੀ ਰਚਨਾ ਤਾਂ ਉਨ੍ਹਾਂ ਵਿਚ ਉਤਪੰਨ ਸਮਾਜਕ-ਸੰਬੰਧਾਂ ਤੋਂ ਹੁੰਦੀ ਹੈ। ਸਮਾਜਕ ਸੰਬੰਧ ਅਮੂਰਤ ਹੁੰਦੇ ਹਨ, ਇਨ੍ਹਾਂ ਦਾ ਕੋਈ ਠੋਸ ਰੂਪ ਨਹੀਂ ਹੁੰਦਾ, ਇਹ ਅੱਖਾਂ ਨਾਲ ਵੇਖੇ ਨਹੀਂ ਜਾ ਸਕਦੇ ਅਤੇ ਹੱਥਾਂ ਨਾਲ ਛੂਹੇ ਨਹੀਂ ਜਾ ਸਕਦੇ, ਇਨ੍ਹਾਂ ਨੂੰ ਤਾਂ ਅਸੀਂ ਕੇਵਲ ਮਹਿਸੂਸ ਕਰ ਸਕਦੇ ਹਾਂ। ਇਹ ਸਮਾਜਕ ਸੰਬੰਧ ਜੀਵਨ ਦੇ ਹੱਕ ਪੱਖ ਵਿਚ ਮੌਜੂਦ ਹੋਣ ਕਾਰਨ ਜਟਿਲ ਹੁੰਦੇ ਹਨ। ਸਮਾਜਕ ਸੰਬੰਧ ਸਥਿਰ ਅਤੇ ਅਸਥਿਰ, ਮਿੱਤਰਤਾਪੂਰਨ ਅਤੇ ਵਿਰੋਧਪੂਰਨ ਵੀ ਹੋ ਸਕਦੇ ਹਨ। ਸਮਾਜਕ ਸੰਬੰਧ ਕੇਵਲ ਦੋ ਵਿਅਕਤੀਆਂ ਵਿਚਕਾਰ ਹੀ ਨਹੀਂ ਹੁੰਦੇ, ਇਹ ਵਿਅਕਤੀ ਅਤੇ ਸਮੂਹ ਵਿਚਕਾਰ ਵੀ ਹੋ ਸਕਦੇ ਹਨ। ਇੱਥੇ ਇਹ ਗੱਲ ਸਪੱਸ਼ਟ ਰੂਪ ਵਿਚ ਸਮਝ ਲੈਣੀ ਚਾਹੀਦੀ ਹੈ ਕਿ ਇਹ ਭਿੰਨ ਪ੍ਰਕਾਰ ਦੇ ਸੰਬੰਧ ਨਹੀਂ, ਇਨ੍ਹਾਂ ਨੂੰ ਇਕ ਦੂਸਰੇ ਤੋਂ ਵੱਖਰਾ ਨਹੀਂ ਕੀਤਾ ਜਾ ਸਕਦਾ। ਇਹ ਤਾਂ ਸਮਾਜਕ ਸੰਬੰਧਾਂ ਦੀਆਂ ਅੰਤਰ-ਸੰਬੰਧਤ ਭਿੰਨ ਪੱਧਰ ਹਨ ਜੋ ਸੰਮਿਲਤ ਰੂਪ ਵਿਚ ਸਮਾਜਕ ਸੰਬੰਧਾਂ ਦੇ ਜਾਲ ਜਾਂ ਵਿਵਸਥਾ, ਜਿਸ ਨੂੰ ਸਮਾਜ ਕਹਿੰਦੇ ਹਨ। ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਮਾਜ ਸਮਾਜਕ ਸੰਬੰਧਾ ਦਾ ਜਾਲ ਹੈ ਅਤੇ ਕਿਉਂਕਿ ਅਸੀਂ ਸਮਾਜਕ ਸੰਬੰਧ ਨੂੰ ਵੇਖ ਨਹੀਂ ਸਕਦੇ ਕੇਵਲ ਮਹਿਸੂਸ ਕਰ ਸਕਦੇ ਹਾਂ, ਇਸ ਲਈ ਸਮਾਜ ਅਮੂਰਤ ਧਾਰਨਾ ਜਾਂ ਸੰਕਲਪ ਹੈ।

**ਪਰਿਭਾਸ਼ਾ**

ਉਪਰੋਕਤ ਚਰਚਾ ਤੋਂ ਬਾਅਦ ਇਹ ਸਿੱਧ ਹੁੰਦਾ ਹੈ ਕਿ ਸਮਾਜ ਇਕ ਸਮਾਜਕ ਸੰਬੰਧਾਂ ਦਾ ਸਿਸਟਮ ਹੈ। ਇਸ ਦੇ ਸੰਬੰਧ ਵਿਚ ਵਿਭਿੰਨ ਸਮਾਜ-ਵਿਗਿਆਨਿਆਂ ਨੇ ਪਰਿਭਾਸ਼ਾਵਾਂ ਪੇਸ਼ ਕੀਤੀਆਂ ਹਨ।

"ਈ. ਬੀ. ਰਿਊਟਰ ਦੇ ਅਨੁਸਾਰ":-

"ਸਾਮਜ ਇਕ ਅਮੂਰਤ ਸੰਕਲਪ ਹੈ ਜੋ ਕਿ ਇਕ ਸਮੂਹ ਦੇ ਦੋ ਜਾਂ ਵਧੇਰੇ ਮੈਂਬਰਾਂ ਦੇ ਵਿਚਕਾਰ ਮੌਜੂਦ ਸੰਬੰਧਾਂ ਦੀ ਜਟਿਲਤਾ ਵੱਲ ਸੰਕੇਤ ਕਰਦਾ ਹੈ। ਰਿਊਟਰ ਨੇ ਸ਼ਬਦ ਸਮਾਜ ਦੀ ਪਰਿਭਾਸ਼ਾ ਕਰਦਿਆਂ ਮੁੱਖ ਤੌਰ 'ਤੇਚਾਰ ਗੱਲਾਂ ਉੱਤੇ ਜ਼ੋਰ ਦਿੱਤਾ ਹੈ। 1.) ਸਮਾਜ ਅਮੂਰਤ ਹੈ। 2.) ਕਿਉਂਕਿ ਸਮਾਜ ਵਿਅਕਤੀਆਂ ਨੂੰ ਨਹੀਂ ਬਲਕਿ ਉਨ੍ਹਾਂ ਵਿਚਕਾਰ ਪਾਏ ਜਾਂਦੇ ਸੰਬੰਧਾਂ ਨੂੰ ਕਹਿੰਦੇ ਹਨ। 3.) ਇਨ੍ਹਾਂ ਪ੍ਰਸਪਰਿਕ ਸੰਬੰਧਾਂ ਦਾ ਸਰੂਪ ਸਰਲ ਨਹੀਂ ਬਲਕਿ ਅਤਿਅੰਤ ਜਟਿਲ ਹੁੰਦਾ ਹੈ। 4.) ਪ੍ਰਸਪਰਿਕ ਸੰਬੰਧਾਂ ਲਈ ਘੱਟ ਤੋਂ ਘੱਟ ਦੋ ਜਾਂ ਵਧੇਰੇ ਵਿਅਕਤੀਆਂ ਦੀ ਲੋੜ ਹੁੰਦੀ ਹੈ।"[1]

"ਗਿਡਿੰਗਜ਼ ਦੇ ਅਨੁਸਾਰ":-

"ਸਮਾਜ ਆਪਣੇ ਆਪ ਵਿਚ ਇਕ ਸੰਘ ਹੈ, ਸੰਗਠਨ ਹੈ, ਤੇ ਉਪਚਾਰਕ ਸੰਬੰਧਾਂ ਦਾ ਯੋਗ ਹੈ, ਜਿਸ ਵਿਚ ਸਹਿਯੋਗੀ ਵਿਅਕਤੀ ਪਰਸਪਰ ਸਾਂਝ ਨਾਲ ਬੱਝੇ ਹੁੰਦੇ ਹਨ।"[3]

"ਲਾਯਪਰੇ ਦੇ ਅਨੁਸਾਰ"-

"ਸਮਾਜ ਦੀ ਪ੍ਰਕਿਰਤੀ ਨੂੰ ਸਪੱਸ਼ਟ ਕਰਦੇ ਹੋਏ ਸਮਾਜ ਨੂੰ ਮਨੁੱਖਾਂ ਦੇ ਆਪਸੀ ਅੰਦਰੂਨੀ ਸੰਬੰਧਾਂ ਦੀ ਜਟਿਲ ਵਿਵਸਥਾ ਕਿਹਾ ਹੈ।"[4]

"ਕੂਲੇ ਦੇ ਅਨੁਸਾਰ-

"ਸਮਾਜ ਰੀਤੀਆਂ ਕਿਰਿਆਵਾਂ ਜਾਂ ਪ੍ਰਤਿਕਿਰਿਆਵਾਂ ਦਾ ਇਕ ਜਟਿਲ ਢਾਂਚਾ ਹੈ ਜੋ ਜੀਵਤ ਹੈ ਅਤੇ ਇਕ ਦੂਸਰੇ ਦੇ ਪ੍ਰਭਾਵ ਕਾਰਨ ਅੱਗੇ ਵਧਦਾ ਰਹਿੰਦਾ ਹੈ। ਇਸ ਢਾਂਚੇ ਵਿਚ ਇਸ ਤਰ੍ਹਾਂ ਦੀ ਏਕਤਾ ਪਾਈ ਜਾਂਦੀ ਹੈ ਕਿ ਜੋ ਕੁੱਝ ਇਕ ਭਾਗ ਵਿਚ ਹੁੰਦਾ ਹੈ, ਉਹ ਬਾਕੀ ਦੇ ਭਾਗਾਂ ਉੱਤੇ ਪ੍ਰਭਾਵ ਪਾਉਂਦਾ ਹੈ।"[5]

"ਗਿਨਸਬਰਗ ਦੇ ਅਨੁਸਾਰ-

"ਸਮਾਜ ਨੂੰ ਇਸ ਤਰ੍ਹਾਂ ਦੇ ਮਨੁੱਖਾਂ ਦਾ ਸਮੂਹ ਮੰਨਦਾ ਹੈ, ਜੋ ਸੰਬੰਧਾਂ ਜਾਂ ਵਿਵਹਾਰ ਦੀਆਂ ਵਿਧੀਆਂ ਦੇ ਸੰਗਠਨ ਦੇ ਰੂਪ ਵਿਚ ਹੋਂਦ ਰੱਖਦਾ ਹੈ।"[6]

ਇਨ੍ਹਾਂ ਵਿਦਵਾਨਾਂ ਦੇ ਵਿਚਾਰ ਸਮਾਜਕ ਹੋਂਦ, ਬਣਤਰ ਅਤੇ ਪ੍ਰਯੋਜਨ ਦੇ ਪੱਖਾਂ ਵਲ ਸੰਕੇਤ ਕਰਦੇ ਹਨ। ਇਨ੍ਹਾਂ ਵਿਚਾਰਾਂ ਤੋਂ ਸਮਾਜ ਸ਼ਬਦ ਦੀ ਜਟਿਲ ਪ੍ਰਕਿਰਤੀ ਦਾ ਬੋਧ ਹੋ ਜਾਂਦਾ ਹੈ। ਇਸ ਤੋਂ ਇਲਾਵਾ ਵਿਦਵਾਨਾਂ ਦਾ ਕਹਿਣਾ ਹੈ ਕਿ ਸਮਾਜ ਦਾ ਨਿਰਮਾਣ ਕੇਵਲ ਮਨੁੱਖ ਦੇ ਇਕੱਠੇ ਹੋ ਜਾਣ ਨਾਲ ਨਹੀਂ ਹੁੰਦਾ ਬਲਕਿ ਉਨ੍ਹਾਂ ਵਿਚਕਾਰ ਪਾਏ ਜਾਂਦੇ ਸਮਾਜਕ ਸੰਬੰਧਾਂ ਦਾ ਸੰਗਠਨ ਹੁੰਦਾ ਹੈ।

## ਸਭਿਆਚਾਰ ਦਾ ਅਰਥ

ਪੱਛਮੀ ਚਿੰਤਕਾਂ ਨੇ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਕਲਚਰ ਦਾ ਅਧਿਐਨ ਕਰਕੇ ਇਸ ਨੂੰ ਮਨੁੱਖੀ ਜੀਵਨ ਦੀ ਮਹੱਤਵਪੂਰਨ ਇਕਾਈ ਸਿੱਧ ਕਰਨ ਦਾ ਯਤਨ ਕੀਤਾ ਹੈ। ਭਾਰਤੀ ਚਿੰਤਕ ਸਭਿਆਚਾਰ ਸ਼ਬਦ ਦੇ ਪਰਿਆਇ, ਹਿੰਦੀ ਸ਼ਬਦ ਸੰਸਕ੍ਰਿਤੀ ਦੇ ਮੂਲ ਨੂੰ ਉਸੇ ਧਾਤੂ ਨਾਲ ਜੋੜਦੇ ਜਨ, ਜਿਸ ਤੋਂ ਸੰਸਕ੍ਰਿਤ ਅਤੇ ਸੰਸਕਾਰ ਸ਼ਬਦਾਂ ਦੀ ਉਤਪਤੀ ਹੋਈ ਹੈ। ਇਸ ਸ਼ਬਦ ਨੂੰ ਸਜਾਉਣਾ, ਸੰਵਾਰਨਾ, ਪਵਿੱਤਰ ਕਰਨਾ, ਮੰਤਰ ਦੁਆਰਾ ਅਭਿਵਿਅਕਤ ਕਰਨ ਆਦਿ ਅਰਥਾਂ ਵਿਚ ਵੀ ਵਰਤ ਲਿਆ ਜਾਂਦਾ ਹੈ। ਇਨ੍ਹਾਂ ਸਾਰੇ ਸ਼ਬਦਾਂ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਸਭਿਆਚਾਰ (ਸੰਸਕ੍ਰਿਤੀ, ਕਲਚਰ) ਉਨ੍ਹਾਂ ਸਾਰੇ ਤੱਤਾਂ ਦਾ ਹੀ ਸਮੁੱਚ ਹੈ ਜੋ ਮਾਨਵੀ ਵਿਕਾਸ ਲਈ ਮਹੱਤਵ ਰੱਖਦੇ ਹਨ। ਸਭਿਆਚਾਰ ਨੂੰ ਅੰਗਰੇਜ਼ੀ ਵਿਚ 'Culture' ਕਹਿੰਦੇ ਹਨ। 'Culture' ਵੀ ਮੂਲ ਰੂਪ ਵਿਚ ਲਾਤੀਨੀ ਭਾਸ਼ਾ ਦੇ ਸ਼ਬਦ 'Culture' ਤੋਂ ਫਰਾਂਸੀਸੀ ਭਾਸ਼ਾ ਰਾਹੀਂ ਅੰਗਰੇਜ਼ੀ ਵਿਚ ਆਇਆ ਜਿੱਥੇ ਇਸਦਾ ਸ਼ਾਬਦਿਕ ਵਿਸਥਾਰ ਹੋਣ ਤੋਂ ਹੈ, ਭਾਵ ਕਿ ਸਭਿਆਚਾਰ ਵਿਅਕਤੀ ਦੇ ਜੀਵਨ ਨਾਲ ਸੰਬੰਧ ਰੱਖਦਾ ਹੈ ਅਤੇ ਉਸਦੇ ਜੀਵਨ ਦੇ ਪ੍ਰਵਾਹ ਦਾ ਆਧਾਰ ਹੈ। "ਅਸਲ ਵਿਚ ਸ਼ਾਬਦਿਕ ਰੂਪ ਵਿਚ ਸਭਿਆਚਾਰ ਦੀ ਉਤਪੱਤੀ 'ਸੱਭਯ' (ਸੱਭਿਆ) ਸ਼ਬਦ ਤੋਂ ਹੋਈ ਹੈ। 'ਸੱਭਿਆ' ਤੋਂ ਭਾਵ ਸੁਧਰਿਆ ਹੋਇਆ ਜਾਂ ਸਭਿੱਅਕ ਹੋਣਾ ਹੈ। ਇਸ ਲਈ ਸਭਿਆਚਾਰ ਦਾ ਸੰਬੰਧ ਅਜਿਹੇ ਤੱਤਾਂ ਤੋਂ ਹੈ, ਜਿਹੜਾ ਮਨੁੱਖ ਨੂੰ ਸਭਿੱਅਕ ਬਣਾ ਸਕੇ।"[7]

ਸਭਿਆਚਾਰ ਨੂੰ ਇਕ ਵਾਕ ਵਿਚ ਬਿਆਨ ਕਰਨਾ ਬਹੁਤ ਹੀ ਮੁਸ਼ਕਿਲ ਹੈ। ਵਿਅਕਤੀ ਰਾਹੀਂ ਅਪ੍ਰਭਾਵਿਤ ਕੁਦਰਤੀ ਸ਼ਕਤੀਆਂ ਨੂੰ ਛੱਡ ਕੇ ਜੋ ਵੀ ਸ਼ਕਤੀਆਂ ਮਨੁੱਖ ਨੂੰ ਸਾਰੇ ਪਾਸਿਆਂ ਤੋਂ ਪ੍ਰਭਾਵਿਤ ਕਰਦੀਆਂ ਹਨ, ਉਹਨਾਂ ਦੀ ਸਮੁੱਚੀ ਵਿਵਸਥਾ ਨੂੰ ਸਭਿਆਚਾਰ ਕਹਿੰਦੇ ਹਾਂ।

"ਹੈਨਰੀ ਆਰ. ਵਾਨ. ਟਿਲ ਦੇ ਵਿਚਾਰ ਅਨੁਸਾਰ ਕਲਚਰ ਸ਼ਬਦ 'ਕਲਚਰ' ਤੋਂ ਨਿਕਲਿਆ ਹੈ ਜਿਸ ਦਾ ਅਰਥ ਧਰਤੀ ਵਾਹੁਣਾ ਜਾਂ ਜੋਤਨਾ।"[8] ਲਾਤੀਨੀ ਭਾਸ਼ਾ ਵਿਚ ਕਲਚਰ ਦੇ ਮੁਕਾਬਲੇ ਦਾ ਸ਼ਬਦ 'ਕਲਚਰ' ਹੈ। ਇਹ ਲਾਤੀਨੀ ਸ਼ਬਦ ਫਰਾਂਸੀਸੀ ਰਾਹੀਂ ਅੰਗਰੇਜ਼ੀ ਵਿਚ ਆਇਆ, ਜਿਥੇ ਇਸ ਦੇ ਸ਼ਾਬਦਿਕ ਅਰਥ ਵਿਸ਼ੇਸ਼ ਪ੍ਰਕਾਰ ਦੇ ਵਿਕਾਸ ਜਾਂ ਉਪਜਾਊ ਕਾਰਜ ਦੇ ਹਨ। ਇਸ ਤਰ੍ਹਾਂ ਅੰਗਰੇਜ਼ੀ ਸ਼ਬਦ 'ਐਗਰੀ ਕਲਚਰ' ਵੀ ਲਾਤੀਨੀ ਸ਼ਬਦ ਤੋਂ ਹੈ। ਅਗਰ (ਖੇਤ) ਕਲਚਰ (ਜੋਤਨਾ) ਕਲਚਰ ਸ਼ਬਦ ਦਾ ਸੰਬੰਧ 'ਕਲਚਰ' ਨਾਲ ਵੀ ਜੋੜਿਆ ਜਾਂਦਾ ਹੈ।

ਹਰ ਇਕ ਸਮਾਜ ਦਾ ਆਪਣਾ ਜੀਵਨ ਜੀਉਣ ਦਾ ਢੰਗ ਹੁੰਦਾ ਹੈ। ਇਹ ਜੀਵਨ ਢੰਗ ਹੀ ਸਭਿਆਚਾਰ ਅਖਵਾਉਂਦਾ ਹੈ। ਸਮਾਜ- ਸਭਿਆਚਾਰ ਨੂੰ ਵੱਖ ਨਹੀਂ ਕੀਤਾ ਜਾਂ ਸਕਦਾ। ਸਮਾਜ ਅਤੇ ਸਭਿਆਚਾਰ ਇਕ ਜੀ ਸਿੱਕੇ ਦੇ ਦੋ ਪਾਸੇ ਹਨ ਜੋ ਕਦੀ ਵੀ ਵੱਖ ਨਹੀਂ ਹੋ ਸਕਦੇ। ਸਮਾਜ ਸਭਿਆਚਾਰ ਦਾ ਮਹੱਤਵਪੂਰਨ ਅੰਗ ਹੈ। ਸਮਾਜ ਤੋਂ ਬਿਨ੍ਹਾਂ ਸਭਿਆਚਾਰ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਸਮਾਜ ਲੋਕਾਂ ਸਭਿਆਚਾਰ ਦੀ ਪਰਿਭਾਸ਼ਾ ਵੱਖ ਵੱਖ ਵਿਦਵਾਨਾਂ ਨੇ ਵੱਖੋ ਵੱਖ ਦਿੱਤੀਆਂ ਹਨ।

"ਈ.ਬੀ. ਟਾਇਲਰ ਦੇ ਅਨੁਸਾਰ-

"ਸਭਿਆਚਾਰ ਇਕ ਅਜਿਹੀ ਜਟਿਲ ਇਕਾਈ ਹੈ ਜਿਸ ਵਿਚ ਗਿਆਨ, ਵਿਸ਼ਵਾਸ, ਕਲਾ, ਨੈਤਿਕਤਾ, ਕਾਨੂੰਨ, ਰੀਤੀ ਰਿਵਾਜ ਅਤੇ ਹੋਰ ਸਭ ਸਮਰੱਥਾਵਾਂ ਤੇ ਆਦਤਾਂ, ਜੋ ਮਨੁੱਖ ਨੇ ਸਮਾਜ ਦਾ ਮੈਂਬਰ ਹੋਣ ਦੇ ਨਾਤੇ ਗ੍ਰਹਿਣ ਕੀਤੀਆਂ ਹੋਣ, ਸ਼ਾਮਿਲ ਹਨ।"[9]

"ਕਰੋਬਰ ਅਤੇ ਕਲੱਕਹੋਨ ਦੇ ਅਨੁਸਾਰ-

"ਸਭਿਆਚਾਰ ਵਿਚ ਵਿਹਾਰ ਦੇ ਅਤੇ ਵਿਹਾਰ ਲਈ ਪ੍ਰਤੱਖ ਅਤੇ ਪ੍ਰੋਖ ਪੈਟਰਨ ਆ ਜਾਂਦੇ ਹਨ ਜਿਹੜੇ ਪ੍ਰਤੀਕਾਂ ਰਾਹੀਂ ਗ੍ਰਹਿਣ ਕੀਤੇ ਜਾਂਦੇ ਅਤੇ ਦੂਜਿਆਂ ਤਕ ਪਹੁਚਾਏ ਜਾਂਦੇ ਹਨ। ਇਹ ਪੈਟਰਨ ਮਨੁੱਖੀ ਸਮੂਹਾਂ ਦੀ ਵਿਲੱਖਣ ਪ੍ਰਾਪਤੀ ਹੁੰਦੇ ਹਨ, ਇਹਨਾਂ ਵਿਚ ਮਨੁੱਖ-ਸਿਰਜੀਆਂ ਵਸਤਾਂ ਵੀ ਆ ਜਾਂਦੀਆਂ ਹਨ, ਜਿਹੜੀਆਂ ਉਹਨਾਂ ਨੂੰ ਸਾਕਾਰ ਕਰਦੀਆਂ ਹਨ।"[10]

"ਸਭਿਆਚਾਰ, ਸਹਿਜ, ਸਰਲ ਅਤੇ ਸੁਭਾਵਿਕ ਦੀ ਭਾਵਨਾਤਮਿਕ ਲੋਕ-ਧਾਰਾ ਵਾਂਗ ਹੁੰਦਾ ਹੈ। ਇਸ ਭਾਵਨਾਤਮਕ ਲੋਕ-ਧਾਰਾ ਦਾ ਨਿਕਾਸ, ਕੁਦਰਤ, ਜ਼ਿੰਦਗੀ, ਜਾਂਚ, ਸਾਂਝ, ਸੁਚੱਜ, ਸਨੇਹ, ਹੁੰਗਾਰੇ ਅਤੇ ਹੋਂਦ 'ਚੋਂ ਪੈਦਾ ਹੁੰਦਾ ਹੈ। ਸਭਿਆਚਾਰ ਵਿਚ ਲੋਕ-ਧਾਰਾ ਦਾ ਸਾਮਾਜਕ, ਰਾਜਨੀਤਕ, ਅਧਿਆਤਮਕ ਅਤੇ ਕਾਲਪਨਿਕ ਸੁਭਾਅ ਰਲਿਆ ਹੋਇਆ ਹੁੰਦਾ ਹੈ। ਇਹ ਰਲਾਅ, ਸਮਾਜਕ-ਸੁਭਾਅ ਬਣ ਜਾਂਦਾ ਹੈ। ਸਮਾਜਕ-ਸੁਭਾਅ ਨੂੰ ਸਭਿਆਚਾਰਕ ਆਖਿਆ ਜਾਂਦਾ ਹੈ।"[11]

ਉਪਰੋਕਤ ਪਰਿਭਾਸ਼ਾਵਾਂ ਦੇ ਸਮੁੱਚੇ ਵਿਸ਼ਲੇਸ਼ਣ ਤੋਂ ਇਹ ਗੱਲ ਸਪੱਸ਼ਟ ਹੁੰਦਾ ਹੈ ਕਿ ਸਭਿਆਚਾਰ ਕਿਸੇ ਕੌਮ ਦਾ ਜੀਵਨ ਢੰਗ ਹੁੰਦਾ ਹੈ। ਇਸ ਦਾ ਵਿਸ਼ੈ ਖੇਤਰ ਬੜਾ ਵਿਸ਼ਾਲ ਹੈ। ਇਸ ਵਿਚ ਸਾਡੀ ਭਾਸ਼ਾ, ਲਿਖਣ ਢੰਗ, ਖਾਣ ਪੀਣ, ਪਹਿਰਾਵਾ, ਧੰਦੇ, ਕਲਾ, ਚਿੱਤਰਕਾਰੀ, ਸੰਗੀਤ ਆਦਿ ਆ ਜਾਂਦੇ ਹਨ। ਇਨ੍ਹਾਂ ਤੋਂ ਇਲਾਵਾ ਇਸ ਵਿਚ ਮਿਥਿਹਾਸ ਆਦਿ ਧਾਰਮਿਕ ਰਵਾਇਤਾਂ, ਪਰਿਵਾਰਕ ਤੇ ਸਮਾਜਕ ਪ੍ਰਬੰਧ ਵੀ ਸ਼ਾਮਲ ਕੀਤੇ ਜਾਂਦੇ ਹਨ।

**ਸਮਾਜ ਅਤੇ ਸਭਿਆਚਾਰ ਦਾ ਸੰਬੰਧ:**

ਸਮਾਜ ਅਤੇ ਸਭਿਆਚਾਰ ਦਾ ਆਪਸੀ ਸੰਬੰਧ ਦਵੰਦਾਤਮਕ ਹੈ। ਮਨੁੱਖ ਇਕ ਸਮਾਜਕ ਪ੍ਰਾਣੀ ਹੈ। ਸਮਾਜ ਵਿਚ ਰਹਿੰਦਾ ਹੋਇਆ ਮਨੁੱਖ ਆਪਣੀ ਕਦਰਾਂ-ਕੀਮਤਾਂ ਨਾਲ ਜੁੜਿਆ ਹੁੰਦਾ ਹੈ। ਮਨੁੱਖ ਆਪਣੇ ਸਭਿਆਚਾਰ ਦਾ ਇਕ ਸੰਗਠਿਤ ਸਮੂਹ ਹੈ, ਇਸ ਸਮੂਹ ਦੇ ਜੀਵਨ ਢੰਗ ਨੂੰ ਸਭਿਆਚਾਰ ਕਿਹਾ ਜਾਂਦਾ ਹੈ।

ਮਨੁੱਖ ਨੂੰ ਸਭਿਆਚਾਰ ਸਮਾਜਕ ਵਿਰਸੇ ਤੋਂ ਪ੍ਰਾਪਤ ਹੁੰਦਾ ਹੈ। ਸਭਿਆਚਾਰ ਪੀੜ੍ਹੀ ਦਰ ਪੀੜ੍ਹੀ ਮਨੁੱਖ ਨੂੰ ਪ੍ਰਾਪਤ ਹੁੰਦਾ ਰਹਿੰਦਾ ਹੈ। ਭਾਵ ਕਿ ਲੋਕ ਸਮੂਹ ਤੋਂ ਬਿਨ੍ਹਾਂ ਸਭਿਆਚਾਰ ਦੀ ਹੋਂਦ ਅਸੰਭਵ ਹੈ। ਕੋਈ ਵੀ ਮਨੁੱਖੀ ਸਮੂਹ, ਖੇਤਰ ਜਾਂ ਵਰਗ ਜੋ ਸਮਾਜ ਦਾ ਨਾਂ ਨਾਲ ਜਾਣਿਆ ਜਾਂਦਾ ਹੈ, ਉਹ ਸਭਿਆਚਾਰ ਤੋਂ ਵਾਂਜਾ ਨਹੀਂ ਰਹਿ ਸਕਦਾ। ਸਮਾਜ ਹੀ ਹੈ ਜੋ ਸਭਿਆਚਾਰ ਦਾ ਨਿਰਮਾਣ ਕਰਦਾ ਹੈ, ਸਭਿਆਚਾਰ ਦਾ ਮੂਲ ਆਧਾਰ ਸਮਾਜ ਹੈ। ਸਮਾਜ ਹਮੇਸ਼ਾ ਹੀ ਸਮੇਂ ਦੇ ਨਾਲ ਬਦਲਦਾ ਰਹਿੰਦਾ ਹੈ। ਇਸ ਲਈ ਸਭਿਆਚਾਰ ਵਿਚ ਵੀ ਬਦਲਾਵ ਆਉਂਦਾ ਰਹਿੰਦਾ ਹੈ। ਇਸ ਬਦਲਾਵ ਨੂੰ ਸਭਿਆਚਾਰ ਪ੍ਰਵਾਹ ਕਿਹਾ ਜਾਂਦਾ ਹੈ। ਅਸੀਂ ਦੇਖਦੇ ਹਾਂ ਕਿ ਸਮਾਜ ਅਤੇ ਸਭਿਆਚਾਰ ਦਾ ਡੂੰਘਾ ਸੰਬੰਧ ਹੈ ਜੋ ਇਕ ਦੂਜੇ ਤੋਂ ਬਿਨ੍ਹਾਂ ਨਹੀਂ ਰਹਿ ਸਕਦੇ।

ਅਸੀਂ ਇਸ ਗੱਲ ਤੋਂ ਜਾਣੂ ਹਾਂ ਕਿ ਮਨੁੱਖ ਇਕ ਸਮਾਜਕ ਪ੍ਰਾਣੀ ਹੈ। ਸਮਾਜ ਵਿਚ ਰਹਿੰਦਾ ਮਨੁੱਖ ਦੂਜੇ ਮਨੁੱਖਾਂ ਨਾਲ ਆਪਸੀ ਸੰਬੰਧ ਸਥਾਪਿਤ ਕਰਦਾ ਹੈ। ਕਿਉਂਕਿ ਸਮਾਜ ਵਿਚ ਮਨੁੱਖ ਇਕੱਲਾ ਨਹੀਂ ਵਿਚਰ ਸਕਦਾ। ਮਨੁੱਖ ਨੂੰ ਆਪਣੀਆਂ ਲੋੜਾਂ ਦੀ ਪੂਰਤੀ ਲਈ ਇਕ-ਦੂਜੇ ਉੱਪਰ ਨਿਰਭਰ ਰਹਿੰਦਾ ਹੈ। ਇਸੇ ਕਰਕੇ ਮਨੁੱਖ ਸਮਾਜ ਵਿਚ ਆਪਸੀ ਸੰਬੰਧ ਕਾਇਮ ਕਰਦਾ ਹੈ। ਮਨੁੱਖ ਨੂੰ ਸਮਾਜ ਵਿਚ ਰਹਿ ਕੇ ਸਮਾਜ ਦੇ ਰੀਤੀ-ਰੀਵਾਜ, ਸੰਸਕਾਰ, ਕਦਰਾਂ-ਕੀਮਤਾਂ, ਪਹਿਰਾਵਾ, ਰਹਿਣ-ਸਹਿਣ, ਭਾਸ਼ਾ ਆਦਿ ਨੂੰ ਅਪਣਾਉਂਣਾ ਪੈਂਦਾ ਹੈ। ਇਸ ਤਰ੍ਹਾਂ ਮਨੁੱਖ ਜਿਸ ਸਮਾਜ ਵਿਚ ਜਨਮ ਲੈਂਦਾ ਹੈ, ਉੱਥੋਂ ਦੇ ਸਭਿਆਚਾਰ ਨੂੰ ਵੀ ਗ੍ਰਹਿਣ ਕਰਦਾ ਹੈ।

ਅਸੀਂ ਜਾਣਦੇ ਹਾਂ ਕਿ ਸਮੇਂ-ਸਮੇਂ ਨਾਲ ਸਮਾਜ-ਸਭਿਆਚਾਰ ਵਿਚ ਪਰਿਵਰਤਨ ਆਏ ਹਨ ਅਤੇ ਇਹਨਾਂ ਪਰਿਵਰਤਨਾਂ ਨਾਲ ਸਮਾਜ-ਸਭਿਆਚਾਰ ਨੇ ਵਿਕਾਸ ਵੀ ਕੀਤਾ ਹੈ ਤੇ ਸਾਮਾਜ-ਸਭਿਆਚਾਰ ਵਿਚ ਬਹੁਤ ਸਾਰੀਆਂ ਬੁਰਾਈਆਂ ਨੇ ਵੀ ਜਨਮ ਲਿਆ। ਇਹਨਾਂ ਬੁਰਾਈਆਂ ਨੂੰ ਜੜ੍ਹ ਤੋਂ ਉਖਾੜਨ ਲਈ ਸਮਾਜ ਵਿਚ ਸੰਤ-ਧਾਰਾ ਨੇ ਆਪਣਾ ਵਿਸ਼ੇਸ਼ ਸਹਿਯੋਗ ਦਿੱਤਾ। ਸੰਤ-ਧਾਰਾ ਅਤੇ ਗੁਰੂ ਸਾਹਿਬਾਨਾਂ ਨੇ ਸਮਾਜ ਨੂੰ ਹਮੇਸ਼ਾ ਹੀ ਚੰਗੇ ਕਰਮਾਂ ਵੱਲ ਪ੍ਰੇਰਿਤ ਕਰਦੇ ਹੋਏ ਮਨੁੱਖ ਨੂੰ ਚੰਗੇ ਰਸਤੇ ਪਾਇਆ ਹੈ। ਇਤਿਹਾਸ ਗਵਾਹ ਹੈ ਕਿ ਸਮੇਂ-ਸਮੇਂ ਤੇ ਸਮਾਜ ਅੰਦਰ ਗਲਤ ਹਕੂਮਤਾਂ ਨੇ ਸਮਾਜ ਨੂੰ ਦੂਸ਼ਿਤ ਕੀਤਾ। ਗੁਰੂ ਸਾਹਿਬਾਨਾਂ ਨੇ ਆਪਣੀ ਪਵਿੱਤਰ ਬਾਣੀ ਅਤੇ ਬਲੀਦਾਨਾਂ ਦੁਆਰਾ ਇਹਨਾਂ ਗਲਤ ਹਕੂਮਤਾਂ ਨੂੰ ਮੂੰਹ ਤੋੜ ਜਵਾਬ ਦਿੱਤਾ ਅਤੇ ਸਮਾਜ ਨੂੰ ਚੰਗੀ ਦਿਸ਼ਾ ਦਿੱਤੀ। ਜੇ ਅੱਜ ਵੀ ਸਮਾਜ ਨੂੰ ਦ੍ਰਿਸ਼ਟੀਗੋਚਰ ਕਰਦੇ ਹਾਂ ਤਾਂ ਇਹ ਦੇਖਣ ਨੂੰ ਮਿਲਦਾ ਹੈ ਕਿ ਸਮਾਜ ਅੰਦਰ ਅਨੈਤਿਕਤਾ, ਅੰਧਵਿਸ਼ਵਾਸ ਅਤੇ ਵੱਖ-ਵੱਖ ਧਰਮਾਂ ਦਾ ਬੋਲ-ਬਾਲਾਂ ਆਦਿ ਨੇ ਸਮਾਜ-ਸਭਿਆਚਾਰ ਨੂੰ ਦੂਸ਼ਿਤ ਕੀਤਾ ਹੈ। ਇਹਨਾਂ ਬੁਰਾਈਆਂ ਨੂੰ ਗੁਰੂ ਸਾਹਿਬਾਨਾਂ ਦੀ ਪਵਿੱਤਰ ਅਤੇ ਮਹਾਨ ਬਾਣੀ ਦੁਆਰਾ ਹੀ ਖਤਮ ਕੀਤਾ ਜਾਂ ਸਕਦਾ ਹੈ।

ਅੱਜ ਦਾ ਸਮਾਂ ਪਦਾਰਥਵਾਦ ਦਾ ਸਮਾਂ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਸਮਾਜ ਦੇ ਵਿਕਾਸ ਵਿਚ ਬਹੁਤ ਤਰੱਕੀ ਦੇਖ ਨੂੰ ਮਿਲੀ ਹੈ। ਮਨੁੱਖ ਨੇ ਅੱਜ ਬਾਹਰੀ ਤੌਰ ’ਤੇ ਤਰੱਕੀ ਤਾਂ ਕਰ ਲਈ ਹੈ। ਪਰ ਮਨੁੱਖ ਅੰਦਰੋਂ ਖੋਖਲਾ ਹੋਈ ਜਾ ਰਿਹਾ ਹੈ। ਜਦੋਂ ਵੀ ਸਮਾਜ-ਸਭਿਆਚਾਰ ਵਿਚ ਗਿਰਾਵਟ ਆਈ ਹੈ। ਗੁਰੂ ਸਹਿਬਾਨਾਂ ਨੇ ਆਪਣੀ ਬਾਣੀ ਦੁਆਰਾ ਸਮਾਜ ਨੂੰ ਅੰਧ-ਵਿਸ਼ਵਾਸ ’ਚੋ ਬਾਹਰ ਕੱਢਿਆਂ ਅਤੇ ਸਮਾਜ ਨੂੰ ਸਵੱਛ ਬਣਿਆ ਤੇ ਹੁਣ ਦੁਖਾਂਤ ਇਹ ਬਣਦਾ ਜਾ ਰਿਹਾਂ ਹੈ ਕਿ ਉਸ ਸਵੱਛ ਧਾਰਾ ਨੂੰ ਹੀ ਅੰਧ-ਵਿਸ਼ਵਾਸ ਵਰਗਾ ਬਣਾਇਆ ਜਾ ਰਿਹਾ ਹੈ। ਅੱਜ ਦੇ ਸਮਾਜ ਦੀ ਸਥਿਤੀ ਨੂੰ ਮੁੱਖ ਰੱਖ ਕੇ ਗੁਰੂ ਅਰਜਨ ਦੇਵ ਜੀ ਦੀ ਨੇ ਬਾਣੀ ਅਤੇ ਸਮਾਜ ਦੇ ਆਪਸੀ ਸੰਬੰਧਾਂ ਦੇ ਅੰਤਰਗਤ ਵਿਭਿੰਨ ਸਮਾਜਕ ਸਭਿਆਚਾਰਕ ਪ੍ਰਸਥਿਤੀਆਂ ਨੂੰ ਮਨੁੱਖੀ ਅਗਵਾਈ ਦੇ ਸੰਦਰਭ ਵਿਚ ਵਿਚਾਰਿਆ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਸੁਖਮਨੀ ਸਾਹਿਬ ਰਾਹੀ ਸਮਾਜਕ ਬੁਰਾਈਆਂ ਦਾ ਖੰਡਨ ਕਰਦੇ ਹੋਏ, ਸਮਾਜ-ਸਭਿਆਚਾਰ ਦੀ ਤਸਵੀਰ ਪੇਸ਼ ਕਰਦੇ ਹਨ ਅਤੇ ਸਮਾਜ-ਸਭਿਆਚਾਰ ਨੂੰ ਚੰਗੀਆਂ ਲੀਹਾਂ ਤੇ ਪਾਉਣ ਲਈ ਉਪਦੇਸ਼ ਦਿੰਦੇ ਹਨ।

ਗੁਰੂ ਅਰਜਨ ਦੇਵ ਜੀ ਦੀ ਬਾਣੀ ਸੁਖਮਨੀ ਸਾਹਿਬ ਵਿਚ ਪੇਸ਼ ਹੁੰਦਾ ਸਭਿਆਚਾਰ ਪੱਖ ਵਿਅਕਤੀ ਨੂੰ ਪਸ਼ੂਪਨ ਤੋਂ ਇਨਸਾਨੀਆਤ ਵੱਲ ਲੈ ਕੇ ਜਾਂਦਾ ਹੈ ਅਤੇ ਸੱਚ ਦੀ ਭਾਲ ਹੈ, ਅੰਦਰ ਅਤੇ ਬਾਹਰ ਦੀ ਸੁੰਦਰਤਾ ਹੈ।

ਸੁਖਮਨੀ ਸਾਹਿਬ ਵਿਚ ਸਭਿਆਚਾਰ ਪੱਖ ਸਪੱਸ਼ਟ ਰੂਪ ਵਿਚ ਤਾਂ ਨਹੀਂ ਪ੍ਰਾਪਤ ਹੁੰਦਾ ਹੈ, ਪਰ ਜਿਸ ਤਰੀਕੇ ਦੁਆਰਾ ਗੁਰੂ ਜੀ ਨੇ ਬਾਣੀ ਵਿਚ ਜੀਵਨ ਜੀਉਣ ਦਾ ਸਲੀਕਾ ਦੱਸਿਆ ਹੈ, ਉਹੀ ਸਮਾਜ-ਸਭਿਆਚਾਰ ਹੈ। ਸਮਾਜ-ਸਭਿਆਚਾਰ ਦੇ ਸਰੂਪ ਵਿਚ ਲੋਕ ਧਰਮ, ਜਾਤ-ਪਾਤ, ਰਹਿਣ-ਸਹਿਣ, ਪਹਿਰਾਵਾ, ਜਿਸ ਬਾਰੇ ਉਪਰ ਦੱਸਿਆ ਗਿਆ ਹੈ। ਇਨ੍ਹਾਂ ਦਾ ਹੀ ਵਰਣਨ ਅੱਗੇ ਕੀਤਾ ਹੈ। ਜੇ ਅਸੀਂ ਪੰਜਾਬ ਦੇ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਮੱਧਕਾਲ ਦਾ ਸਮਾਂ ਅਸ਼ਾਂਤੀ ਦਾ ਸਮਾਂ ਸੀ। ਮੁਗਲ ਹਕੂਮਤ ਦਾ ਰਾਜ ਸੀ। ਸਮਾਜ ਵਿਚ ਵੱਖ-ਵੱਖ ਲਹਿਰਾਂ ਨੇ ਜਨਮ ਲਿਆ ਸੀ। ਆਮ ਲੋਕਾਂ ਲਈ ਧਰਮ ਹੀ ਇਕ ਸਹਾਰਾ ਹੀ। ਉਸ ਸਮੇਂ ਵੱਖ-ਵੱਖ ਧਰਮਾਂ ਦਾ ਜਨਮ ਹੋਇਆ ਸੀ। ਹਰ ਇਕ ਧਰਮ ਆਪਣੇ-ਆਪ ਵਿਚ ਹਉਮੈਂ ਦੀ ਭਾਵਨਾ ਵਿਚ ਘਿਰਿਆ ਹੋਇਆ ਸੀ। ਇਸ ਸਮੇਂ ਲੋੜ ਸੀ ਪਰਮਾਤਮਾ ਦੀ ਅਜਿਹੀ ਕਿਰਪਾ ਦੀ ਜਿਸ ਨਾਲ ਇਸ ਤਰ੍ਹਾਂ ਦੀ ਸਥਿਤੀ ਵਿਚ ਸੁਧਾਰ ਆ ਸਕਦਾ। ਗੁਰੂ ਸਹਿਬਨਾਂ ਦੀ ਪਵਿੱਤਰ ਬਾਣੀ ਨਾਲ ਉਸ ਸਮੇਂ ਦੇ ਲੋਕਾਂ ਦਾ ਮਾਰਗ ਦਰਸ਼ਨ ਕੀਤਾ। ਜੇ ਅਸੀਂ ਅੱਜ ਵੀ ਸਮਾਜ ਨੂੰ ਦ੍ਰਿਸ਼ਟੀਗੋਚਰ ਕਰੀਏ ਤਾਂ ਅੱਜ ਵੀ ਸਮਾਜ ਅੰਦਰ ਵੱਖ-ਵੱਖ ਲਹਿਰਾਂ ਨੇ ਜਨਮ ਲਿਆ ਹੈ। ਲੋਕਾਂ ਨੇ ਸਮਾਜ ਅੰਦਰ ਵੱਖ-ਵੱਖ ਧਰਮਾਂ ਨੂੰ ਜਨਮ ਦਿੱਤਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਅੰਦਰ ਸਮਾਜ-ਸਭਿਆਚਾਰ ਦੀ ਤਸਵੀਰ ਨੂੰ ਪੇਸ਼ ਕਰਦਿਆ ਸਮਾਜ ਅੰਦਰ ਲੋਕ ਧਰਮ, ਜਾਤ-ਪਾਤ, ਰਹਿਣ-ਸਹਿਣ, ਪਹਿਰਾਵਾ, ਕਦਰਾਂ-ਕੀਮਤਾਂ, ਨੈਤਿਕ ਮੁੱਲ ਆਦਿ ਨੂੰ ਆਪਣੀ ਬਾਣੀ ਦੁਆਰਾ ਪੇਸ਼ ਕੀਤਾ ਹੈ। ਗੁਰੂ ਜੀ ਬਾਣੀ ਵਿਚ ਪੇਸ਼ ਲੋਕ ਧਰਮ ਪੱਖ ਨੂੰ ਦਰਸਾਉਂਦੇ ਹੋਏ ਦੱਸਦੇ ਹਨ ਕਿ ਅੱਜ ਵੀ ਸਮਾਜ ਅੰਦਰ ਮਨੁੱਖ ਨੇ ਵੱਖਰੇ-ਵੱਖਰੇ ਧਰਮਾਂ ਨੂੰ ਜਨਮ ਦਿੱਤਾ ਹੈ। ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਵਿਚ ਪੇਸ਼ ਲੋਕ ਧਰਮ ਦੀ ਤਸਵੀਰ ਪੇਸ਼ ਕਰਦਿਆਂ ਹੋਏ ਦੱਸਦੇ ਹਨ:-

ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧੀ॥
ਪ੍ਰਭ ਕੈ ਸਿਮਰਿਨ ਗਿਆਨੁ ਧਿਆਨੁ ਤਤੁ ਬੁਧਿ॥
ਪ੍ਰਭ ਕੈ ਸਿਮਰਿਨ ਜਪ ਤਪ ਪੂਜਾ॥
ਪ੍ਰਭ ਕੈ ਸਿਮਰਿਨ ਬਿਨਸੈ ਦੂਜਾ॥
ਪ੍ਰਭ ਕੈ ਸਿਮਰਿਨ ਤੀਰਥ ਇਸਨਾਨੀ॥
ਪ੍ਰਭ ਕੈ ਸਿਮਰਿਨ ਦਰਗਹ ਮਾਨੀ॥[12]

ਮਨੁੱਖ ਨੇ ਅੰਧ-ਵਿਸ਼ਵਾਸ਼ ਦਾ ਪੱਲਾ ਫੜਿਆ ਹੈ। ਮਨੁੱਖ ਨੇ ਆਪਣੇ-ਆਪ ਨੂੰ ਸੁਖੀ ਬਣਾਉਣ ਲਈ ਤੀਰਥਾਂ ਅਤੇ ਦਰਗਾਹਾਂ ਦਾ ਰਾਹ ਚੁਣਿਆਂ ਹੋਇਆਂ ਹੈ। ਸਾਡੇ ਸਮਾਜ-ਸਭਿਆਚਾਰ ਵਿਚ ਲੋਕ ਇਸ਼ਟਾਂ ਦੀ ਪੂਜਾ ਕਰਦੇ ਹਨ। ਜਿਹਨਾਂ ਵਿਚ ਜਠੇਰੇ, ਵੱਡੇ-ਵਡੇਰੇ, ਦੇਵੀ-ਦੇਵਤੇ, ਮਟੀਆਂ, ਜਲ-ਦੇਵਤਾ, ਪੀਰਾ ਦੀਆਂ ਦਰਗਾਹਾਂ ਆਦਿ ਦੀ ਪੂਜਾ ਕੀਤੀ ਜਾਂਦੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਮਨੁੱਖ ਨੇ ਸਮਾਜ ਵਿਚ ਵੱਖ-ਵੱਖ ਧਰਮਾਂ ਨੂੰ ਜਨਮ ਦਿੱਤਾ ਹੈ। ਮਨੁੱਖ ਇਸ ਸਭ ਕੁਝ ਇਸ ਲਈ ਕਰਦਾ ਹੈ ਕਿਉਂਕਿ ਉਸਨੂੰ ਸੁੱਖ-ਸ਼ਾਤੀ ਪ੍ਰਾਪਤ ਹੋ ਸਕੇ। ਪਰ ਇਹਨਾਂ ਇਸ਼ਟਾਂ ਨੇ ਅੱਜ ਸਮਾਜ ਨੂੰ ਵਹਿਮਾ-ਭਰਮਾ ਵਿਚ ਪਾਇਆ ਹੈ। ਗੁਰੂ ਜੀ ਮਨੁੱਖ ਨੂੰ ਇਹਨਾਂ ਅਡੰਬਰਾਂ, ਅੰਧ-ਵਿਸ਼ਵਾਸ਼, ਪਾਖੰਡਤਾਂ ਆਦਿ ਤੋਂ ਬਾਹਰ ਕੱਢਦੇ ਹੋਏ ਪ੍ਰਭੂ ਦੇ ਨਾਮ ਸਿਮਰਨ ਨਾਲ ਜੁੜਨ ਵੱਲ ਪ੍ਰੇਰਿਤ ਕੀਤਾ ਹੈ ਤਾਂਕਿ ਸਮਾਜ ਵਿਚੋਂ ਅੰਧ-ਵਿਸ਼ਵਾਸ਼ ਖਤਮ ਹੋ ਸਕਣ। ਪ੍ਰਭੂ ਦੇ ਨਾਮ ਸਿਮਰਨ ਨਾਲ ਹੀ ਸੱਖਾਂ ਦੀ ਪ੍ਰਾਪਤੀ ਹੋ ਸਕਦੀ ਹੈ।

ਗੁਰੂ ਜੀ ਸੁਖਮਨੀ ਬਾਣੀ ਵਿਚ ਪੇਸ਼ ਸਮਾਜਕ ਸਥਿਤੀ ਨੂੰ ਬਿਆਨ ਕਰਦੇ ਹੋਏ ਅਗਲੀ ਅਸ਼ਟਪਦੀ ਦੱਸਦੇ ਹਨ ਕਿ ਇਸ ਤਰ੍ਹਾਂ ਦੇ ਕਰਮ-ਕਾਂਡ, ਜਪ-ਤਪ, ਪੂਜਾ-ਪਾਠ ਕਰਨ ਨਾਲ ਕੁੱਝ ਵੀ ਹਾਸਿਲ ਨਹੀਂ ਹੋ ਸਕਦਾ। ਇਸ ਤਰ੍ਹਾਂ ਦੇ ਕਰਮ-ਕਾਂਡ ਕਰਨ ਨਾਲ ਹੀ ਅੱਜ ਮਨੁੱਖ ਭਟਕ ਗਿਆ ਹੈ। ਕੂੜ ਅਤੇ ਅੰਧ-ਵਿਸ਼ਵਾਸ਼ ਦੇ ਹਨੇਰੇ ਨੂੰ ਦੂਰ ਕਰਦੇ ਹੋਏ ਗੁਰੂ ਜੀ ਨੇ ਮਨੁੱਖ ਨੂੰ ਪ੍ਰਭੂ ਦੇ ਸਿਮਰਨ ਦੀ ਲੋਅ ਦੁਆਰਾ ਸਮਾਜ ਨੂੰ ਰੋਸ਼ਨ ਕੀਤਾ। ਇਨਸਾਨ ਆਪਣੇ-ਆਪ ਨੂੰ ਸੁੱਖੀ ਬਣਾਉਣ ਲਈ ਕਈ ਪ੍ਰਕਾਰ ਦੇ ਤਪ, ਜਪ, ਪੁੰਨ-ਦਾਨ, ਗਿਆਨ, ਯੋਗ ਅਭਿਆਸ ਜੰਗਲਾਂ ਵਿਚ ਜਾਂ ਕੇ ਭਗਤੀ ਕਰਦਾ ਹੈ। ਪਰ ਇਸ ਤਰ੍ਹਾਂ ਕਰਨ ਨਾਲ ਮਨੁੱਖ ਨੂੰ ਸ਼ਾਤੀ ਪ੍ਰਾਪਤ ਨਹੀਂ ਹੋ ਸਕਦੀ। ਇਸ ਤਰ੍ਹਾਂ ਗੁਰੂ ਜੀ ਨੇ ਆਪਣੀ ਬਾਣੀ ਅੰਦਰ ਸਮਾਜ ਵਿਚਲੇ ਲੋਕਾਂ ਦੀ ਸਥਿਤੀ ਦੱਸਦੇ ਹਨ ਕਿ:-

ਜਾਪ ਤਾਪ ਗਿਆਨ ਸਭਿ ਧਿਆਨ॥
ਖਟ ਸਾਸਤ੍ਰ ਸਿਮ੍ਰਿਤਿ ਵਖਿਆਨ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ॥
ਸਗਲ ਤਿਆਗਿ ਬਨ ਮਧੇ ਫਿਰਿਆ॥
ਅਨਿਕ ਦਾਨ ਹੋਮੇ ਬਹੁ ਰਤਨਾ॥
ਸਰੀਰੁ ਕਟਾਇ ਹੋਮੈ ਕਰਿ ਰਾਤੀ॥
ਵਰਤ ਨੇਮ ਕਰੈ ਬਹੁ ਭਾਤੀ॥
ਨਹੀ ਤੁਲਿ ਰਾਮ ਨਾਮ ਬੀਚਾਰ॥
ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥[13]

ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਅੰਦਰ ਸਮਾਜ ਦੀ ਤਸਵੀਰ ਪੇਸ਼ ਕਰਦੇ ਹੋਏ ਦੱਸਦੇ ਹਨ ਕਿ ਇਸ ਸੰਸਾਰ ਵਿਚ ਕਰੋੜਾਂ ਦੇ ਰੂਪ ਵਿਚ ਪੁਜਾਰੀ ਬਣੇ ਹਨ ਅਤੇ ਕਈ ਕਰੋੜਾਂ ਲੋਕ ਧਾਰਮਕ ਰੀਤਾਂ ਰਸਮਾਂ ਕਰਨ ਵਾਲੇ ਹੁੰਦੇ ਹਨ। ਇਸ ਅਸ਼ਟਪਦੀ ਤੋਂ ਪਤਾ ਲਗਦਾ ਹੈ ਕਿ ਸੰਸਾਰ ਵਿਚ ਲੋਕਾਂ ਨੇ ਆਪਣੇ ਵੱਖਰੇ-ਵੱਖਰੇ ਧਰਮ ਬਣਾਏ ਹਨ। ਕਈ ਲੋਕ ਤੀਰਥਾਂ ਦੇ ਵਸਨੀਕ ਹਨ। ਕਈ ਲੋਕ ਆਪਣਾ ਘਰ ਛੱਡ ਕੇ ਪਰਮਾਤਮਾ ਨੂੰ ਪਾਉਣ ਲਈ ਜੰਗਲਾਂ ਵਿਚ ਭਗਤੀ ਕਰਦੇ ਹਨ, ਤਪ ਕਰਦੇ ਹਨ। ਗੁਰੂ ਜੀ ਦੱਸਦੇ ਹਨ ਕਿ ਪਰ ਪਰਮਾਤਮਾ ਦਾ ਕੋਈ ਅੰਤ ਨਹੀਂ ਪਾ ਸਕਦਾ। ਇਸ ਤਰ੍ਹਾਂ ਦੇ ਕਰਮ ਕਰਕੇ ਅਸੀਂ ਕਦੀ ਵੀ ਪਰਮਾਤਮਾ ਨੂੰ ਪਾ ਨਹੀਂ ਸਕਦੇ। ਗੁਰੂ ਜੀ ਬਾਣੀ ਰਾਹੀ ਦੱਸਦੇ ਹਨ ਕਿ ਜਪ-ਤਪ, ਤੀਰਥਾਂ ਤੇ ਜਾਣਾ, ਯੋਗ ਅਭਿਆਸ ਕਰਨਾ, ਈਸ਼ਟਾਂ ਦੀ ਮਾਨਤਾ ਕਰਨੀ, ਝੂਠੇ ਕਰਮ-ਕਾਂਡ ਕਰਨਾਂ ਆਦਿ ਇਸ ਤਰ੍ਹਾਂ ਕਰਨ ਨਾਲ ਅਸੀਂ ਸਮਾਜ ਵਿਚ ਅੰਧ ਵਿਸ਼ਵਾਸ਼ ਨੂੰ ਜਨਮ ਦਿੰਦੇ ਹਾਂ। ਗੁਰੂ ਜੀ ਇਸ ਤਰ੍ਹਾਂ ਦੇ ਝੂਠੇ ਕਰਮ-ਕਾਂਡਾਂ ਤੋਂ ਉੱਪਰ ਉੱਡ ਕੇ ਜੀਵਨ ਜੀਉਣ ਲਈ ਪ੍ਰੇਰਿਤ ਕਰਦੇ ਹਨ ਤਾਂ ਜੋ ਮਨੁੱਖ ਨੂੰ ਆਪਣੇ ਅਸਲ ਧਰਮ ਦੀ ਪਹਿਚਾਣ ਆ ਸਕੇ।

ਕਈ ਕੋਟਿ ਹੋਏ ਪੂਜਰੀ॥ ਕਈ ਕੋਟਿ ਓਚਾਰ ਬਿਉਹਾਰੀ॥
ਕਈ ਕੋਟਿ ਭਏ ਤੀਰਥਵਾਸੀ॥ ਕਈ ਕੋਟਿ ਬਨ ਭ੍ਰਮਹਿ ਉਦਾਸੀ॥
ਕਈ ਕੋਟਿ ਬੇਦ ਕੇ ਸ੍ਰੋਤੇ॥ ਕਈ ਕੋਟਿ ਤਪੀਸੁਰ ਹੋਤੇ॥[14]

ਗੁਰੂ ਅਰਜਨ ਦੇਵ ਜੀ ਆਪਣੀ ਅਗਲੀ ਅਸ਼ਟਪਦੀ ਵਿਚ ਸਮਾਜ-ਸਭਿਆਚਾਰ ਦੀ ਤਸਵੀਰ ਪੇਸ਼ ਕਰਦੇ ਹੋਏ ਜਾਤ-ਪਾਤ ਦਾ ਖੰਡਨ ਕਰਦੇ ਹਨ ਕਿ ਅੱਜ ਸਮਾਜ ਵਿਚ ਵੱਖ-ਵੱਖ ਜਾਤਾਂ ਬਣੀਆਂ ਹਨ। ਗੁਰੂ ਜੀ

ਅਸ਼ਟਪਦੀ ਵਿਚ ਦੱਸਦੇ ਹਨ ਕਿ ਅਸਲ ਵਿਚ ਪੰਡਿਤ ਉਹ ਹੈ ਜੋ ਆਪਣੇ ਮਨ ਨੂੰ ਸਿੱਖਿਆ ਦਿੰਦਾ ਹੈ। ਜੋ ਆਪਣੇ ਮਨ ਨੂੰ ਪਰਮਾਤਮਾ ਦੇ ਨਾਮ ਨਾਲ ਜੋੜਦਾ ਹੈ।

ਸੋ ਪੰਡਿਤ ਜੋ ਮਨੁ ਪਰਬੋਧੈ॥ ਰਾਮ ਨਾਮ ਆਤਮ ਮਹਿ ਸੋਧੈ॥
ਰਾਮ ਨਾਮ ਸਾਰੁ ਰਸੁ ਪੀਵੈ॥ ਉਸ ਪੰਡਿਤ ਕੈ ਉਪਦੇਸਿ ਜਗੁ ਜੀਵੈ॥[15]

ਗੁਰੂ ਅਰਜਨ ਦੇਵ ਜੀ ਜਾਤ-ਪਾਤ ਦਾ ਖੰਡਨ ਕਰਦੇ ਦੱਸਦੇ ਹਨ ਕਿ ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ ਚਾਰੇ ਹੀ ਜਾਤੀਆਂ ਵਿਚੋਂ ਕੋਈ ਵੀ ਮਨੁੱਖ ਪਰਮਾਤਮਾ ਦਾ ਨਾਮ ਸਿਮਰਨ ਜਪੇ ਪਰਮਾਤਮਾ ਦਾ ਨਾਮ ਇਕ ਹੀ ਹੈ। ਸਮਾਜ ਅੰਦਰ ਮਨੁੱਖ ਦੇ ਆਪਣੀਆਂ-ਆਪਣੀਆਂ ਜਾਤਾਂ ਵੰਡੀਆਂ ਹਨ। ਪਰ ਪਰਮਾਤਮਾ ਦੀ ਕੋਈ ਜਾਤ ਨਹੀਂ ਹੈ। ਪਰ ਅੱਜ ਦਾ ਮਨੁੱਖ ਆਪਣੀ ਜਾਤੀ ਦੇ ਮੁਤਾਬਿਕ ਹੀ ਪਰਮਾਤਮਾ ਦੀ ਅਰਾਧਨਾ ਕਰਦਾ ਹੈ। ਗੁਰੂ ਜੀ ਦੱਸਦੇ ਹਨ ਕਿ ਮਨੁੱਖ ਨੇ ਜੀ ਸਮਾਜ ਵਿਚ ਜਾਤਾਂ ਬਣਾਈਆਂ ਹਨ। ਪਰਮਾਤਮਾ ਤਾਂ ਸਾਰਿਆਂ ਦਾ ਹੀ ਹੈ। ਸਭ ਤੇ ਹੀ ਆਪਣੀ ਕਿਰਪਾ ਕਰਦਾ ਹੈ। ਪਰ ਅੰਧ ਵਿਸ਼ਵਾਸ਼ ਵਿਚ ਫਸਿਆ ਮਨੁੱਖ ਇਹਨਾਂ ਬੁਰਾਈਆਂ ਤੋਂ ਉੱਪਰ ਨਹੀਂ ਉੱਡ ਸਕਦਾ। ਇਸੇ ਕਾਰਨ ਹੀ ਸਮਾਜ ਜਾਤ-ਪਾਤ ਵਿਚ ਵੰਡਿਆਂ ਹੈ ਅਤੇ ਛੋਟੀ ਜਾਤ ਵਾਲੇ ਨਾਲ ਸਮਾਜ ਵਿਚ ਦੂਰ ਵਿਵਹਾਰ ਕੀਤਾ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਜਾਤ-ਪਾਤ ਦਾ ਵਿਰੋਧ ਕਰਦੇ ਹੋਏ ਮਨੁੱਖ ਨੂੰ ਪਰਮਾਤਮਾ ਦੇ ਨਾਮ ਨਾਲ ਜੁੜਨ ਦਾ ਉਪਦੇਸ਼ ਦਿੰਦੇ ਹਨ।

ਬੀਜ ਮੰਤ੍ਰ ਸਰਬ ਕੋ ਗਿਆਨ॥
ਚੁਹ ਵਰਨਾ ਮਹਿ ਜਪੈ ਕੋਊ ਨਾਮੁ॥
ਜੋ ਜੋ ਜਪੈ ਤਿਸ ਕੀ ਗਤਿ ਹੋਇ॥
ਸਾਧ ਸੰਗਿ ਪਾਵੈ ਜਨੁ ਕੋਇ॥[16]

ਸੁਖਮਨੀ ਬਾਣੀ ਵਿਚ ਸਮਾਜ-ਸਭਿਅਚਾਰ ਪੱਖ ਨੂੰ ਪੇਸ਼ ਕਰਦੇ ਹੋਏ, ਸਭਿਆਚਾਰ ਦੇ ਵਿਸ਼ੇਸ਼ ਅੰਗਾਂ ਦਾ ਵੀ ਵਰਣਨ ਮਿਲਦਾ ਹੈ। ਸਭਿਆਚਾਰ ਦਾ ਮੁੱਖ ਅੰਗ ਪਦਾਰਥਕ ਸਭਿਆਚਾਰ ਹੈ। ਜਿਸ ਵਿਚ ਉਹ ਸਾਰੀਆਂ ਵਸਤੂਆਂ ਆ ਜਾਂਦੀਆਂ ਹਨ। ਜਿਨ੍ਹਾਂ ਦਾ ਨਿਰਮਾਣ ਮਨੁੱਖ ਨੇ ਆਪ ਕੀਤਾ ਹੁੰਦਾ ਹੈ। ਸਭਿਆਚਾਰ ਦੇ ਪਦਾਰਥਕ ਅੰਗ ਸਭਿਆਚਾਰ ਦੀ ਖਾਸ ਪਹਿਚਾਣ ਹੁੰਦਾ ਹੈ। ਜਿਸ ਵਿਚ ਕੰਮ-ਧੰਦੇ, ਪਹਿਰਾਵਾ, ਰਹਿਣ-ਸਹਿਣ, ਹਾਰ-ਸ਼ਿੰਗਾਰ, ਖਾਣ-ਪੀਣ ਆਦਿ ਹਨ। ਇਸ ਪਦਾਰਥਕ ਸਭਿਆਚਾਰ ਨੂੰ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਬਾਣੀ ਵਿਚ ਪੇਸ਼ ਕੀਤਾ ਹੈ। ਗੁਰੂ ਜੀ ਆਪਣੀ ਸੁਖਮਨੀ ਬਾਣੀ ਦੁਆਰਾ ਸਭਿਆਚਾਰ ਦੀ ਤਸਵੀਰ ਨੂੰ ਅਸ਼ਟਪਦੀ ਰਹੀ ਪੇਸ਼ ਕਰਦੇ ਹਨ।

ਜਿਹ ਪ੍ਰਸਾਹਿ ਛਤੀਹ ਅੰਮ੍ਰਿਤ ਖਾਹਿ॥
ਤਿਸੁ ਠਾਕੁਰ ਕਉ ਰਖੁ ਮਨ ਮਾਹਿ॥
ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ॥
ਤਿਸ ਕਉ ਸਿਮਰਤ ਪਰਮ ਗਤਿ ਪਾਵਹਿ॥[17]

ਗੁਰੂ ਅਰਜਨ ਦੇਵ ਜੀ ਇਸ ਅਸ਼ਟਪਦੀ ਵਿਚ ਦੱਸਦੇ ਹਨ ਕਿ ਸਮਾਜ ਵਿਚ ਰਹਿੰਦਾ ਮਨੁੱਖ ਕਈ ਕਿਸਮਾਂ ਦੇ ਪਕਵਾਨ ਖਾਂਦਾ ਹੈ। ਮਨੁੱਖ ਆਪਣੇ-ਆਪ ਨੂੰ ਸੁੰਦਰ ਬਣਾਉਣ ਲਈ ਆਪਣੇ ਸਰੀਰ ਉੱਤੇ ਸੁਗੰਧੀਆਂ ਲਾਉਂਦਾ ਹੈ। ਪਰ ਜਿਸ ਪਰਮਾਤਮਾ ਦੀ ਕਿਰਪਾ ਨਾਲ ਇਸ ਸਰੀਰ ਦੀ ਪ੍ਰਾਪਤੀ ਹੋਈ ਹੈ। ਅਸੀਂ ਅੱਜ ਪਰਮਾਤਮਾ ਨੂੰ ਹੀ

ਭੁੱਲ ਗਏ ਹਾਂ। ਮਨੁੱਖ ਕੋਲ ਹਰ ਤਰ੍ਹਾਂ ਦੀ ਸੁੱਖ-ਸਹੂਲਤ ਹੈ। ਪਰ ਫਿਰ ਵੀ ਅਸ਼ਾਂਤ ਹੈ। ਦੁੱਖਾਂ ਵਿਚ ਹੈ। ਅਸੀਂ ਸਮਾਜ ਵਿਚ ਦੇਖਦੇ ਹਾਂ ਕਿ ਅੱਜ ਸਮਾਜ ਦੀ ਕੀ ਹਾਲਤ ਹੈ। ਨੈਤਿਕ ਕਦਰਾਂ-ਕੀਮਤਾਂ ਦਾ ਪਤਨ ਹੋ ਰਿਹਾ ਹੈ। ਗੁਰੂ ਜੀ ਬਿਆਨ ਕਰਦੇ ਹਨ ਕਿ ਜਿਸ ਪਰਮਾਤਮਾ ਦੀ ਬਖ਼ਸ਼ਿਸ਼ ਨਾਲ ਇਹ ਜੀਵਨ ਨਸੀਬ ਹੋਇਆ ਹੈ। ਉਸ ਨੂੰ ਸਦਾ ਹੀ ਧਿਆਉਣਾ ਚਾਹੀਦਾ ਹੈ। ਉਸ ਦੀ ਰਜ਼ਾ ਵਿਚ ਰਹਿਣਾ ਚਾਹਿਦਾ ਹੈ।

ਗੁਰੂ ਅਰਜਨ ਦੇਵ ਜੀ ਅਸ਼ਟਪਦੀ ਵਿਚ ਬਿਆਨ ਕਰਦੇ ਹਨ। ਮਨੁੱਖ ਤਰ੍ਹਾਂ-ਤਰ੍ਹਾਂ ਦੇ ਰੇਸ਼ਮੀ ਕਪੜੇ ਹੰਢਾਉਂਦਾ ਹੈ। ਮਨੁੱਖ ਨੂੰ ਸੁਖੀ ਸੇਜ ਦਾ ਸੰਘ ਮਿਲਿਆ ਹੈ। ਹਰ ਇਕ ਤੇਰੀ ਵਡਿਆਈ ਕਰਦਾ ਹੈ। ਜਿਸ ਦੀ ਮਿਹਰ ਨਾਲ ਸਾਰਾ ਕੁੱਝ ਮਿਲਿਆ ਹੈ। ਉਸ ਨੂੰ ਕਦੇ ਵੀ ਨਾ ਵਿਸਾਰ। ਉਸ ਪਰਮਾਤਮਾ ਦਾ ਅੱਠੇ ਪਹਿਰ ਗੁਣ-ਗਾਣ ਕਰ।

ਜਿਹ ਪ੍ਰਸਾਦਿ ਪਾਟ ਪਟੰਬਰ ਹੰਢਾਵਹਿ॥
ਤਿਸਹਿ ਤਿਆਗਿ ਕਤ ਅਵਰ ਲੁਭਾਵਹਿ॥
ਜਿਹ ਪ੍ਰਸਾਦਿ ਸੁਖਿ ਸੇਜ ਸੋਈਜੈ॥
ਮਨ ਆਠ ਪਹਰ ਤਾ ਕਾ ਜਸੁ ਗਾਵੀਜੈ॥
ਜਿਹ ਪ੍ਰਸਾਹਿ ਤੁਝੁ ਸਭੁ ਕੋਊ ਮਾਨੈ॥
ਮੁਖਿ ਤਾ ਕੋ ਜਸੁ ਰਸਨ ਬਖਾਨੈ॥ [18]

ਅੱਜ ਦੇ ਸਮੇਂ ਵਿਚ ਕੋਈ ਵੀ ਮਨੁੱਖ ਇਸ ਤਰ੍ਹਾਂ ਦਾ ਨਹੀਂ ਮਿਲਦਾ ਜੋ ਪਰਮਾਤਮਾ ਨੂੰ ਪਾਉਣਾ ਚਹੁੰਦਾ ਹੋਵੇ। ਸਾਰੇ ਹੀ ਦੁਨਿਆਵੀਂ ਵਸਤੂਆਂ ਦੇ ਪਿੱਛੇ ਦਿਨ-ਰਾਤ ਦੋੜੇ ਭੱਜੇ ਫਿਰਦੇ ਹਨ। ਸਾਰੇ ਹੀ ਆਪਣੇ ਜੀਵਨ ਨੂੰ ਬਿਹਤਰ ਬਣਾਉਣ ਲਈ ਸੰਘਰਸ਼ ਕਰਦੇ ਹਨ। ਪਰ ਪਰਮਾਤਮਾ ਨੂੰ ਪਾਉਣ ਦਾ ਕੋਈ ਵੀ ਇਛੁਕ ਨਹੀਂ ਹੈ। ਹਰ ਕੋਈ ਵਿਅਕਤੀ ਆਪਣੇ ਜੀਵਨ ਨੂੰ ਅਤੇ ਆਪਣੇ ਬੱਚਿਆਂ ਦੇ ਜੀਵਨ ਨੂੰ ਖੁਸ਼ਹਾਲ ਬਣਾਉਣ ਲਈ ਅਨੇਕਾਂ ਢੰਗ ਤਰੀਕੇ ਅਪਣਾਉਦੇ ਹਨ। ਪਰ ਪਰਮਾਤਮਾ ਨੂੰ ਪਾਉਣ ਦਾ ਕੋਈ ਵੀ ਜਤਨ ਨਹੀਂ ਕਰਦਾ ਹੈ। ਅੱਜ ਮਨੁੱਖ ਸੰਸਾਰ ਦੇ ਪਦਾਰਥਕ ਸਾਧਨਾਂ ਨੂੰ ਇਕੱਠਾ ਕਰਨ ਵਿਚ ਆਪਣੇ ਕੀਮਤੀ ਸਮੇਂ ਨੂੰ ਵਿਆਰਥ ਕਰੀ ਜਾਂਦਾ ਹੈ। ਪਰ ਇਕ ਭਗਤ ਸੁਖਮਨੀ ਬਾਣੀ ਵਿਚ 'ਮਨੁ ਬੇਚੈ ਸਤਿਗੁਰ ਕੈ ਪਾਸਿ॥' ਅਨੁਸਾਰ ਹੀ ਚਲਦਾ ਹੈ। ਅਸਲ ਸੁੱਖ ਦੀ ਪ੍ਰਾਪਤੀ ਤਾਂ ਹੀ ਹੋ ਸਕਦੀ ਹੈ ਜੇ ਸਾਡੇ ਅੰਦਰਲੇ ਵਿਕਾਰ ਖਤਮ ਹੋ ਜਾਣ। ਇਨ੍ਹਾਂ ਵਿਕਾਰਾਂ ਤੋਂ ਛੁਟਕਾਰ ਪਾਉਣ ਦਾ ਇਕ ਹੀ ਸਾਧਨ ਮਾਤਰ ਪਰਮਾਤਮਾ ਦਾ ਨਾਮ ਸਿਮਰਨ ਹੈ। ਗੁਰੂ ਜੀ ਦੱਸਦੇ ਹਨ ਕਿ ਪਰਮਾਤਮਾ ਦੇ ਨਾਮ ਸਿਮਰਨ ਤੋਂ ਬਿਆਨ ਇਹ ਸਰੀਰ, ਧਨ, ਪਰਿਵਾਰ, ਮਾਇਆ, ਰਾਜ, ਜੁਆਨੀ, ਆਦਿ ਸੰਸਾਰ ਦੀ ਹਰ ਇਕ ਵਸਤੂ ਨਾਸ਼ਵਾਨ ਹੈ। ਇਸ ਤਰ੍ਹਾਂ ਸੁਖਮਨੀ ਬਾਣੀ ਵਿਚ ਬਿਆਨ ਕੀਤਾ ਗਿਆ ਹੈ।

ਮਿਥਿਆ ਤਨੁ ਧਨੁ ਕੁਟੰਬੁ ਸਬਾਇਆ॥ ਮਿਥਿਆ ਹਉਮੈ ਮਮਤਾ ਮਾਇਆ॥

ਮਿਥਿਆ ਰਾਜ ਜੋਬਨ ਧਨ ਮਾਲ॥ ਮਿਥਿਆ ਕਾਮ ਕ੍ਰੋਧ ਬਿਕਰਾਲ॥
ਮਿਥਿਆ ਰਥ ਹਸਤੀ ਅਸ੍ਵ ਬਸਤ੍ਰਾ॥ ਮਿਥਿਆ ਰੰਗ ਸੰਗਿ ਮਾਇਆ ਪੇਖਿ ਹਸਤਾ॥ [19]

ਅੱਜ ਮਨੁੱਖ ਦੀ ਹਾਲਤ ਇਸ ਤਰ੍ਹਾਂ ਦੀ ਹੋ ਗਈ ਹੈ ਕਿ ਮਨੁੱਖ ਸੰਸਾਰ ਨੂੰ ਹੀ ਸੱਚ ਸਮਝ ਕੇ ਬੈਠ ਗਿਆ ਹੈ। ਸੰਸਾਰ ਦੀਆਂ ਨਾਸ਼ਵਾਨ ਵਸਤੂਆਂ ਦੀ ਪ੍ਰਾਪਤੀ ਲਈ ਦਿਨ-ਰਾਤ ਦੌੜ ਭੱਜ ਰਿਹਾ ਹੈ। ਸੰਸਾਰ ਦੇ ਝੂਠੇ ਰਿਸ਼ਤਿਆਂ ਦੇ ਮੋਹ ਵਿਚ ਪੈ ਕੇ ਮਨੁੱਖ ਪਰਮਾਤਮਾ ਤੋਂ ਦੂਰ ਹੁੰਦਾ ਜਾ ਰਿਹਾ ਹੈ। ਮਨੁੱਖ ਆਪਣੇ ਮਾਤਾ-ਪਿਤਾ, ਭੈਣ-ਭਰਾ ਹੋਰ

ਰਿਸ਼ਤੇ ਨਾਤਿਆਂ ਨੂੰ ਹੀ ਆਪਣਾ ਸਭ ਕੁੱਝ ਮਨ ਕੇ ਬੈਠਾ ਹੈ। ਗੁਰੂ ਜੀ ਸੁਖਮਨੀ ਬਾਣੀ ਵਿਚ ਦੱਸਦੇ ਹਨ। ਜਿਥੇ ਮਾਂ, ਪਿਉ, ਪੁੱਤਰ, ਮਿੱਤਰ, ਭਰਾ ਆਦਿ ਕੋਈ ਵੀ ਸਾਥੀ ਨਹੀਂ ਬਣਦਾ, ਉੱਥੇ, ਹੇ ਮਨ ਪਰਮਾਤਮਾ ਦਾ ਨਾਮ ਸਿਮਰਨ ਤੇਰੀ ਸਹਾਇਤਾ ਕਰਦਾ ਹੈ।

ਜਹ ਮਾਤ ਪਿਤਾ ਸੁਤ ਮੀਤ ਨ ਭਾਈ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥[20]

ਸੁਖਮਨੀ ਬਾਣੀ ਵਿਚ ਜਿੱਥੇ ਅਕਾਲ ਪੁਰਖ, ਸਤਿਗੁਰੂ, ਬ੍ਰਹਮਗਿਆਨੀ ਆਦਿ ਦੀ ਮਹਾਨਤਾ ਨੂੰ ਦਰਸਾਇਆ ਗਿਆ ਹੈ। ਇਸ ਦੇ ਨਾਲ ਹੀ ਸਦਾਚਾਰਕ ਜੀਵਨ ਜੀਉਣ ਵੱਲ ਪ੍ਰੇਰਿਤ ਕੀਤਾ ਗਿਆ ਹੈ। ਜਦੋਂ ਤੱਕ ਸਾਡੇ ਜੀਵਨ ਵਿਚੋਂ ਹੰਕਾਰ, ਵੈਰ-ਵਿਰੋਧ, ਨਫ਼ਰਤ, ਨਿੰਦਾ-ਚੁਗਲੀ ਆਦਿ ਬੁਰੇ ਵਿਕਾਰ ਖਤਮ ਨਹੀਂ ਹੁੰਦੇ, ਉਦੋਂ ਤੱਕ ਅਸੀਂ ਅਧਿਆਤਮਕ ਮਾਰਗ ਉੱਪਰ ਚੱਲ ਨਹੀਂ ਸਕਦੇ। ਇਸ ਲਈ ਸੁਖਮਨੀ ਬਾਣੀ ਹੀ ਸਾਨੂੰ ਇਨ੍ਹਾਂ ਬੁਰੇ ਵਿਕਾਰਾਂ ਤੋਂ ਦੂਰ ਕਰਕੇ ਸਾਡੇ ਜੀਵਨ ਵਿਚ ਸਦਾਚਾਰਕਤਾ ਦਾ ਗੁਣ ਲੈ ਕੇ ਆਉਂਦੀ। ਗੁਰੂ ਜੀ ਨੇ ਆਪਣੇ ਸਲੋਕ ਅੰਦਰ ਫਰਮਾਨ ਕੀਤਾ ਹੈ :

ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਟਲੇ॥
ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ॥[21]

ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਸਮਾਜ ਵਿਚ ਇਕ ਗਰੀਬ ਵਿਅਕਤੀ ਹਮੇਸ਼ਾ ਹੀ ਨੀਵਾਂ ਹੋ ਕੇ ਜੀਵਨ ਬਤੀਤ ਕਰਦਾ ਹੈ। ਪਰ ਇਕ ਵੱਡੇ ਤੋਂ ਵੱਡਾ ਵਿਅਕਤੀ ਹਮੇਸ਼ਾ ਅਹੰਕਾਰ ਵਿਚ ਰਹਿੰਦਾ ਹੈ। ਇਸੇ ਕਰਕੇ ਹੀ ਸਮਾਜ ਅੰਦਰ ਅਨੇਕਾਂ ਬੁਰਾਈਆਂ ਨੇ ਜਨਮ ਲਿਆ ਹੈ। ਜਿਸ ਨਾਲ ਸਮਾਜ ਦਾ ਨਿਘਾਰ ਹੋ ਰਿਹਾ ਹੈ। ਗੁਰੂ ਜੀ ਕਹਿੰਦੇ ਹਨ ਕਿ ਉਹ ਵਿਅਕਤੀ ਅਹੰਕਾਰ ਨਾਲ ਹੀ ਗਲ ਜਾਂਦਾ ਹੈ। ਇਸ ਕਰਕੇ ਮਨੁੱਖ ਨੂੰ ਹਮੇਸ਼ਾ ਹੀ ਸਦਾ ਤੇ ਨੀਵੇਂ ਹੋ ਕੇ ਜੀਵਨ ਬਤੀਤ ਕਰਨਾ ਚਾਹੀਦਾ ਹੈ।

ਜਿਸ ਕੈ ਅੰਤਰਿ ਰਾਜ ਅਭਿਮਾਨ॥
ਸੋ ਨਰਕਪਾਤੀ ਹੋਵਤ ਸੁਆਨੁ॥
ਜੋ ਜਾਨੈ ਮੈ ਜੋਬਨਵੰਤੁ॥
ਸੋ ਹੋਵਤ ਬਿਸਟਾ ਕਾ ਜੰਤੁ॥[22]

ਮਨੁੱਖ ਧੰਨ, ਦੌਲਤ ਅਤੇ ਆਪਣੀ ਹਕੂਮਤ ਦਾ ਮਾਣ ਕਰਦਾ ਹੈ। ਉਹ ਵਿਅਕਤੀ ਨਰਕਾਂ ਦਾ ਹੀ ਅਧਿਕਾਰੀ ਬਣਦਾ ਹੈ। ਮਨੁੱਖ ਨੂੰ ਕਦੇ ਵੀ ਆਪਣੇ ਪੈਸੇ ਦਾ ਮਾਣ ਨਹੀਂ ਕਰਨਾ ਚਾਹੀਦਾ। ਪਰਮਾਤਮਾ ਹੀ ਹੁੰਦਾ ਹੈ ਜੋ ਮਨੁੱਖ ਨੂੰ ਕੱਖਾਂ ਤੋਂ ਲੱਖਾਂ ਤੱਕ ਲੈ ਕੇ ਜਾਂਦਾ ਹੈ ਅਤੇ ਲੱਖਾਂ ਤੋਂ ਕੱਖਾਂ ਵਿਚ ਵੀ ਕਰ ਦਿੰਦਾ ਹੈ। ਇਸ ਕਰਕੇ ਮਨੁੱਖ ਨੂੰ ਕਦੇ ਵੀ ਆਪਣੇ ਉੱਚੇ ਹੋਣ ਦਾ ਮਾਣ ਨਹੀਂ ਕਰਨਾ ਚਾਹੀਦਾ। ਇਨਸਾਨ ਨੂੰ ਹਮੇਸ਼ਾ ਹੀ ਪਰਮਾਤਮਾ ਦੀ ਰਜ਼ਾ ਅੰਦਰ ਰਹਿਣਾ ਚਾਹੀਦਾ ਹੈ। ਜਿਹੜਾ ਵਿਅਕਤੀ ਆਪਣੀ ਜਵਾਨੀ ਅਤੇ ਆਪਣੇ ਰੂਪ ਦਾ ਮਾਣ ਕਰਦਾ ਹੈ। ਉਹ ਹਮੇਸ਼ਾ ਕੀੜੇ ਦੀ ਜੂਨ ਵਿਚ ਪੈਂਦਾ ਹੈ। ਜਿਸ ਤਰ੍ਹਾਂ ਇਨਸਾਨ ਸੰਸਾਰ ਅੰਦਰ ਆ ਕੇ ਵਿਸ਼ੇ-

ਵਿਕਾਰਾਂ ਨੂੰ ਭੋਗਦਾ ਹੈ। ਉਸੇ ਪ੍ਰਕਾਰ ਹੀ ਮਨੁੱਖ ਜੂਨਾਂ ਅੰਦਰ ਭਟਕਦਾ ਰਹਿੰਦਾ ਹੈ। ਗੁਰੂ ਜੀ ਫਰਮਾਨ ਕਰਦੇ ਹਨ:

ਦਸ ਬਸਤੂ ਲੇ ਪਾਛੈ ਪਾਵੈ॥
ਏਕ ਬਸਤੂ ਕਾਰਨਿ ਬਿਖੋਟਿ ਗਵਾਵੈ॥
ਏਕ ਭੀ ਨ ਦੇਇ ਦਸ ਭੀ ਹਿਰਿ ਲੇਇ॥
ਤਉ ਮੂੜਾ ਕਹੁ ਕਹਾ ਕਰੇਇ॥
ਜਿਸੁ ਠਾਕੁਰ ਸਿਉ ਨਾਹੀ ਚਾਰਾ॥
ਤਾ ਕਉ ਕੀਜੈ ਸਦ ਨਮਸਰਾਰਾ॥[23]

ਗੁਰੂ ਜੀ ਨੇ ਸਮਾਜ ਦੀ ਤਸਵੀਰ ਨੂੰ ਪੇਸ਼ ਕੀਤਾ ਹੈ। ਸਮਾਜ ਵਿਚ ਬੇਸ਼ੁਕਰੇ ਤੇ ਲਾਲਚੀ ਸੁਭਾਅ ਵਾਲੇ ਲੋਕ ਹਨ ਜਿਨ੍ਹਾਂ ਨੇ ਆਪਣੀ ਇੱਛਾਵਾਂ ਵਧਿਆ ਹੈ। ਮਨੁੱਖ ਪਰਮਾਤਮਾ ਤੋਂ ਦਸ ਚੀਜ਼ਾਂ ਲੈ ਕੇ ਵੀ ਖੁਸ਼ ਨਹੀਂ ਹੁੰਦਾ, ਸਗੋਂ ਇਕ ਚੀਜ਼ ਨਾ ਦੇਣ ਤੇ ਪਰਮਾਤਮਾ ਨਾਲ ਗਿਲ੍ਹਾ ਕਰਦਾ ਹੈ। ਜਿਸ ਕਾਰਨ ਪਰਮਾਤਮਾ ਉਸ ਤੋਂ ਉਹ ਵਸਤੂਆਂ ਵੀ ਲੈ ਲੈਂਦਾ ਹੈ। ਇਸ ਕਰਕੇ ਹਮੇਸ਼ਾ ਹੀ ਪਰਮਾਤਮਾ ਦੇ ਅੱਗੇ ਸਿਰ ਨੀਵਾਂ ਕਰਨਾ ਚਾਹੀਦਾ ਹੈ। ਮਨੁੱਖ ਨੂੰ ਹਰ ਸਮੇਂ ਪਰਮਾਤਮਾ ਦਾ ਸ਼ੁਕਰ ਕਰਨਾ ਚਾਹੀਦਾ ਹੈ।

ਸੋਚ ਕਰੈ ਦਿਨਸੁ ਅਰੁ ਰਾਤਿ ॥
ਮਨ ਕੀ ਮੈਲੁ ਨ ਤਨ ਤੇ ਜਾਤਿ ॥
ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥
ਮਨ ਤੇ ਕਬਹੂ ਨ ਬਿਖਿਆ ਟਰੈ ॥[24]

ਮਨੁੱਖ ਭਾਵੇਂ ਦਿਨ-ਰਾਤ ਤੀਰਥਾਂ ਤੇ ਜਾ ਕੇ ਇਸਨਾਨ ਕਰੇ, ਫਿਰ ਵੀ ਉਸ ਦੇ ਮਨ ਦੀ ਅੰਦਰਲੀ ਮੈਲ ਨਹੀਂ ਜਾ ਸਕਦੀ। ਜੇ ਵਿਅਕਤੀ ਆਪਣੇ ਸਰੀਰ ਨੂੰ ਮਾਇਆ ਤੋਂ ਦੂਰ ਰੱਖਣ ਲਈ ਕਈ ਪ੍ਰਕਾਰ ਦੇ ਢੰਗ ਤਰੀਕੇ ਅਪਣਾਉਂਦਾ ਹੈ, ਫਿਰ ਵੀ ਉਹ ਮਾਇਆ ਤੋਂ ਬਚ ਨਹੀਂ ਸਕਦਾ। ਕਿਉਂਕਿ ਮਾਇਆ ਤੋਂ ਬਚਣ ਲਈ ਪਰਮਾਤਮਾ ਦਾ ਨਾਮ ਹੀ ਜ਼ਰੂਰੀ ਹੈ। ਗੁਰਬਾਣੀ, ਆਤਮਿਕ ਤੌਰ ਤੇ ਪ੍ਰਫੁਲਤ, ਮਾਨਸਿਕ ਤੌਰ ਤੇ ਸ਼ਾਂਤ-ਚਿਤ, ਸਦਾਚਾਰਕ ਤੌਰ ਤੇ ਸੁਦ੍ਰਿੜ ਇਨਸਾਨ ਦੀ ਘਾੜਤ ਘੜਨ ਤੇ ਜ਼ੋਰ ਦਿੰਦੀ ਹੈ। ਸਚ, ਪ੍ਰਮਾਤਮਾ ਦਾ ਆਪਣਾ ਗੁਣ ਹੈ, ਇਸ ਲਈ ਸਚ ਤੇ ਅਧਾਰਤ ਜੀਵਨ ਨੂੰ ਪ੍ਰਵਾਨ ਕੀਤਾ ਗਿਆ ਹੈ ਪਰ ਉਸ ਤੋਂ ਵੀ ਉੱਤੇ ਸਚ ਅਚਾਰ ਰਖਣ ਵਾਲੇ ਨੂੰ ਸਮਝਿਆ ਜਾਂਦਾ ਹੈ। ਸੱਚੇ ਆਚਰਣ ਤੋਂ ਉੱਤੇ ਕੁਝ ਵੀ ਨਹੀਂ, ਇਸ ਲਈ ਇਸਨੂੰ ਜ਼ਿੰਦਗੀ ਦਾ ਆਧਾਰ ਬਣਾਉਣਾ ਚਾਹੀਦਾ ਹੈ, ਅਜਿਹਾ ਹੋ ਜਾਣ ਨਾਲ ਹੋਰ ਗੁਣ ਖੁਦ ਬਖੁਦ ਹੀ ਜੀਵਨ ਵਿਚ ਰਲਦੇ ਰਹਿਣਗੇ। ਪਰਮਾਤਮਾ ਦੇ ਨਾਮ ਨਾਲ ਹੀ ਮਨੁੱਖ ਦੀ ਅੰਦਰਲੀ ਮੈਲ ਦੂਰ ਹੋ ਸਕਦੀ ਹੈ। ਜਦੋਂ ਮਨੁੱਖ ਦੇ ਅੰਦਰਲੀ ਮੈਲ ਖਤਮ ਹੋ ਜਾਂਦੀ ਹੈ ਤਾਂ ਉਸ ਅੰਦਰੋਂ ਅਹੰਕਾਰ ਵੀ ਆਪਣੇ-ਆਪ ਹੀ ਦੂਰ ਹੋ ਜਾਂਦਾ ਹੈ।

ਅੱਜ ਦੇ ਨੌਜਵਾਨਾਂ ਦਾ ਲਗਾਤਾਰ ਨੈਤਿਕ ਪਤਨ ਹੋ ਰਿਹਾ ਹੈ, ਜਿਸਦੇ ਲਈ ਮਾਪੇ, ਅਧਿਆਪਕ ਅਤੇ ਸਮਾਜ ਸਮਾਨ ਰੂਪ ਵਿਚ ਜਿੰਮੇਵਾਰ ਹਨ। ਮਾਂ-ਬਾਪ ਕੋਲ ਇੰਨਾ ਸਮਾਂ ਨਹੀਂ ਕਿ ਉਹ ਆਪਣੇ ਬੱਚੇ ਉੱਪਰ ਨਿਗਰਾਨੀ ਰੱਖ ਸਕਣ ਅਤੇ ਨਾ ਹੀ ਬੱਚੇ ਰਿਹ ਚਾਹੁੰਦੇ ਹਨ ਕਿ ਉਹਨਾਂ ਦੇ ਮਾਂ-ਬਾਪ ਉਹਨਾਂ ਦੀ ਨਿੱਜੀ ਜ਼ਿੰਦਗੀ ਵਿਚ ਦਖਲ ਅੰਦਾਜੀ ਕਰਨ। ਮਾਤਾ ਪਿਤਾ ਦੁਆਰਾ ਤਾਂ ਬਸ ਕੁੱਝ ਕੁ ਜਿੰਮੇਵਾਰੀਆਂ ਨੂੰ ਪੂਰਾ ਕਰਕੇ ਆਪਣੇ ਸਿਰੋਂ ਭਾਰ ਲਾਹ ਦਿੱਤਾ ਜਾਂਦਾ ਹੈ। ਅਜਿਹੀ ਸੋਚ ਕਾਰਨ ਸਾਡੀ ਸਮਾਜਕ ਦਿਨੋ-ਦਿਨ ਬਦਲ ਰਹੀ ਜਿਸ ਦੁਆਰਾ ਸਮਾਜ ਦੇ ਨੈਤਿਕ ਮੁੱਲਾਂ ਅਤੇ ਕਦਰਾਂ ਕੀਮਤਾਂ ਵਿਚ ਗਿਰਾਵਟ ਪੈਦਾ ਹੋ ਰਹੀ ਹੈ। ਇਸਦਾ ਸਭ ਤੋਂ ਵੱਧ ਅਸਰ ਨੌਜਵਾਨ ਵਰਗ ਤੇ ਪੈ ਰਿਹਾ ਹੈ। ਬੇਸ਼ੱਕ ਬਾਹਰੀ ਤੌਰ ਤੇ ਇਨਸਾਨ ਨੇ ਅਨੇਕਾਂ ਮੁਕਾਮਾਂ ਨੂੰ ਹਾਸਿਲ ਕੀਤਾ ਹੈ, ਨਵੀਆਂ-ਨਵੀਆਂ ਖੋਜਾਂ ਹੋ ਰਹੀਆਂ ਹਨ ਪਰੰਤੂ ਅੰਤਰੀਵ ਤੌਰ ਤੇ ਮਨੁੱਖ ਬਿਖਰਦਾ ਹੀ ਜਾ ਰਿਹਾ ਹੈ। ਜਿਸ ਭਾਰਤ ਦੇਸ਼ ਨੂੰ ਕਦੇ ਜਗਤ ਗੁਰੂ ਦੀ ਉਪਾਦੀ ਨਾਲ ਨਿਵਾਜਿਆ ਗਿਆ ਸੀ ਉਸੇ ਭਾਰਤ ਵਰਸ਼ ਵਿਚ ਅੱਜ ਰਾਜਨੀਤਿਕ, ਸਮਾਜਕ, ਪਰਿਵਾਰਕ ਅਤੇ ਵਿਅਕਤੀਗਤ ਰੂਪ ਵਿਚ ਉੱਥਲ-ਪੁੱਥਲ ਮੱਚੀ ਹੋਈ ਹੈ। ਜੀਵਨ ਦੇ ਸੱਚੇ ਮੁੱਲਾਂ ਪ੍ਰਤੀ ਕੋਈ ਵੀ ਜਾਗਰੂਕ ਨਹੀਂ ਹੈ। ਅੱਜ ਦਾ ਨੌਜਵਾਨ ਵਰਗ ਦੁਸ਼ ਪ੍ਰਵਿਰਤੀਆਂ ਦੀ ਘੁੰਮਣ ਘੇਰੀ ਵਿਚ ਫਸ ਕੇ ਨੈਤਿਕ ਪਤਨ ਦੇ ਰਾਹ ਤੇ ਚੱਲ ਪਿਆ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਸੁਖਮਨੀ ਸਾਹਿਬ ਵਿਚ ਅਜਿਹੇ ਆਦਰਸ਼ ਬਾਰੇ ਜਾਣੂ ਕਰਵਾਇਆ ਗਿਆ ਹੈ, ਜਿਸ ਨੂੰ ਅਧਾਰ ਬਣਾ ਕੇ ਅਸੀਂ ਚੰਗੇ ਚਰਿੱਤਰ ਅਤੇ ਨੈਤਿਕਤਾ ਦਾ ਨਿਰਮਾਣ ਕਰ ਸਕਦੇ ਹਾਂ। ਅਜਿਹੀ ਪ੍ਰੇਰਣਾ ਸਿਰਫ ਮਹਾਂਪੁਰਸ਼ਾਂ ਦੇ ਜੀਵਨ ਤੋਂ ਹੀ ਪ੍ਰਾਪਤ ਹੋ ਸਕਦੀ ਹੈ ਕਿਉਂਕਿ ਇਸ ਸੰਸਾਰ ਅੰਦਰ ਸਿਰਫ ਮਹਾਂਪੁਰਸ਼ਾਂ ਦਾ ਜੀਵਨ ਹੀ ਪਰਉਪਕਾਰੀ ਅਤੇ ਦੂਸਰਿਆਂ ਲਈ ਚਾਨਣ ਮੁਨਾਰੇ ਦਾ ਕੰਮ ਕਰਦਾ ਹੈ।

ਅੰਤ ਵਿਚ ਇਹ ਹੀ ਕਿਹਾ ਜਾ ਸਕਦਾ ਹੈ ਕਿ ਸਮਾਜ ਅੰਦਰ ਅਨੇਕਾਂ ਹੀ ਧਰਮ ਪੈਂਦਾ ਹੋ ਗਏ ਹਨ। ਹਰ ਇਕ ਜਾਤੀ ਦਾ ਵਿਅਕਤੀ ਆਪਣਾ ਵੱਖਰਾ ਹੀ ਧਰਮ ਬਣਾ ਕੇ ਬੈਠਾ ਹੈ। ਗੁਰੂ ਅਰਜਨ ਦੇਵ ਜੀ ਇਸ ਗੱਲ ਦਾ ਖੰਡਨ ਕਰਦੇ ਹੋਏ ਆਪਣੀ ਬਾਣੀ ਰਾਹੀ ਇਹ ਦੱਸਦੇ ਹਨ ਕਿ ਮਨੁੱਖ ਦਾ ਅਸਲ ਧਰਮ ਪਰਮਾਤਮਾ ਦਾ ਨਾਮ ਸਿਮਰਨ ਕਰਨਾ ਹੈ। ਸੁਖਮਨੀ ਬਾਣੀ ਅੰਦਰ ਇਕ ਸ਼੍ਰੇਸ਼ਟ ਧਰਮ ਦੀ ਗੱਲ ਕੀਤੀ ਹੈ। ਗੁਰੂ ਜੀ ਦੱਸਦੇ ਹਨ :

ਸਰਬ ਧਰਮ ਮਹਿ ਸ੍ਰੇਸਟ ਧਰਮੁ ॥

ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥[25]

ਅਸਲ ਵਿਚ ਧਰਮ ਮਨੁੱਖ ਨੂੰ ਸਭਿਆ ਬਣਾਉਂਦਾ ਹੈ। ਧਰਮ ਹੀ ਇਕ ਅਜਿਹਾ ਸਾਧਨ ਹੈ, ਜੋ ਸੰਸਾਰਿਕ ਜੀਵਨ ਤੋਂ ਉੱਪਰ ਉੱਡ ਕੇ ਜੀਵਨ ਜੀਉਣ ਦਾ ਸਲੀਕਾ ਦੱਸਦਾ ਹੈ। ਇਸੇ ਕਰਕੇ ਧਰਮ ਨੂੰ ਇਕ ਅਜਿਹੀ ਤਾਕਤ ਮੰਨਿਆ ਗਿਆ ਹੈ ਜੋ ਮਨੁੱਖਾਂ ਅਤੇ ਪੂਰੇ ਸਮਾਜ ਨੂੰ ਇਕ ਜੁੱਟ ਬੰਨ ਕੇ ਰੱਖਦਾ ਹੈ। ਧਰਮ ਨੂੰ ਤਾਕਤ ਇਸ ਕਰਕੇ ਕਿਹਾ ਹੈ, ਕਿਉਂਕਿ ਧਰਮ ਹੀ ਨੈਤਿਕਤਾ ਕਦਰਾਂ-ਕੀਮਤਾਂ ਨੂੰ ਅਪਣਾਉਂਣਾ ਸਿਖਾਉਂਦਾ ਹੈ। ਸਪਸ਼ਟ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਬਾਣੀ ਸੁਖਮਨੀ ਸਾਹਿਬ ਵਲੋਂ ਪ੍ਰਗਟਾਏ ਸਭਿਆਚਾਰ ਵਿਚ ਧਰਮ ਇਕ ਸ਼ਕਤੀ ਹੈ। ਇਸ ਸ਼ਕਤੀ ਦੇ ਦੁਆਰਾ ਹੀ ਮਨੁੱਖ ਆਪਣੇ ਜੀਵਨ ਨੂੰ ਚੰਗਾ ਬਣਾਉਂਦਾ ਹੈ। ਜਿਹੜਾ ਵੀ ਧਾਰਮਕ ਕਰਮ ਮਨੁੱਖ ਦੇ ਜੀਵਨ ਨੂੰ ਸਹੀ ਦਿਸ਼ਾ ਨਹੀਂ ਦਿੰਦਾ ਸੁਖਮਨੀ ਬਾਣੀ ਵਿਚ ਉਸ ਦਾ ਵਿਰੋਧ

ਕੀਤਾ ਗਿਆ ਹੈ। ਮਨੁੱਖ ਆਪਣੇ ਜੀਵਨ ਨੂੰ ਚੰਗਾ ਬਣਾਉਣ ਲਈ ਜੋ ਵੀ ਜਪ-ਤਪ, ਤੀਰਥਾਂ ਤੇ ਇਸ਼ਨਾਨ, ਯੋਗ ਅਭਿਆਸ, ਝੂਠੇ ਕਰਮ-ਕਾਂਡ, ਪੁੰਨ-ਦਾਨ, ਦਰਗਾਹਾਂ ਦੀ ਮਾਨਤਾਂ, ਇਸ਼ਟਾਂ ਦੀ ਮਾਨਤਾ, ਝੂਠੇ ਸੰਤ-ਸਾਧੂਆਂ ਦੀ ਮਾਨਤਾ, ਜੰਗਲਾਂ 'ਚ ਭਗਤੀ ਕਰਨਾ ਆਦਿ ਸਾਰੀਆਂ ਬੁਰਾਈਆਂ ਨੂੰ ਗੁਰੂ ਜੀ ਨੇ ਅੰਧ-ਵਿਸ਼ਵਾਸ਼ ਅਤੇ ਮੋਹ ਮਾਇਆ ਕਹਿ ਕੇ ਬਾਣੀ ਵਿਚ ਖੰਡਨ ਕੀਤਾ ਗਿਆ ਹੈ। ਪਰਮਾਤਮਾ ਵਿਚ ਵਿਸ਼ਵਾਸ਼ ਅਤੇ ਨੈਤਿਕਤਾ ਉੱਪਰ ਜ਼ੋਰ ਦਿੱਤਾ ਹੈ। ਸਭਿਆਚਾਰ ਦਾ ਖੇਤਰ ਬਹੁਤ ਵੱਡਾ ਹੈ। ਇੱਥੇ ਸਾਰੇ ਪੱਖਾਂ ਦਾ ਵਰਣਨ ਨਹੀਂ ਕੀਤਾ ਜਾ ਸਕਦਾ।

ਮਨੁੱਖ ਅੰਦਰ ਨੈਤਿਕ ਗੁਣਾਂ ਦੀ ਬਹੁਤ ਕਮੀ ਹੈ। ਮਨੁੱਖ ਨੇ ਆਪਣੇ ਜੀਵਨ ਅੰਦਰ ਪਿਆਰ, ਸਬਰ, ਏਕਤਾ, ਸਹਿਣਸ਼ੀਲਤਾ, ਰਜ਼ਾ, ਸਦਭਾਵਨਾ ਆਦਿ ਦੀ ਥਾਂ ਅਹੰਕਾਰ, ਮਾਣ, ਵੈਰ-ਵਿਰੋਧ, ਈਰਖਾ ਅਤੇ ਜਾਤ-ਪਾਤ ਨੂੰ ਆਪਣੇ ਜੀਵਨ ਅੰਦਰ ਸਥਾਨ ਦਿੱਤਾ ਹੈ। ਅੱਜ ਜੋ ਸਾਨੂੰ ਸਮਾਜ ਵਿਚ ਦੇਖਣ ਨੂੰ ਮਿਲਦਾ ਹੈ। ਉਸ ਦਾ ਕਾਰਨ ਨੈਤਿਕ ਕਦਰਾਂ-ਕੀਮਤਾਂ ਦੀ ਘਾਟ ਹੈ। ਇਸ ਘਾਟ ਨੂੰ ਪੂਰਾ ਕਰਦੀ ਹੈ, ਸਾਡੀ ਸੁਖਮਨੀ ਬਾਣੀ , ਜਿਸ ਨੂੰ ਸਮਝ ਕੇ ਸਾਡੇ ਜੀਵਨ ਅੰਦਰ ਚੰਗੇ ਗੁਣ ਆਉਂਦੇ ਹਨ। ਇਸ ਸਦਾਚਾਰਕ ਜੀਵਨ ਨਾਲ ਹੀ ਅਸੀਂ ਪਰਮਾਤਮਾ ਦੇ ਮਾਰਗ ਤੇ ਚੱਲ ਸਕਦੇ ਹਾਂ। ਜੇਕਰ ਅੱਜ ਦਾ ਨੌਜਵਾਨ ਵਰਗ ਸੁਖਮਨੀ ਬਾਣੀ ਦੇ ਦਰਸਾਏ ਮਾਰਗ ਤੇ ਕਦਮ ਵਧਾ ਲੈਣ ਤਾਂ ਸਮਾਜ ਦੀਆਂ ਸਾਰੀਆਂ ਹੀ ਸਮੱਸਿਆਵਾਂ ਦਾ ਖਾਤਮਾ ਹੋ ਸਕਦਾ ਹੈ।

ਅਸੀਂ ਇਹ ਕਹਿ ਸਕਦੇ ਹਾਂ ਕਿ ਸਾਡੇ ਸਮਾਜ-ਸਭਿਆਚਾਰ ਦਾ ਮਹਾਨ ਹੋਣ ਦਾ ਇਹ ਹੀ ਕਾਰਨ ਹੈ ਕਿ ਸਮੇਂ-ਸਮੇਂ ਤੇ ਗੁਰੂ ਸਹਿਬਾਨਾਂ ਨੇ ਆਪਣੀ ਬਾਣੀ ਦੁਆਰਾ ਸਮਾਜ ਨੂੰ ਝੂਠੇ ਕਰਮ-ਕਾਂਡਾਂ ਵਿਚੋਂ ਕੱਢ ਕੇ ਜੀਵਨ ਦੀ ਅਸਲ ਸਚਾਈ ਨਾਲ ਜੋੜਿਆ। ਅੰਤ ਵਿਚ ਕਹਿ ਸਕਦੇ ਹਾਂ ਕਿ ਇਕ ਚੰਗੇ ਸਮਾਜ ਦੀ ਸਥਾਪਨਾ ਤਾਂ ਹੀ ਹੋ ਸਕਦੀ ਹੈ ਜੇ ਅਸੀਂ ਗੁਰੂ ਜੀ ਦੀ ਬਾਣੀ ਤੋਂ ਸੇਧ ਲੈ ਕੇ ਆਪਣੇ ਜੀਵਨ ਵਿਚ ਪਵਿੱਤਰਤਾ, ਸਾਦਗੀ, ਸੁੱਚਤਾ ਆਦਿ ਸ਼ੁਭ ਗੁਣਾਂ ਨੂੰ ਧਾਰਨ ਕਰਦੇ ਹਾਂ। ਚੰਗੇ ਨੈਤਿਕ ਗੁਣ ਸ਼ੁਭ ਕਰਮ, ਸ਼ੁਭ ਬੋਲ, ਸ਼ੁਭ ਵਿਚਾਰ, ਸ਼ੁਭ ਕਿਰਦਾਰ, ਸ਼ੁਭ ਅਮਲ ਹੀ ਇਨਸਾਨ ਨੂੰ ਸਰਵ-ਸਰੇਸ਼ਟ ਬਣਾਉਂਦੇ ਹਨ। ਇਹਨਾਂ ਅਮਲਾਂ ਨੂੰ ਧਾਰਨ ਕਰਕੇ ਅਸੀਂ ਆਪਣੇ ਸਮਾਜ-ਸਭਿਆਚਾਰ ਨੂੰ ਨਵੀਂ ਦਿਸ਼ਾ ਦੇ ਸਕਦੇ ਹਾਂ।

## ਹਵਾਲੇ ਟਿੱਪਣੀਆਂ

1. ਸਵਿੰਦਰਜੀਤ ਕੌਰ, ਸਮਾਜ ਵਿਗਿਆਨ ਦੇ ਮੂਲ ਸਕੰਲਪ, ਪੰਨਾ 27
2. ਉਹੀ, ਪੰਨਾ 27
3. ਉਹੀ, ਪੰਨਾ 28
4. ਉਹੀ, ਪੰਨਾ 28
5. ਉਹੀ, ਪੰਨਾ 30
6. ਡਾ. ਗੁਰਜੀਤ ਸਿੰਘ, ਸਭਿਆਚਾਰ ਦਾ ਫਲਸਫ਼ਾ, ਪੰਨਾ 6
7. ਪ੍ਰੋ. ਬਲਵੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਭਾਗ ਤੀਜਾ ਸਭਿਆਚਾਰ: ਸਿਧਾਂਤ ਅਤੇ ਵਿਹਾਰ, ਪੰਨਾ 12
8. ਉਹੀ, ਪੰਨਾ 13
9. ਉਹੀ, ਪੰਨਾ 13
10. ਓਮ ਪ੍ਰਕਾਸ਼ ਗਾਸੋ, ਪੰਜਾਬੀ ਸਭਿਆਚਾਰ, ਪੰਨਾ 6
11. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 262
12. ਉਹੀ, ਪੰਨਾ265
13. ਉਹੀ, ਪੰਨਾ 275
14. ਉਹੀ, ਪੰਨਾ274
15. ਉਹੀ, ਪੰਨਾ 274
16. ਉਹੀ, ਪੰਨਾ269
17. ਉਹੀ, ਪੰਨਾ 268
18. ਉਹੀ, ਪੰਨਾ 264
19. ਉਹੀ, ਪੰਨਾ 278
20. ਉਹੀ, ਪੰਨਾ 278
21. ਉਹੀ, ਪੰਨਾ 268
22. ਉਹੀ, ਪੰਨਾ265
23. ਉਹੀ, ਪੰਨਾ266

# ਅਧਿਆਇ ਚੌਥਾ

# ਬਾਰਾਮਾਹ ਬਾਣੀ ਦਾ ਦਾਰਸ਼ਨਿਕ ਅਧਿਐਨ

**ਬਾਰਾਮਾਹ : ਪਰਿਭਾਸ਼ਾ ਤੇ ਸਰੂਪ**

ਬਾਰਾਮਾਹ ਗੁਰੂ ਅਰਜਨ ਦੇਵ ਜੀ ਦੀ ਮਹਾਨ ਅਤੇ ਅਦੁੱਤੀ ਰਚਨਾ ਹੈ। ਬਾਰਾਮਾਹ ਰਚਨਾ ਬਾਰ੍ਹਾਂ ਦੇਸੀ ਮਹੀਨਿਆਂ ਨੂੰ ਮੁੱਖ ਰੱਖ ਕੇ ਲਿਖੀ ਲੋਕ-ਕਾਵਿ ਰਚਨਾ ਹੈ। ਕੁਦਰਤ ਦਾ ਨਿਯਮ ਹੈ ਕਿ ਸਮੇਂ-ਸਮੇਂ ਸਿਰ ਮੌਸਮ ਵਿਚ ਤਬਦੀਲੀ ਆਉਂਦੀ ਰਹਿੰਦੀ ਹੈ। ਕਦੀ ਸਰਦੀ ਤੇ ਕਦੀ ਗਰਮੀ ਕਦੀ ਪਤਝੜ ਤੇ ਕਦੀ ਬਸੰਤ, ਇਸ ਤਰ੍ਹਾਂ ਮੌਸਮ ਵਿਚ ਤਬਦੀਲੀ ਆਉਂਦੀ ਹੈ। ਇਸੇ ਤਰ੍ਹਾਂ ਹੀ ਮਨੁੱਖੀ ਜ਼ਿੰਦਗੀ ਵਿਚ ਵੀ ਬਦਲਾਵ ਆਉਂਦੇ ਹਨ। ਮਨੁੱਖ ਅਤੇ ਕੁਦਰਤ ਦਾ ਸਦੀਆਂ ਤੋਂ ਹੀ ਡੂੰਘਾ ਸਬੰਧ ਰਿਹਾ ਹੈ। ਗੁਰੂ ਅਰਜਨ ਦੇਵ ਜੀ ਨੇ ਬਾਰਾਮਾਹ ਵਿਚ ਪ੍ਰਕਿਰਤੀ ਚਿਤਰਣ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਮਾਝ ਰਾਗ ਰਾਹੀ ਪੇਸ਼ ਕੀਤਾ ਹੈ। ਇਸ ਰਚਨਾ ਵਿਚ ਇਹ ਦੱਸਿਆ ਹੈ ਕਿ ਰੁੱਤਾਂ ਬਦਲਣ ਨਾਲ ਮਨੁੱਖ ਦੇ ਮਨ ਦੀ ਕਿਹੋ ਜਿਹੀ ਸਥਿਤੀ ਹੋ ਜਾਂਦੀ ਹੈ। ਬਸੰਤ ਰੁੱਤ ਜੇਕਰ ਮਨੁੱਖ ਨੂੰ ਸੁਹਾਵਣੀ ਲਗਦੀ ਹੈ ਤਾਂ ਪਤਝੜ ਰੁੱਤ ਆਉਣ ਨਾਲ ਵਿਅਕਤੀ ਉਦਾਸ ਹੁੰਦਾ ਨਜ਼ਰ ਆਉਂਦਾ ਹੈ। ਬਾਰਾਮਾਹ ਰਚਨਾ ਵਿਚ ਵਿਯੋਗ ਦੀ ਸਥਿਤੀ ਨੂੰ ਪੇਸ਼ ਕੀਤਾ ਹੈ। "ਇਸ ਰਚਨਾ ਵਿਚ ਨਾਇਕ ਨੂੰ ਨਾਇਕਾ ਤੋਂ ਦੂਰ ਕੀਤਾ ਹੈ। ਨਾਇਕਾ ਆਪਣੇ ਪ੍ਰੀਤਮ ਤੋਂ ਦੂਰ ਹੋ ਕੇ ਬਿਰਹਾ ਦੀ ਅਗਨੀ ਵਿਚ ਤੜਪਦੀ ਹੈ। ਇਸ ਤਰ੍ਹਾਂ ਬਾਰਾਮਾਹ ਪ੍ਰੀਤਮ ਦੇ ਵਿਜੋਗ ਵਿਚ ਪ੍ਰਿਯਸੀ ਦੇ ਹਉਕੇ ਹਾਵੇ ਆਪਣੇ ਅੰਦਰ ਸਾਂਭੀ ਅਖੀਰ ਮਿਲਾਪ ਕਰਵਾ ਕੇ ਬਿਰਹਣੀ ਨੂੰ ਪ੍ਰਸੰਨ ਕਰਦਾ ਹੈ।"[1]

"ਵਿਦਵਾਨਾਂ ਨੇ ਬਾਰਮਾਹ ਨੂੰ ਪਰਿਭਾਸ਼ਿਤ ਕਰਨ ਦਾ ਸੁੰਦਰ ਯਤਨ ਕੀਤਾ ਹੇ। ਬਾਰਾਮਾਹ ਵਿਚ ਆਮ ਤੌਰ ਤੇ ਕਵੀਆਂ ਨੇ ਨਾਇਕਾ ਦੇ ਮਾਨਸ ਕਲੇਸ਼, ਵਿਯੋਗ, ਵੇਦਨਾ, ਤਰਲੇ, ਹਉਕੇ ਹਾਵੇ, ਕਲੇਜੇ ਦੀ ਪੀੜ੍ਹ, ਬਿਰਹੋਂ ਦੀ ਤਪਸ਼, ਬੇਚੈਨੀ, ਬੇਅਰਾਮੀ. ਹੰਝੂ ਸਿਸਕੀਆਂ ਆਦਿ ਦਾ ਜ਼ਿਕਰ ਬਹੁਤ ਹੀ ਸੂਖਮਤਾ ਨਾਲ ਕੀਤਾ ਹੈ ਤੇ ਇਹਨਾਂ ਵਿਚ ਸੰਯੋਗ ਤੇ ਵਿਯੋਗ ਸ਼ਿੰਗਾਰ ਰਸ ਦਾ ਪ੍ਰਯੋਗ ਹੋਇਆ ਹੈ।"[2]

ਪ੍ਰੋ. ਬ੍ਰਹਮਜਗਦੀਸ਼ ਸਿੰਘ ਨੇ ਆਪਣੇ ਗੁਰੂ ਗ੍ਰੰਥ ਸੰਕਲਪ ਕੋਸ਼ ਵਿਚ ਦੱਸਿਆ ਹੈ, "ਬਾਰਾਮਾਹ ਮੱਧਕਾਲੀਨ ਪੰਜਾਬੀ ਕਾਵਿ (ਗੁਰਬਾਣੀ, ਸੂਫ਼ੀ ਅਤੇ ਕਿੱਸਾ-ਕਾਵਿ) ਦੀ ਇਕ ਮਹੱਤਵਪੂਰਨ ਵੰਨਗੀ ਹੈ। ਇਸ ਵਿਚ ਸਾਲ ਦੇ ਬਾਰ੍ਹਾਂ ਮਹੀਨਿਆਂ ਦੁਆਰਾ ਆਪਣੇ ਪ੍ਰਭੂ ਪ੍ਰੀਤਮ ਤੋਂ ਵਿੱਛੜੇ ਕਿਸੇ ਸੰਵੇਦਨਸ਼ੀਲ ਵਿਅਕਤੀ ਦੇ ਬਿਰਹਾ-ਭਾਵਾਂ ਦਾ ਵਰਣਨ ਕੀਤਾ ਜਾਂਦਾ ਹੈ। ਵਰਣਨ ਕਰਨ ਸਮੇਂ ਉਸ ਮਹੀਨੇ ਦੇ ਮਿਜ਼ਾਜ (ਗਰਮੀ, ਸਰਦੀ, ਬਰਸਾਤ ਆਦਿ) ਨੂੰ ਵੀ ਧਿਆਨ ਵਿਚ ਰੱਖਿਆ ਜਾਂਦਾ ਹੈ। ਪ੍ਰਕਿਰਤੀ ਚਿਤਰਣ ਅਤੇ ਬਿਰਹਾ-ਨਿਰੂਪਣ ਦੋਵੇਂ ਇਕ-ਦੂਜੇ ਦੇ ਸੰਗ-ਸਾਥ ਚੱਲਦੇ ਹਨ। ਬਾਰਹਮਾਹ ਉਹ ਪਦ ਜਾਂ ਗੀਤ ਹੈ ਜਿਸ ਵਿਚ ਬਾਰ੍ਹਾਂ ਮਹੀਨਿਆਂ ਦੀਆਂ ਪ੍ਰਕਿਰਤਕ ਵਿਸ਼ੇਸ਼ਤਾਵਾਂ ਦਾ ਵਰਣਨ ਕਿਸੇ ਬਿਰਹ ਜਾਂ ਬਿਰਹਣੀ ਦੇ ਮੂੰਹੋਂ ਕਰਵਾਇਆ ਗਿਆ ਸੋਗ ਹੋਵੇ।"[3]

ਮੌਲਾ ਬਖਸ਼ ਕੁਸ਼ਤਾ ਦੇ ਕਥਨ ਅਨੁਸਾਰ, " ਬਾਰਹਮਾਹ ਆਮ ਤੌਰ ਤੇ ਪਰਦੇਸੀ ਪੀਆ ਦੀ ਉਡੀਕ ਵਿਚ ਵਿਯੋਗਣਾਂ ਦੇ ਨਾਮ 'ਤੇ ਜੋੜੇ ਜਾਂਦੇ ਹਨ, ਪਰ ਹੋਰ ਪਾਸੇ ਵੀ ਲੱਗ ਜਾਂਦੇ ਹਨ।"[4]

ਡਾ. ਰਤਨ ਸਿੰਘ ਜੱਗੀ ਅਨੁਸਾਰ, " ਬਾਰਹਮਾਹ ਨਾਇਕਾ ਨੂੰ ਵਿਯੋਗ ਦੀਆਂ ਪਰਿਸਥਿਤੀਆਂ ਤੋਂ ਗੁਜ਼ਾਰਦੇ ਹੋਇਆ ਸੰਯੋਗ ਵੱਲ ਲੈ ਜਾਣ ਵਾਲਾ ਕਾਵਿ ਰੂਪ ਹੈ। ਆਮ ਤੌਰ ਤੇ ਪਹਿਲਾ 11 ਮਹੀਨਿਆਂ ਵਿਚ ਵਿਯੋਗ ਦਾ ਚਤ੍ਰਣ ਹੁੰਦਾ ਹੈ ਅਤੇ ਅੰਤਿਮ ਵਿਚ ਸੰਯੋਗ ਸੁਖ ਦੀ ਪ੍ਰਾਪਤੀ ਹੁਮਦਿ ਹੈ।"[5]

ਡਾ. ਰਤਨ ਸਿੰਘ ਜੱਗੀ ਆਪਣੇ ਸਾਹਿੱਤ ਕੋਸ਼ ਵਿਚ ਲਿਖਦੇ ਹਨ, " ਬਾਰਾਮਾਹਾ ਦੇ ਸ਼ਾਬਦਿਕ ਅਰਥਹਨ ਹਰ ਸਾਲ ਦੇ ਬਾਰ੍ਹਾਂ ਮਹੀਨੇ। ਬਾਰਾਮਾਹ ਲੋਕ-ਕਾਵਿ ਦੀ ਵੀ ਇਕ ਕਿਸਮ ਹੈ। ਇਸ ਵਿਚ ਕਿਸੇ ਵਿਜੋਗਣ ਇਸਤ੍ਰੀ ਦੇ ਹਰ ਮਹੀਨੇ ਵਿਚ ਮਹਿਸੂਸ ਕੀਤੇ ਮਾਨਸਿਕ ਦੁੱਖਾਂ ਤੇ ਮਨੁਵੇਦਨਾਵਾਂ ਦਾ ਜ਼ਿਕਰ ਹੁੰਦਾ ਹੈ। ਇਸ ਵਿਚ ਸਾਲ ਦੇ ਬਾਰ੍ਹਾਂ ਮਹੀਨਿਆਂ ਨੂੰ ਕ੍ਰਮਵਾਰ ਲਿਆ ਜਾਂਦਾ ਹੈ ਤੇ ਵਿਜੋਗਣ ਦੇ ਵਿਜੋਗ ਨੂੰ ਇਨ੍ਹਾਂ ਬਾਰ੍ਹਾਂ ਮਹੀਨਿਆਂ ਦੇ ਕ੍ਰਮ ਅਨੁਸਾਰ ਲਿਖਿਆ ਹੁੰਦਾ ਹੈ, ਇਸੇ ਲਈ ਇਸ ਨੂੰ ਬਾਰਾਮਾਹ ਦਾ ਨਾਂ ਦਿੱਤਾ ਜਾਂਦਾ ਹੈ।"[6]

ਜਿਸ ਕਵੀਆਂ ਨੇ ਬਾਰਾਮਾਹ ਦੀ ਰਚਨਾ ਕੀਤੀ ਹੈ। ਉਨ੍ਹਾਂ ਵਿਚ ਕਾਫ਼ੀ ਮਤਭੇਦ ਦੇਖਣ ਨੂੰ ਮਿਲਦਾ ਹੈ। ਅਸਲ ਵਿਚ ਬਾਰਾਮਾਹ ਦੀ ਸ਼ੁਰੂਆਤ ਚੇਤ ਮਹੀਨੇ ਤੋਂ ਮੰਨੀ ਜਾਂਦੀ ਹੈ ਜੋ ਬਿਕਰਮੀ ਤੇ ਸਾਕਾ ਸੰਮਤ ਦਾ ਪਹਿਲਾ ਮਹੀਨਾ ਹੈ। ਪਰ ਕਿਸੇ ਕਵੀ ਨੇ ਬਾਰਾਮਾਹ ਲੋਕ-ਕਾਵਿ ਨੂੰ ਚੇਤ ਤੋਂ ਸ਼ੁਰੂ ਕੀਤਾ ਹੈ ਅਤੇ ਕਿਸੇ ਨੇ ਹਾੜ, ਅੱਸੂ ਅਤੇ ਕੱਤਕ ਤੋਂ ਸ਼ੁਰੂਆਤ ਕੀਤੀ ਹੈ। ਜਿਹੜੇ ਰਚਨਕਾਰ ਬਾਰਾਮਾਹ ਦੀ ਸ਼ੁਰੂਆਤ ਹਾੜ ਮਹੀਨੇ ਤੋਂ ਕਰਦੇ ਹਨ, ਉਸ ਦਾ ਕਾਰਨ 'ਖੱਟ ਰਿਤੂ ਵਰਣਨ' ਦਾ ਪ੍ਰਭਾਵ ਹੈ। " ਬੁਲ੍ਹੇ ਸ਼ਾਹ ਨੇ ਬਾਰਮਾਹਾ ਨੂੰ ਅੱਸੂ ਤੋਂ ਸ਼ੁਰੂ ਕੀਤੀ ਹੈ। ਹਿੰਦੀ ਕਵੀਆਂ ਨੇ ਕੱਤਕ ਦੇ ਮਹੀਨੇ ਤੋਂ ਬਾਰਮਾਹ ਦਾ ਮੁੱਢ ਰਖਿਆ ਹੈ। ਇਹ ਮਹੀਨਿਆਂ ਫਰਕ ਕੇਵਲ ਸਾਲ ਸੰਮਤਾਂ ਦੀ ਚਲਦੀ ਰੀਤ ਨੂੰ ਸਾਹਮਣੇ ਰੱਖ ਕੇ ਕੀਤਾ ਗਿਆ ਹੈ। ਹੋਰ ਇਸ ਵਿਚ ਕੋਈ ਵੱਖਰੀ ਨੀਤੀ ਜਾਂ ਨਿਸ਼ਾਨਾ ਨਹੀਂ ਜਾਪਦਾ ਹੈ।[7]

ਉਪਰੋਕਤ ਪਰਿਭਾਸ਼ਾਵਾਂ ਅਨੁਸਾਰ ਇਹ ਅਨੁਮਾਨ ਲਗਾਇਆ ਜਾਂਦਾ ਹੈ ਕਿ ਬਾਰਾਮਾਹ ਇਕ ਅਜਿਹਾ ਲੋਕ-ਕਾਵਿ ਰੂਪ ਹੈ। ਜਿਸ ਵਿਚ ਇਸਤਰੀ ਆਪਣੇ ਪਤੀ ਤੋਂ ਦੂਰ ਵਿਯੋਗ ਵਿਚ ਤੜਪਦੀ ਹੈ। ਥੋੜਾ ਸਮਾਂ ਪਾ ਕੇ ਉਸ ਦਾ ਪਤੀ ਉਸ ਨੂੰ ਮਿਲ ਜਾਂਦਾ ਹੈ। ਇਸ ਵਿਚ ਪ੍ਰਕਿਰਤੀ ਵਿਚਲੇ ਪਰਿਵਰਤਨ ਨੂੰ ਜੀਵ ਇਸਤਰੀ ਦੇ ਮਨੋਭਾਵਾਂ ਨਾਲ ਪੇਸ਼ ਕੀਤਾ ਹੈ। ਇਹ ਰਚਨਾ ਵਿਯੋਗ ਤੋਂ ਸੰਯੋਗ ਤੱਕ ਦਾ ਸਫ਼ਰ ਹੈ।

## ਬਾਰਾਮਾਹ ਪਰੰਪਰਾ ਅਤੇ ਵਿਕਾਸ

ਬਾਰਾਮਾਹ ਦੀ ਪਰੰਪਰਾ ਸਦੀਆ ਪੁਰਾਣੀ ਮੰਨੀ ਜਾਂਦੀ ਹੈ। ਬਾਰਾਮਾਹ ਕਾਵਿ ਦੀ ਸ਼ੁਰੂਆਤ 'ਖੱਟ ਰਿਤੂ' ਜਾਂ 'ਰੁੱਤੀ' ਤੋਂ ਮੰਨੀ ਜਾਂਦੀ ਹੈ। ਬਾਰਾਮਾਹ ਦੀ ਸ਼ੁਰੂਆਤ ਵਿਚ ਰਚਨਹਾਰਾਂ ਨੇ ਇਸ ਵਿਚ ਛੇ ਰੁੱਤਾਂ ਦਾ ਇੱਕਠਾ ਵਰਣਨ ਕਰਦੇ ਜੀਵਨ ਦੇ ਹਰ ਇਕ ਪੱਖ ਨੂੰ ਪੇਸ਼ ਕੀਤਾ। ਹੌਲੀ-ਹੌਲੀ ਸਮਾਂ ਬੀਤਣ ਤੇ ਬਾਰਾਮਾਹ ਵਿਚ ਛੇ ਰੁੱਤਾਂ ਦੀ ਜਗ੍ਹਾਂ ਤੇ ਬਾਰ੍ਹਾਂ ਮਹੀਨਿਆਂ ਨੇ ਲੈ ਲਈ। "ਆਮ ਤੌਰ ਤੇ ਕਵੀ ਜਨ ਖ਼ੁਸ਼ੀ, ਮੰਗਲ ਦੇ ਪ੍ਰਗਟਾਉ ਸਮੇਂ 'ਖੱਟ

ਰਿਤੂ ਵਰਣਨ' ਕਰਦੇ ਸਨ ਤੇ ਬਿਰਹੁ ਵਿਯੋਗ ਦੇ ਵਰਣਨ ਲਈ 'ਬਾਰਾਮਾਹਸੇ' ਜਾਂ 'ਬਾਰਾਮਾਹ' ਦਾ ਆਸਰਾ ਲਿਆ ਕਰਦੇ ਸਨ।"[8] ਉਦਾਹਰਣ ਵਜੋਂ "ਮਲਕ ਮੁਹੰਮਦ ਜਾਇਸੀ ਨੇ ਰੰਗ ਰਲੀਆਂ ਨੂੰ 'ਖੱਟ ਰਿਤੂ ਵਰਣਨ' ਹੇਠ ਬਿਆਨ ਕੀਤਾ ਹੈ ਤੇ ਬਾਅਦ ਵਿਚ ਜਦੋਂ ਰਾਣੀ ਨਾਗਮਤੀ ਰਾਜਾ ਰਤਨਸੇਨ ਦੇ ਵਿਛੋੜੇ ਵਿਚ ਵਿਆਕੁਲ ਹੁਮਦਿ ਹੈ ਤਾਂ ਉਸ ਦਾ ਜੀਵਨ-ਚਿੱਤਰ ਉਹ ਬਾਰਹਮਾਸ਼ੇ ਵਿਚ ਅੰਕਿਤ ਕਰਦਾ ਹੈ। ਅਸਾੜ ਤੋਂ ਲੈ ਕੇ ਜੇਠ ਤਕ।"[9] ਇਹ ਸਾਰੀ ਚਰਚਾ ਤੋਂ ਬਾਅਦ ਸਪਸ਼ਟ ਹੁੰਦਾ ਹੈ ਕਿ ਬਾਰਾਮਾਹ ਕਾਵਿ-ਰੂਪ ਵਿਚ ਬਿਰਹਾ ਦਾ ਵਰਣਨ ਕੀਤਾ ਹੈ।

ਸਾਹਿਤ ਵਿਚ ਬਾਰਾਮਾਹ ਦਾ ਆਗਮਨ ਕਦੋਂ ਹੋਇਆ। ਇਸ ਬਾਰੇ ਵਿਦਵਾਨਾਂ ਨੇ ਵੱਖਰੇ-ਵੱਖਰੇ ਵਿਚਾਰ ਪੇਸ਼ ਕੀਤੇ ਹਨ। ਪੰਜਾਬੀ ਲੋਕ ਗੀਤਾਂ ਵਿਚ ਵੀ ਬਾਰਾਮਾਹ ਦੇਖਣ ਨੂੰ ਮਿਲਦੇ ਹਨ। ਹੋਰ ਖੇਤਰਾਂ ਦੇ ਲੋਕ ਗੀਤਾਂ ਵਿਚ ਵੀ ਬਾਰਾਮਾਹ ਮਿਲਦੇ ਹਨ। "ਪਿਆਰਾ ਸਿੰਘ ਪਦਮ ਦੀ ਪੁਸਤਕ 'ਪੰਜਾਬੀ ਬਾਰਾਂਮਾਹੇ' ਵਿਚ ਇਹਨਾਂ ਦੇ ਨਮੂਨੇ ਪੇਸ਼ ਕੀਤੇ ਹਨ। ਉੱਤਰੀ ਹਿੰਦ ਦੀਆਂ ਬੋਲੀਆਂ ਦੀ ਜਨਮਦਾਤੀ ਅਪਭ੍ਰੰਸ਼ ਹੈ ਤੇ ਅਪਭ੍ਰੰਸ਼ ਸਾਹਿਤ ਵਿਚ ਵੀ ਬਾਰਾਮਾਹ ਦੀ ਸ਼ੁਰੂਆਤ ਹੋ ਗਈ ਸੀ। ਭਾਰਤ ਦੇ ਸਾਹਿਤ ਵਿਚ ਸਭ ਤੋਂ ਪੁਰਾਣਾ ਬਾਰਾਮਾਹ ਤੇਰ੍ਹਵੀਂ ਸਦੀ ਦੀ ਅਪਭ੍ਰੰਸ਼ ਰਚਨਾ 'ਧਰਮ ਸੂਰੀ ਸਤੁਤੀ' ਹੈ ਤੇ ਅੰਤ ਵਿਚ ਇਸ ਦਾ ਨਾਂ 'ਬਾਰਹ ਨਾਵਉ' ਵੀ ਕਿਹਾ ਗਿਆ ਹੈ।"[10] "ਇਸੇ ਸਦੀ ਦੇ ਅੰਤ ਵਿਚ ਵਿਨਯਚੰਦ੍ਰ ਸਰੂੀ ਰਚਿਤ 'ਨੇਮੀਨਾਥ ਚਤੁਸ਼ਪਦਿਕਾ ਨਾਂ ਦੀ ਇਕ ਹੋਰ ਰਚਨਾ ਮਿਲਦੀ ਹੈ।"[11] "ਹਿੰਦੀ ਵਿਚ ਸਭ ਤੋਂ ਪੁਰਾਣਾ ਬਾਰਹਮਾਸਾ ਜਾਇਸੀ ਦੀ ਰਚਨਾ 'ਪਦਮਾਵਤ' ਵਿਚ ਮਿਲਦਾ ਹੈ।"[12] ਪਰ "ਡਾ. ਗਿਆਨ ਚੰਦ ਸ਼ਰਮਾ ਦੇ ਅਨੁਸਾਰ ਪਹਿਲਾ ਸਾਹਿਤਕ ਬਾਰਹਮਾਹਾ ਦਾਊਦ ਨੇ ਲਿਖਿਆ ਜਿਸ ਨੇ ਬਿਰਹੋਂ ਵਿਚ ਦੁੱਖੀ ਨਾਰੀ ਦੇ ਮਨ ਦੀਆਂ ਡੂੰਘਾਈਆਂ ਵਿਚ ਜਾ ਕੇ ਉਸ ਦੇ ਦੁੱਖ ਨੂੰ ਜ਼ਬਾਨ ਦਿੱਤੀ।"[13] "ਅੰਗਰੇਜ਼ੀ ਸਾਹਿਤ ਵਿਚ ਸਪੈਂਸਰ ਰਚਿਤ 'Shepherd 's calander' (1576 ਈ.) ਬਾਰਹਮਾਹਾ ਮਿਲਦਾ ਹੈ ਜਿਸ ਵਿਚ ਪ੍ਰਕਿਰਤੀ ਦੇ ਪਰਿਵਰਤਨ ਅਨੁਸਾਰ ਆਜੜੀ ਦੇ ਮਨੋਭਾਵ ਅੰਕਿਤ ਕੀਤੇ ਗਏ ਹਨ। ਗੁਜਰਾਤੀ ਵਿਚ ਬਾਰਹਮਾਸੇ ਵਧੇਰੇ ਮਿਲਦੇ ਹਨ, ਇਹਨਾਂ ਵਿਚੋਂ ਕਈਆਂ ਨੂੰ 'ਬਾਰਹਮਾਸੀ' ਨਾਮ ਦਿੱਤਾ ਗਿਆ ਹੈ।"[14]

ਇਸ ਗੱਲ ਤੋਂ ਅਸੀਂ ਸਾਰੇ ਹੀ ਜਾਣੂ ਹਾਂ ਕਿ ਪੰਜਾਬੀ ਸਾਹਿਤ ਵਿਚ ਸਭ ਤੋਂ ਪਹਿਲਾ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਰਾਮਾਹ ਤੁਖਾਰੀ ਰਾਗ ਵਿਚ ਮਿਲਦਾ ਹੈ। ਗੁਰੂ ਨਾਨਕ ਦੇਵ ਜੀ ਤੋਂ ਪਹਿਲਾ ਵੀ ਲੋਕ ਸਾਹਿਤ ਵਿਚ ਬਾਰਾਮਾਹ ਮਿਲਦੇ ਸੀ। ਪਰ ਉਹਨਾਂ ਬਾਰਾਮਾਹ ਦਾ ਵਿਸ਼ਾ ਪਤੀ ਪਤਨੀ ਦਾ ਪਿਆਰ ਸੀ। ਗੁਰੂ ਨਾਨਕ ਦੇਵ ਜੀ ਨੇ ਬਾਰਾਮਾਹ ਨੂੰ ਅਧਿਆਤਮਕ ਰੰਗ ਵਿਚ ਪੇਸ਼ ਕੀਤਾ। ਜਿਸ ਵਿਚ ਜੀਵ ਆਤਮਾ ਤੇ ਪਰਮਾਤਮਾ ਦੇ ਪਿਆਰ ਨੂੰ ਬਾਰਾਮਾਹ ਦਾ ਵਿਸ਼ਾ ਬਣਾਇਆ। ਜੀਵ ਆਤਮਾ ਆਪਣੇ ਕਰਮਾਂ ਕਰਕੇ ਪਰਮਾਤਮਾ ਤੋਂ ਦੂਰ ਹੋ ਜਾਂਦੀ ਹੈ। ਫਿਰ ਸਤਿਗੁਰੂ ਦਾ ਸੰਗ ਕਰਕੇ ਪਤੀ ਰੂਪੀ ਪਰਮਾਤਮਾ ਨੂੰ ਪਾ ਲੈਂਦੀ ਹੈ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਮਾਝ ਰਾਗ ਰਾਹੀ ਕਿਰਤ ਕਰਮਾਂ ਨਾਲ ਵਿਛੜੀ ਜ਼ਿੰਦਗੀ ਬਾਰਾਮਾਹ ਲਿਖਿਆ। ਇਹ ਦੋਵੇਂ ਬਾਰਾਮਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

ਇਸ ਤੋਂ ਬਾਅਦ ਵਿਚ ਬਹੁਤ ਸਾਰੇ ਬਾਰਾਮਾਹ ਮਿਲਦੇ ਹਨ। ਸੂਫੀ ਫ਼ਕੀਰਾਂ ਨੇ ਆਪਣੇ ਇਸ਼ਕ ਹਕੀਕੀ ਨੂੰ ਬਿਆਨ ਕਰਨ ਲਈ ਬਾਰਹਮਾਹਾ ਲਿਖੇ। "ਬੁਲ੍ਹੇ ਸ਼ਾਹ ਦਾ ਬਾਰਹਮਾਹਾ ਅੱਸੂ ਤੋਂ ਮਿਲਦਾ ਹੈ, ਜੋ ਫਸਲੀ ਸਾਲ ਨਾਲ

ਆਰੰਭ ਹੁੰਦਾ ਹੈ।"[15] "ਸ਼ਾਹ ਮੁਰਾਦ ਮੁਗਲ ਰਾਜ ਦੇ ਅੰਤ ਸਮੇਂ ਦਾ ਸੂਫ਼ੀ ਫ਼ਕੀਰ ਹੈ, ਜਿਸ ਨੇ ਤੋਬਾ ਨਾਮਾ, ਸੀਹਰਫੀ ਤੇ ਕੁਝ ਕਾਫ਼ੀਆਂ ਲਿਖੀਆਂ। ਇਸ ਬਾਰਹਮਾਹਾ ਦਾ ਛੰਦ ਝੂਲਣਾ, ਬੈਂਤ ਦੇ ਮੁੱਢਲੇ ਵਿਕਾਸ ਤੇ ਰੋਸਨਿ ਪਾਉਂਦਾ ਹੈ।"[16]

ਸਮੇਂ ਦੇ ਨਾਲ ਬਾਰਾਮਾਹ ਦੇ ਵਿਸ਼ੇ ਦਾ ਵਿਕਾਸ ਅਤੇ ਇਸ ਵਿਚ ਤਬਦੀਲੀ ਹੋਈ। ਪੰਜਾਬੀ ਕਿੱਸਾਕਾਰਾਂ ਨੇ ਵੀ ਆਪਣੇ ਕਿੱਸਿਆਂ ਵਿਚ ਨਾਇਕਾ ਦਾ ਵਿਯੋਗ ਵਰਣਨ ਕਰਨ ਲਈ ਬੜੇ ਸੁੰਦਰ ਬਾਰਹਮਾਹ ਅੰਕਿਤ ਕੀਤੇ। "ਪਿਆਰਾ ਸਿੰਘ ਪਦਮ ਨੇ ਆਪਣੀ ਪੁਸਤਕ 'ਪੰਜਾਬੀ ਬਾਰਾਂਮਾਹੇ' ਵਿਚ 100 ਬਾਰਹਮਾਹੇ ਸੰਕਲਿਤ ਕੀਤੇ ਹਨ। ਇਸ ਤੋਂ ਇਲਾਵਾ 212 ਹੋਰ ਬਾਰਹਮਾਹਿਆਂ ਬਾਰੇ ਜਾਣਕਾਰੀ ਦਿੱਤੀ ਹੈ।"[17] ਬੀਰ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਬਾਰੇ ਇਕ ਬੀਰ ਰਸੀ ਬਾਰਹਮਾਹਾ ਲਿਖਿਆਂ ਹੈ। ਇਹਨਾਂ ਤੋਂ ਇਲਾਵਾ ਵੀ ਨਿੱਜੀ ਲਾਇਬ੍ਰੇਰੀਆਂ ਵਿਚ ਬਾਰਹਮਾਹਾ ਮਿਲਦੇ ਹਨ।

## ਬਾਰਾਮਾਹ ਬਾਣੀ ਦਾ ਦਾਰਸ਼ਨਿਕ ਪੱਖ

**ਪਰਮਾਤਮਾ ਦਾ ਸਰੂਪ =** ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਕੇਂਦਰ ਬਿੰਦੂ ਪਰਮਾਤਮਾ ਹੈ। ਜੋ ਸਦਾ ਸਥਿਰ, ਤੇ ਅਡੋਲ ਹੈ। ਪਰਮਾਤਮਾ ਹੀ ਸਾਰੇ ਜਗਤ ਦਾ ਮੂਲ ਤੇ ਪ੍ਰਾਣ ਹੈ। ਪਰਮਾਤਮਾ ਸਰਬ ਵਿਆਪਕ ਤੇ ਸਰਬ ਸ਼ਕਤੀਮਾਨ ਹੈ। ਸਾਰੇ ਹੀ ਜੀਵ-ਜੰਤੂਆਂ ਵਿਚ ਪਰਮਾਤਮਾ ਦਾ ਹੀ ਵਾਸ ਹੈ। ਉਹ ਹੀ ਸਭ ਦਾ ਸੁਆਮੀ ਹੈ। ਮਾਲਕ ਹੈ, ਪਤੀ ਹੈ। ਜੀਵ ਰੂਪੀ ਇਸਤਰੀ ਦੀ ਤੜਪ ਭਟਕਣ ਤਾਂ ਹੀ ਖਤਮ ਹੋ ਸਕਦੀ ਹੈ। ਜਦੋਂ ਉਹ ਸਭ ਕੁੱਝ ਤਿਆਗ ਕੇ ਉਸ ਅਕਾਲ ਪੁਰਖ ਵਿਚ ਸਮਾ ਜਾਵੇਗੀ। ਇਹ ਸਾਰਾ ਸੰਸਾਰ ਕੁਦਰਤ, ਮਨੁੱਖ, ਜੀਵ-ਜੰਤੂ, ਜਲ-ਥਲ ਆਦਿ ਵਿਚ ਪਰਮਾਤਮਾ ਦਾ ਹੀ ਵਾਸ ਹੈ। ਗੁਰੂ ਅਰਜਨ ਦੇਵ ਜੀ ਬਾਣੀ ਵਿਚ ਪਰਮਾਤਮਾ ਦੀ ਮਾਹਨਤਾ ਨੂੰ ਦੱਸਦੇ ਹਨ ਕਿ:-

ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥
ਚਾਰਿ ਕੁੰਟ ਦਹਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥
ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ॥
ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ॥
ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ॥
ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ, ਭਠਿ ਨਗਰ ਸੇ ਗ੍ਰਾਮ॥
ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ॥
ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ॥
ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ॥
ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ॥[18]

ਗੁਰੂ ਅਰਜਨ ਦੇਵ ਜੀ ਬਾਰਾਮਾਹ ਦੀ ਸ਼ੁਰੂਆਤ ਵਿਚ ਹੀ ਪ੍ਰਭੂ ਬਾਰੇ ਦੱਸਦੇ ਹਨ ਕਿ ਹੇ ਪਰਮਾਤਮਾ ਇਹ ਜੀਵ ਆਤਮਾ ਆਪਣੇ ਹੀ ਕੀਤੇ ਬੁਰੇ ਕਰਮਾਂ ਕਰਕੇ ਤੇਰੇ ਤੋਂ ਵਿਛੜ ਗਏ ਹਨ, ਤੈਨੂੰ ਭੁੱਲੀ ਬੈਠੈ ਹਾਂ, ਕਿਰਪਾ ਕਰਕੇ ਸਾਨੂੰ ਆਪਣੇ ਨਾਲ ਮਿਲਾ ਲਓ। ਮੈਂ ਸਾਰੀ ਦੁਨੀਆਂ ਵਿਚ ਭਟਕਦਾ ਰਿਹਾ ਹਾਂ ਤੇ ਹੁਣ ਅਖੀਰ ਥੱਕ ਕੇ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ। ਜਿਵੇਂ ਦੁੱਧ ਤੋਂ ਸੱਖਣੀ ਗਾਂ ਕਿਸੇ ਕੰਮ ਨਹੀਂ ਆਉਂਦੀ, ਖੇਤੀ ਪਾਣੀ ਬਿਨਾਂ ਸੁੱਕ ਜਾਂਦੀ ਹੈ ਅਤੇ ਕਮਾਈ ਨਹੀਂ ਹੁੰਦੀ, ਇਵੇਂ ਹੀ ਪਰਮਾਤਮਾ ਦੇ ਨਾਮ ਬਿਨਾਂ ਸਾਡਾ ਜੀਵਨ ਵਿਅਰਥ

ਚਲਾ ਜਾ ਰਿਹਾ ਹੈ। ਜਦੋਂ ਤੱਕ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੁੰਦੀ ਉਨਾਂ ਚਿਰ ਮਨੁੱਖ ਦੁੱਖਾਂ ਵਿਚ ਅਤੇ ਅਸ਼ਾਂਤ ਹੀ ਰਹੇਗਾ। ਜਿਸ ਹਿਰਦੇ ਵਿਚ ਪਰਮਾਤਮਾ ਰੂਪੀ ਪਤੀ ਨਹੀਂ ਵਸਦਾ, ਉਸ ਲਈ ਹਰ ਪਿੰਡ, ਸ਼ਹਿਰ ਤਪਦੀ ਭੱਠੀ ਵਾਂਗ ਹੁੰਦੇ ਹਨ। ਇਸਤਰੀ ਪਤੀ ਤੋਂ ਬਿਨਾਂ ਸਾਰੇ ਸ਼ਿੰਗਾਰ ਕਰੇ, ਸਭ ਰਸਾਂ ਦਾ ਆਨੰਦ ਮਾਣੇ, ਉਸ ਦੇ ਸਰੀਰ ਸਮੇਤ ਸਭ ਕੁਝ ਵਿਅਰਥ ਹੈ। ਜੋ ਜੀਵ ਰੂਪੀ ਇਸਤਰੀ ਆਪਣੇ ਪਰਮਾਤਮਾ ਰੂਪੀ ਪਤੀ ਤੋਂ ਵਿਛੜ ਜਾਂਦੀਆਂ ਹਨ, ਉਹਨਾਂ ਲਈ ਦੁਨਿਆਵੀ ਸੱਜਣ, ਮਿੱਤਰ ਸਭ ਜਮ ਰੂਪ ਹਨ। ਹੇ ਨਾਨਕ ਬੇਨਤੀ ਕਰਦੇ ਹਾਂ ਕਿ ਕਿਰਪਾ ਕਰਕੇ ਆਪਣੇ ਨਾਮ ਦੀ ਦਾਤ ਬਖਸ਼ੋ। ਆਪਣੇ ਚਰਨਾਂ ਵਿਚ ਜੋੜੀ ਰਖੋ, ਇਕ ਤੇਰਾ ਘਰ ਹੀ ਸਦਾ ਅਟੱਲ ਰਹਿਣ ਵਾਲਾ ਹੈ।

ਚੇਤ ਗੋਵਿੰਦ ਅਰਾਧਿਐ ਹੋਵੈ ਅਨੰਦੁ ਘਣਾ॥
ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥
ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ॥
ਇਕੁ ਪਾਇਆ ਪ੍ਰਭੁ ਜੀਵਣਾ ਬਿਰਥਾ ਜਨਮੁ ਜਣਾ॥
ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥
ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥
ਜਿਨੀ ਰਾਵਿਆ ਸੋ ਪ੍ਰਭੂ, ਤਿੰਨਾ ਭਾਗੁ ਮਣਾ॥
ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥
ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥ [19]

ਗੁਰੂ ਅਰਜਨ ਦੇਵ ਜੀ ਬਾਰਾਮਾਹ ਦੇ ਚੇਤ ਮਹੀਨੇ ਵਿਚ ਬਿਆਨ ਕਰਦੇ ਹਨ ਕਿ ਚੇਤ ਮਹੀਨੇ ਵਿਚ ਹਰ ਪਾਸੇ ਹਰਿਆਲੀ ਹੀ ਹੋ ਜਾਂਦੀ ਹੈ ਤੇ ਮੰਨ ਆਨੰਦ ਦਿੰਦੀ ਹੈ, ਜੇ ਇਸ ਮਹੀਨੇ ਪਰਮਾਤਮਾ ਦਾ ਨਾਮ ਸਿਮਰਨ ਕਰਦੇ ਹਾਂ ਤਾਂ ਬਹੁਤ ਆਨੰਦ ਪ੍ਰਾਪਤ ਹੁੰਦਾ ਹੈ। ਪਰ ਗੁਰੂ ਜੀ ਦੱਸਦੇ ਹਨ ਕਿ ਨਾਮ ਦੀ ਪ੍ਰਾਪਤੀ ਤਾਂ ਹੀ ਹੋ ਸਕਦੀ ਹੈ ਜੇ ਅਸੀਂ ਕਿਸੇ ਸੰਤ ਦੀ ਸ਼ਰਨ ਵਿਚ ਜਾਂਦੇ ਹਾਂ। ਜਿਸ ਮਨੁੱਖ ਨੇ ਪਰਮਾਤਮਾ ਦੀ ਪ੍ਰਾਪਤੀ ਕਰ ਲਈ ਹੈ। ਉਸ ਨੂੰ ਹੀ ਸੰਸਾਰ ਵਿਚ ਆਇਆ ਗਿਣਿਆ ਜਾਂਦਾ ਹੈ। ਭਾਵ ਉਸ ਮਨੁੱਖ ਦਾ ਹੀ ਜੀਵਨ ਸਫਲ ਹੁੰਦਾ ਹੈ ਜੋ ਪਰਮਾਤਮਾ ਨੂੰ ਪ੍ਰਾਪਤ ਕਰ ਲੈਂਦਾ ਹੈ। ਉਸ ਪਰਮਾਤਮਾ ਦੇ ਨਾਮ ਤੋਂ ਬਿਨਾਂ ਜੇ ਇਕ ਪਲ ਵੀ ਬੀਤ ਜਾਵੇ ਤਾਂ ਜੀਵਨ ਹੀ ਵਿਆਥ ਹੈ। ਉਹ ਪਰਮਾਤਮਾ ਪਾਣੀ, ਧਰਤੀ, ਆਕਾਸ਼ ਤੇ ਜੰਗਲਾਂ ਵਿਚ, ਹਰ ਥਾਂ ਵਿਆਪਕ ਹੈ। ਜੇ ਮਨੁੱਖ ਦੇ ਹਿਰਦੇ ਵਿਚ ਇਸ ਤਰ੍ਹਾਂ ਪ੍ਰਭੂ ਨਹੀਂ ਵੱਸਦਾ ਤਾਂ ਉਸ ਦਾ ਦੁੱਖ ਬਿਆਨ ਨਹੀਂ ਕੀਤਾ ਜਾ ਸਕਦਾ। ਜਿਨ੍ਹਾਂ ਮਨੁੱਖਾਂ ਨੇ ਉਸ ਪਰਮਾਤਮਾ ਨੂੰ ਆਪਣੇ ਹਿਰਦੇ ਵਿਚ ਵਸਾ ਲਿਆ ਹੈ ਉਹ ਬੜੇ ਭਾਗਾਂ ਵਾਲੇ ਹਨ। ਨਾਨਕ ਦੇ ਮਨ ਵਿਚ ਪ੍ਰਭੂ ਦਰਸ਼ਨ ਦੀ ਬੜੀ ਤਾਂਘ ਹੈ, ਨਾਨਕ ਦੇ ਮਨ ਵਿਚ ਹਰੀ ਦਰਸ਼ਨ ਦੀ ਪਿਆਸ ਹੈ। ਜੋ ਮੈਨੂੰ ਪ੍ਰਭੂ ਨਾਲ ਮਿਲਾ ਦੇਵੇ ਮੈਂ ਉਸ ਦੇ ਚਰਨੀ ਲੱਗਾ। ਇਸ ਪ੍ਰਕਾਰ ਗੁਰੂ ਜੀ ਬਾਰਾਮਾਹ ਵਿਚ ਪਰਮਾਤਮਾ ਦੀ ਮਿਹਮਾ ਬਾਰੇ ਦੱਸਦੇ ਹਨ ਕਿ ਪਰਮਾਤਮਾ ਹੀ ਹੈ ਜੋ ਸਾਰੀ ਸ੍ਰਿਸਟੀ ਦਾ ਰਚਨਹਾਰ ਹੈ। ਪਰਮਾਤਮਾ ਦੇ ਨਾਮ ਤੋਂ ਬਿਨਾਂ ਜੀਵਨ ਵਿਆਰਥ ਹੈ।

**ਜੀਵ ਦਾ ਸਰੂਪ:** ਇਹ ਜੀਵ ਆਤਮਾ ਸੰਸਾਰ ਤੇ ਆ ਕੇ ਪਰਮਾਤਮਾ ਨੂੰ ਭੁੱਲ ਗਈ ਹੈ। ਇਸ ਨੇ ਉਸ ਪਰਮਾਤਮਾ ਨੂੰ ਵਿਸਾਰ ਦਿੱਤਾ ਹੈ। ਪਰਮਾਤਮਾ ਦੀ ਸਿਰਜੀ ਇਸ ਸ੍ਰਿਸਟੀ ਵਿਚ ਆ ਕੇ ਮੋਹ-ਮਾਇਆ ਵਿਚ ਪੇ ਗਈ ਹੈ। ਸੁੱਖ ਦੀ ਭਾਲ ਵਿਚ ਦਿਨ-ਰਾਤ ਭਟਕ ਰਹੀ ਹੈ। ਪਦਾਰਥਕ ਵਸਤੂਆਂ, ਦੁਨਿਆਵੀ ਸੁਖ ਇਹ ਸਭ

ਵਿਆਰਥ ਹਨ। ਜਦੋਂ ਉਸ ਜੀਵ ਆਤਮਾ ਨੂੰ ਜੀਵਨ ਦੀ ਅਸਲ ਸਚਾਈ ਦਾ ਗਿਆਨ ਹੋ ਜਾਂਦਾ ਹੈ ਤਾਂ ਇਹ ਆਪਣੀ ਸੁਰਤਿ ਪ੍ਰਭੂ ਚਰਨਾ ਵਲ ਲਗਾਉਣ ਲਈ ਯਤਨਸ਼ੀਲ ਹੁੰਦੀ ਹੈ। ਪਰਮਾਤਮਾ ਲਈ ਤੜਪਦੀ ਹੈ। ਅੰਤ ਵਿਚ ਨਾਮ-ਸਿਮਰਨ ਕਰਕੇ ਪਰਮਾਤਮਾ ਵਿਚ ਸਮਾ ਜਾਂਦੀ ਹੈ। ਇਹ ਹੀ ਜੀਵਨ ਦਾ ਅਸਲ ਉਦੇਸ਼ ਹੈ। ਗੁਰੂ ਜੀ ਬਾਰਾਮਾਹ ਵਿਚ ਜੀਵ ਆਤਮਾ ਦੀ ਦਸ਼ਾ ਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ:-

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥

ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥

ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥

ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥

ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵੁਰ ਨ ਕਇ॥

ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ॥

ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ॥

ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ॥ [20]

ਗੁਰੂ ਜੀ ਵੈਸਾਖ ਮਹੀਨੇ ਵਿਚ ਜੀਵ ਆਤਮਾ ਬਾਰੇ ਦੱਸਦੇ ਹਨ ਕਿ ਵੈਸਾਖ ਵਿਚ ਉਹ ਜੀਵ ਇਸਤਰੀਆਂ ਕਿਵੇਂ ਧੀਰਜ ਕਰਨ ਜੋ ਆਪਣੇ ਪਤੀ ਨਾਲੋਂ ਵਿਛੜੀਆਂ ਹੋਈਆਂ ਹਨ ਤੇ ਜਿਨ੍ਹਾਂ ਦੇ ਅੰਦਰ ਪਿਆਰ ਦੀ ਅਣਹੋਂਦ ਹੈ। ਇਸ ਤਰ੍ਹਾਂ ਉਸ ਜੀਵ ਨੂੰ ਧੀਰਜ ਕਿਵੇਂ ਆ ਸਕਦੀ ਹੈ ਜੋ ਜੀਵ ਪਰਮਾਤਮਾ ਨੂੰ ਛੱਡ ਕੇ ਮੋਹ ਮਾਇਆ ਵਿਚ ਫਸਿਆ ਹੋਵੇ। ਨਾ ਪੁੱਤਰ, ਨਾ ਇਸਤਰੀ ਤੇ ਨਾ ਧਨ ਦੌਲਤ ਕੋਈ ਵੀ ਮਨੁੱਖ ਦੇ ਨਾਲ ਨਹੀਂ ਨਿਭਦਾ। ਕੇਵਲ ਅਬਿਨਾਸ਼ੀ ਪਰਮਾਤਮਾ ਹੀ ਅਸਲੀ ਸਾਥੀ ਹੈ। ਦੁਨਿਆਵੀ ਲੋਕ ਝੂਠੇ ਸੰਸਾਰਿਕ ਧੰਦਿਆਂ ਵਿਚ ਉਲਝ ਕੇ ਆਪਣਾ ਜੀਵਨ ਨਸ਼ਟ ਕਰ ਰਹੇ ਹਨ, ਕਿਉਂਕਿ ਪਰਲੋਕ ਵਿਚ ਉਸ ਪਰਮਾਤਮਾ ਦੇ ਨਾਮ ਬਿਨਾਂ ਹੋਰ ਜਿੰਨੇ ਵੀ ਕਰਮ ਕੀਤੇ ਜਾਂਦੇ ਹਨ, ਉਹ ਸਾਰੇ ਇਥੇ ਹੀ ਰਹਿ ਜਾਂਦੇ ਹਨ। ਨਾਲ ਕੋਈ ਵੀ ਕਰਮ ਧਰਮ ਨਹੀਂ ਨਿਭੇਗਾ। ਪਰਮਾਤਮਾ ਤੋਂ ਬਿਨਾਂ ਹੋਰ ਕੋਈ ਵੀ ਸਹਾਈ ਨਹੀਂ ਹੁੰਦਾ ਤੇ ਉਸ ਨੂੰ ਵਿਸਾਰਨਾ ਨਹੀਂ ਚਾਹੀਦਾ। ਜੋ ਜੀਵ ਆਤਮਾ ਪਰਮਾਤਮਾ ਦੇ ਚਰਨ ਕਮਲਾਂ ਨਾਲ ਜੁੜੇ ਜਾਂਦੇ ਹਨ, ਉਹਨਾਂ ਦੀ ਸੋਭਾ ਨਿਰਮਲ ਹੈ। ਨਾਨਕ ਜੀ ਬੇਨਤੀ ਕਰਦੇ ਹਨ ਕਿ ਹੇ ਪਰਮਾਤਮਾ ਆਪਣਾ ਮਿਲਾਪ ਬਖ਼ਸ਼। ਗੁਰੂ ਜੀ ਦੱਸਦੇ ਹਨ ਕਿ ਜੇ ਜੀਵ ਆਤਮਾ ਨੂੰ ਹਰੀ ਸੰਤ ਦੀ ਪ੍ਰਾਪਤੀ ਹੋਵੇਗੀ ਫਿਰ ਜੀ ਜੀਵ ਆਤਮਾ ਦਾ ਜੀਵਨ ਸਫਲ ਹੈ। ਪਰ ਜੀਵ ਆਤਮਾ ਸੰਸਾਰ ਵਿਚ ਆ ਕੇ ਮੋਹ-ਮਾਇਆ ਵਿਚ ਫਸ ਕੇ ਪਰਮਾਤਮਾ ਨਾਲੋ ਟੁੱਟ ਗਈ ਹੈ।

**ਜਗਤ ਦਾ ਸਰੂਪ:** ਇਹ ਸੰਸਾਰ ਨਾਸ਼ਵਾਨ ਤੇ ਅਸਥਿਰ ਹੈ। ਸੰਸਾਰ ਦੀ ਹਰ ਇਕ ਪਦਾਰਥਕ ਵਸਤੂ ਨਾਸ਼ਵਾਨ ਹੈ। ਪਰਮਾਤਮਾ ਦਾ ਨਾਮ ਹੀ ਸੱਚਾ ਹੈ, ਜੋ ਮਨੁੱਖ ਦੇ ਲੋਕ ਅਤੇ ਪਰਲੋਕ ਵਿਚ ਸਹਾਈ ਸਿੱਧ ਹੁੰਦਾ ਹੈ। ਪਰ ਇਸ ਸੰਸਾਰ ਵਿਚ ਆ ਕੇ ਮਨੁੱਖ ਸੰਸਾਰ ਦੀ ਮੋਹ-ਮਾਇਆ ਵਿਚ ਫਸ ਕੇ ਪਰਮਾਤਮਾ ਨੂੰ ਭੁੱਲ ਜਾਂਦਾ ਹੈ। ਸੰਸਾਰ ਕਾਮ, ਕਰੋਧ, ਮੋਹ, ਲੋਭ ਅਤੇ ਅਹੰਕਾਰ ਦੇ ਵੱਸ ਪੈ ਕੇ ਹਰ ਰੋਜ਼ ਬੁਰੇ ਕਰਮ ਕਰਦਾ ਹੈ। ਪਰਮਾਤਮਾ ਦੁਆਰਾ ਸ੍ਰਿਸ਼ਟੀ ਦੀ ਰਚਨਾ ਹੋਈ ਹੈ। ਕਣ-ਕਣ ਵਿਚ ਪਰਮਾਤਮਾ ਦਾ ਵਾਸ ਹੈ। ਪਰਮਾਤਮਾ ਦਾ ਨਾਮ-ਸਿਮਰਨ ਹੀ ਜੀਵਨ ਦਾ ਉਦੇਸ਼ ਹੈ। ਜਦੋਂ ਜੀਵ ਆਤਮਾ ਨੂੰ ਨਾਮ-ਸਿਮਰਨ ਦੀ ਮਹਾਨਤਾ ਦਾ ਪਤਾ ਲਗਦਾ ਹੈ ਤਾਂ ਉਹ ਇਸ ਸੰਸਾਰ ਦੀਆਂ ਨਾਸ਼ਵਾਨ ਵਸਤੂਆਂ ਤੋਂ ਪਿੱਛੇ ਹਟ ਕੇ ਉਸ ਪਰਮ ਪੁਰਖ ਦੀ ਸਾਧਨਾ ਕਰਦੀ ਹੈ ਤੇ ਆਪਣੇ ਜੀਵਨ ਨੂੰ ਸਫਲ ਬਣਾਉਂਦੀ ਹੈ। ਗੁਰੂ ਜੀ ਬਾਰਾਮਾਹ ਵਿਚ ਸੰਸਾਰ ਦੀ ਸਥਿਤੀ ਨੂੰ ਇਸ ਤਰ੍ਹਾਂ ਪੇਸ਼ ਕਰਦੇ ਹਨ:-

ਭਾਦੁਇ ਭਰਮਿ ਭੁਲਾਣੀਆ ਦੂਜੇ ਲਗਾ ਹੇਤੁ॥[21]

ਗੁਰੂ ਜੀ ਦੱਸਦੇ ਹਨ ਕਿ ਜੀਵ ਆਤਮਾ ਸੰਸਾਰ ਵਿਚ ਆ ਕੇ ਭਰਮ ਭੁਲੇਖਿਆਂ ਵਿਚ ਪੈ ਕੇ ਪਰਮਾਤਮਾ ਤੋਂ ਦੂਰ ਹੋ ਕੇ ਹੋਰ ਚੀਜ਼ਾਂ ਮੋਹ-ਮਾਇਆ ਨੂੰ ਪਿਆਰ ਕਰਨ ਲਗ ਜਾਂਦੀ ਹੈ। ਗੁਰੂ ਜੀ ਅੱਗੇ ਬਿਆਨ ਕਰਦੇ ਹਨ ਕਿ:-

ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ॥

ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤ॥[22]

ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥[23]

**ਮੁਕਤੀ ਦਾ ਸਰੂਪ:** ਗੁਰੂ ਅਰਜਨ ਦੇਵ ਜੀ ਅਨੁਸਾਰ ਮੁਕਤੀ ਉਸ ਪ੍ਰਭੂ ਵਿਚ ਸਮਾ ਜਾਣ ਵਿਚ ਹੈ ਭਾਵ ਕਿ ਜੀਵ ਆਤਮਾ ਜਦੋਂ ਸਿਮਰਨ ਭਜਨ ਕਰਕੇ ਉਸ ਪ੍ਰਭੂ ਨੂੰ ਮਿਲ ਪੈਂਦੀ ਹੈ ਤਾਂ ਉਹ ਇਸ ਨੂੰ ਆਪਣੇ ਆਪ ਵਿਚ ਸਮਾ ਲੈਂਦਾ ਹੈ। ਇਹ ਉਸ ਦਾ ਹੀ ਰੂਪ ਹੋ ਜਾਂਦੀ ਹੈ। ਸਤਿਗੁਰੂ ਦੁਆਰਾ ਹੀ ਪਰਮਾਤਮਾ ਨਾਲ ਮਿਲਾਪ ਹੋ ਸਕਦਾ ਹੈ। ਸਤਿਗੁਰੂ ਮਨੁੱਖ ਦਾ ਮਾਰਗ ਦਰਸ਼ਨ ਕਰਦਾ ਹੈ ਅਤੇ ਨਾਮ-ਸਿਮਰਨ ਦੁਆਰਾ ਪ੍ਰਭੂ ਨਾਲ ਮਿਲਾ ਦਿੰਦਾ ਹੈ। ਫਿਰ ਸਭ ਪ੍ਰਕਾਰ ਦੇ ਕਰਮ ਕਾਡਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ। ਮਨੁੱਖ ਜੀਵਨ ਮੁਕਤ ਅਵਸਥਾ ਵਿਚ ਇਸ ਸੰਸਾਰ ਵਿਚ ਰਹਿੰਦਾ ਹੈ ਅਤੇ ਦੁਨਿਆਵੀ ਕੰਮਕਾਰ ਵੀ ਕਰਦਾ ਹੈ। ਜੀਣ ਮਰਨ ਦੇ ਚੱਕਰ ਤੋਂ ਛੁਟਕਾਰਾ ਪਾ ਕੇ ਆਖਰ ਪ੍ਰਭੂ ਵਿਚ ਸਮਾ ਜਾਂਦਾ ਹੈ। ਗੁਰੂ ਜੀ ਬਿਆਨ ਕਰਦੇ ਹਨ:-

ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ॥

ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ॥

ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ॥

ਪ੍ਰੇਮ ਭਗਤਿ ਤਿਨ ਪਾਇਆ ਬਿਖਿਆ ਨਹਿ ਜਰੇ॥

ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ॥

ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ॥

ਮਾਹ ਦਿਵਸ ਮੂਰਤ ਭਲੇ ਜਿਨ ਕਉ ਨਦਰਿ ਕਰੇ॥

ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥[24]

ਜੋ ਵਿਅਕਤੀ ਪਰਮਾਤਮਾ ਦਾ ਨਾਮ-ਸਿਮਰਨ ਕਰਦਾ ਹੈ, ਉਸ ਦੇ ਸਾਰੇ ਕਾਰਜ ਸਫ਼ਲ ਹੋ ਜਾਂਦੇ ਹਨ। ਜਿਸ ਨੇ ਪੂਰੇ ਗੁਰੂ ਨੂੰ ਅਰਾਧਿਆ ਹੈ, ਉਹ ਪਰਮਾਤਮਾ ਦੀ ਦਰਗਾਹ ਵਿਚ ਸਫ਼ਲ ਹੋ ਜਾਂਦੇ ਹਨ। ਗੁਰੂ ਜੀ ਦੱਸਦੇ ਹਨ ਕਿ ਸਾਰੇ ਸੁੱਖਾਂ ਦਾ ਖ਼ਜ਼ਾਨਾ ਪ੍ਰਭੂ ਦੇ ਚਰਨਾਂ ਵਿਚ ਹੀ ਹੈ। ਜੋ ਪਰਮਾਤਮਾ ਦੇ ਚਰਨਾਂ ਨਾਲ ਜੁੜ ਜਾਂਦਾ ਹੈ। ਉਹ ਸੰਸਾਰ ਰੂਪੀ ਸਮੁੰਦਰ ਵਿਚੋਂ ਪਾਰ ਹੋ ਜਾਂਦੇ ਹਨ। ਉਹਨਾਂ ਨੂੰ ਪ੍ਰਭੂ ਦਾ ਪਿਆਰ, ਪ੍ਰਭੂ ਦੀ ਭਗਤੀ ਪ੍ਰਾਪਤ ਹੁੰਦੀ ਹੈ, ਉਹ ਮੋਹ-ਮਾਇਆ ਤੋਂ ਬਚ ਜਾਂਦੇ ਹਨ। ਉਹਨਾਂ ਜੀਵ ਆਤਮਾ ਅੰਦਰ ਸਾਰੇ ਹੀ ਬੁਰੇ ਵਿਕਾਰ ਖਤਮ ਹੋ ਜਾਂਦੇ ਹਨ ਤੇ ਉਹਨਾਂ ਨੂੰ ਮੋਕਸ਼ ਦੀ ਪ੍ਰਾਪਤੀ ਹੋ ਜਾਂਦੀ ਹੈ। ਮੋਕਸ਼ ਦੀ ਪ੍ਰਾਪਤੀ ਹੀ ਜੀਵਨ ਦਾ ਅਸਲ ਉਦੇਸ਼ ਹੈ।

## ਹਵਾਲੇ ਟਿੱਪਣੀਆਂ

1. ਡਾ. ਗੁਰੁਮੁਖ ਸਿੰਘ, ਬਾਰਹਮਾਹਾ ਮਾਝ ਤੇ ਤੁਖਾਰੀ, ਪੰਨਾ 10
2. ਗੁਰਮੁਖ ਸਿੰਘ, ਬਾਰਹਮਾਹ ਦਰਸ਼ਨ, ਪੰਨਾ 12
3. ਪ੍ਰੋ: ਬ੍ਰਹਮਜਗਦੀਸ਼ ਸਿੰਘ, ਗੁਰੂ ਗ੍ਰੰਥ ਸੰਕਲਪ ਕੋਸ਼, ਪੰਨਾ 341
4. ਹਿੰਦੀ ਵਿਸ਼ਾਲ ਸ਼ਬਦ ਸਾਗਰ, ਪੰਨਾ 2442
5. ਪੰਜਾਬ ਦੇ ਹੀਰੇ, ਪੰਨਾ 34
6. ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 60
7. ਡਾ. ਰਤਨ ਸਿੰਘ ਜੱਗੀ, ਸਾਹਿੱਤ ਕੋਸ਼, ਪੰਨਾ 609
8. ਰਜਵੰਤ ਕੌਰ ਮਠਾੜੂ, ਬਾਰਹਮਾਹਾ ਮਾਝ, ਪੰਨਾ 17
9. ਪਿਆਰਾ ਸਿੰਘ ਪਦਮ, ਪੰਜਾਬੀ ਬਾਰਾਮਾਹੇ, ਪੰਨਾ 35
10. ਉਹੀ, ਪੰਨਾ 35
11. ਉਹੀ, ਪੰਨਾ 37
12. ਡਾ. ਰਵੀਂਦ੍ਰ ਭ੍ਰਮਹ, ਹਿੰਦੀ ਭਕਤਿ ਸਾਹਿਤਯ ਮੇਂ ਲੋਕ ਤਤ੍ਵ, ਪੰਨਾ 149
13. ਪਿਆਰਾ ਸਿੰਘ ਪਦਮ, ਪੰਜਾਬੀ ਬਾਰਾਂਮਾਹੇ, ਪੰਨਾ 38
14. ਚੰਦਾਯਨ, ਰਚਨਾ ਤਥਾ ਸ਼ਿਲਪ, ਪੰਨਾ 160
15. ਰਜਵੰਤ ਕੌਰ ਮਠਾੜੂ, ਬਾਰਹਮਾਹਾ ਮਾਝ, ਪੰਨਾ 21
16. ਪਿਆਰਾ ਸਿੰਘ ਪਦਮ, ਪੰਜਾਬੀ ਬਾਰਾਮਾਹੇ, ਪੰਨਾ 48
17. ਉਹੀ, ਪੰਨਾ 48
18. ਰਜਵੰਤ ਕੌਰ ਮਠਾੜੂ, ਬਾਰਹਮਾਹਾ ਮਾਝ, ਪੰਨਾ 23
19. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 133
20. ਉਹੀ, ਪੰਨਾ 133
21. ਉਹੀ, ਪੰਨਾ 133
22. ਉਹੀ, ਪੰਨਾ134
23. ਉਹੀ, ਪੰਨਾ 134
24. ਉਹੀ, ਪੰਨਾ 133

# ਅਧਿਆਇ ਪੰਜਵਾਂ

## ਬਾਰਾਮਾਹ ਬਾਣੀ ਦਾ ਸਮਾਜ-ਸਭਿਆਚਾਰਕ ਅਧਿਐਨ

**ਇਸਤਰੀ ਪਰਿਪੇਖ :** ਬਾਰਾਮਾਹ ਮਾਝ ਵਿਚ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਨਾਲੋਂ ਵਿਛੜੀ ਜੀਵ ਇਸਤਰੀ ਨੂੰ ਮੁੜ ਪਰਮਾਤਮਾ ਨਾਲ ਮਿਲਣ ਲਈ ਸਤਿਗੁਰੂ ਤੋਂ ਨਾਮ-ਸਿਮਰਨ ਪ੍ਰਾਪਤ ਕਰਕੇ ਸਾਧਨਾ ਕਰਨ ਦਾ ਉਪਦੇਸ਼ ਦਿੱਤਾ ਹੈ। ਬਾਰਾਮਾਹ ਵਿਚ ਇਕ ਜੀਵ ਇਸਤਰੀ ਦਾ ਪਰਮਾਤਮਾ ਨਾਲੋਂ ਦੂਰ ਹੋਣ ਦਾ ਕਾਰਨ ਦੱਸਿਆ ਹੈ ਅਤੇ ਪਰਮਾਤਮਾ ਨੂੰ ਮਿਲਣ ਲਈ ਜੀਵ ਇਸਤਰੀ ਦਾ ਮਾਰਗ ਦਰਸ਼ਨ ਕੀਤਾ ਹੈ। ਇਸ ਤੋਂ ਇਹ ਪਤਾ ਲਗਦਾ ਹੈ ਕਿ ਗੁਰੂ ਜੀ ਨੇ ਬਾਰਾਮਾਹ ਵਿਚ ਇਸਤਰੀ ਨੂੰ ਆਧਾਰ ਬਣਾ ਕੇ ਦਾਰਸ਼ਨਿਕ ਪੱਖ ਅਤੇ ਸਮਾਜਕ ਪੱਖ ਦੋਵੇ ਹੀ ਪੇਸ਼ ਕੀਤੇ ਹਨ। ਗੁਰੂ ਅਰਜਨ ਦੇਵ ਜੀ ਦੀ ਰਚਨਾ ਵਿਚ ਜੀਵ ਇਸਤਰੀ ਦੀ ਮਨੋ ਸਥਿਤੀ ਨੂੰ ਦਾਰਸ਼ਨਿਕ ਅਤੇ ਸਮਾਜਕ ਪੱਖ ਦੋਵਾ ਦਾ ਚਿਤਰਨ ਕੀਤਾ ਗਿਆ ਹੈ। ਗੁਰੂ ਜੀ ਬਾਰਾਮਾਹ ਵਿਚ ਦਾਰਸ਼ਨਿਕ ਪੱਖ ਨੂੰ ਪੇਸ਼ ਕਰਦੇ ਹੋਏ ਸਮਾਜ ਵਿਚ ਇਸਤਰੀ ਦੀ ਸਥਿਤੀ ਨੂੰ ਵੀ ਬਿਆਨ ਕਰਦੇ ਹੋਏ ਆਪਣੇ ਵਿਚਾਰ ਪੇਸ਼ ਕੀਤੇ ਹਨ।

ਜੇ ਅਸੀਂ ਸਮਾਜ ਨੂੰ ਦ੍ਰਿਸ਼ਟੀਗੋਚਰ ਕਰੀਏ ਤਾਂ ਅੱਜ ਸਮਾਜ ਅੰਦਰ ਅਨੇਕਾਂ ਹੀ ਬੁਰਾਈਆਂ ਨੇ ਜਨਮ ਲਿਆ ਹੈ। ਅੱਜ ਸਮਾਜ ਨੇ ਹਰ ਪੱਖ ਤੋਂ ਤਰੱਕੀ ਕੀਤੀ ਹੈ। ਪਰ ਸਮਾਜ ਵਿਚ ਅੱਜ ਵੀ ਇਸਤਰੀ ਦੀ ਸਥਿਤੀ ਬਦਲੀ ਨਹੀਂ ਹੈ। ਅਸੀਂ ਦੇਖਦੇ ਹਾਂ ਕਿ ਸਮਾਜ ਵਿਚ ਇਸਤਰੀ ਪੁਰਸ਼ ਤੇ ਹੀ ਨਿਰਭਰ ਹੈ। ਪੁਰਸ਼ ਚਾਹੇ ਇਸਤਰੀ ਦਾ ਪਤੀ, ਪਿਤਾ ਜਾ ਭਰਾ ਹੋਵੇ, ਇਸਤਰੀ ਨੂੰ ਪੁਰਸ਼ ਤੇ ਹੀ ਨਿਰਭਰ ਹੁਣਾ ਪੈਂਦਾ ਹੈ। ਸਮਾਜ ਵਿਚ ਇਸਤਰੀ ਜੇ ਬੁਰੇ ਕਰਮ ਕਰਦੀ ਹੈ ਤਾਂ ਉਹ ਆਪਣੇ ਪਤੀ ਤੋਂ ਦੂਰ ਹੋ ਜਾਂਦੀ ਹੈ। ਜੇ ਉਹ ਆਪਣੇ ਪਤੀ ਦੇ ਨੇੜੇ ਵੀ ਰਹਿੰਦੀ ਹੈ ਤਾਂ ਵੀ ਉਸ ਨੂੰ ਚੰਗਾ ਨਹੀਂ ਸਮਝਿਆ ਜਾਂਦਾ। ਉਹ ਆਪਣੇ ਪਤੀ ਨਾਲ ਘਰ ਵਿਚ ਰਹਿਣ ਦੇ ਸੁੱਖ ਤੋਂ ਹਮੇਸ਼ਾ ਲਈ ਦੂਰ ਹੋ ਜਾਂਦੀ ਹੈ। ਗੁਰੂ ਜੀ ਬਾਰਾਮਾਹ ਮਾਝ ਦੇ ਆਰੰਭ ਵਿਚ ਵਿਛੋੜੇ ਦੀ ਸਥਿਤੀ ਦਾ ਵਰਣਨ ਕਰਦੇ ਹਨ।

ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥
ਚਾਰਿ ਕੁੰਟ ਦਹਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥[1]

ਅਰਥਾਤ ਕਿ ਇਕ ਜੀਵ ਇਸਤਰੀ ਆਪਣੇ ਬੁਰੇ ਕਰਮਾ ਕਰਕੇ ਪਰਮਾਤਮਾ ਤੋਂ ਹੋ ਗਈ ਹੈ। ਗੁਰੂ ਜੀ ਆਪਣੀ ਬਾਣੀ ਰਾਹੀ ਇਹ ਸਮਝਾਉਣ ਦਾ ਯਤਨ ਕਰਦੇ ਹਨ ਕਿ ਸਮਾਜ ਵਿਚ ਰਹਿੰਦੀ ਇਸਤਰੀ ਬੁਰੇ ਕਰਮਾ ਤੋਂ ਦੂਰ ਰਹੇ। ਇਸ ਵਿਚ ਹੀ ਇਸਤਰੀ ਦੀ ਭਲਾਈ ਹੈ। ਇਕ ਜੀਵ ਇਸਤਰੀ ਪਰਮਾਤਮਾ ਤੋਂ ਬਿਨਾਂ ਕੁੱਝ ਵੀ ਨਹੀਂ ਹੈ। ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਵਿਚ ਜੀਵ ਇਸਤਰੀ ਦੀ ਸਥਿਤੀ ਨੂੰ ਬਿਆਨ ਕਰਦੇ ਹਨ:-

ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ॥
ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ॥[2]

"ਗੁਰੂ ਅਰਜਨ ਦੇਵ ਜੀ ਨੇ ਆਤਮਾ ਦੇ ਪ੍ਰਭੂ ਤੋਂ ਵਿਛੋੜੇ ਦੇ ਹੋਰ ਕਾਰਨ ਇਸ ਪ੍ਰਕਾਰ ਦਸੇ ਹਨ।"[3] :-

ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹ॥
ਦੁਯੈ ਭਾਇ ਵਿਗੁਚੀਐ ਗਲਿ ਪਈ ਸੁ ਜਮ ਕੀ ਫਾਸ॥

ਭਾਦੁਇ ਭਰਮਿ ਭੁਲਾਣੀਆ ਦੂਜੇ ਲਗਾ ਹੇਤੁ॥
ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥
ਪਰਮੇਸਰ ਤੇ ਭੁਲਿਆ ਵਿਆਪਨਿ ਸਭੇ ਰੋਗ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਯੋਗ॥

ਗੁਰੂ ਜੀ ਆਪਣੀ ਬਾਣੀ ਵਿਚ ਦੱਸਦੇ ਹਨ ਕਿ ਪਰਮਾਤਮਾ ਦੇ ਮਿਲਾਪ ਬਿਨਾਂ ਜੀਵ ਇਸਤਰੀ ਥਾਂ-ਥਾਂ ਭਟਕਦੀ ਹੈ। ਇਸੇ ਤਰਾਂ ਹੀ ਸਮਾਜ ਵਿਚ ਪਤੀ ਤੋਂ ਬਿਨਾਂ ਇਸਤਰੀ ਭਟਕਦੀ ਰਹਿੰਦੀ ਹੈ। ਅਸੀਂ ਦੇਖਦੇ ਹਾਂ ਕਿ ਸਮਾਜ ਦੇ ਰੀਤੀ-ਰਿਵਾਜ ਅਨੁਸਾਰ ਇਸਤਰੀ ਨੂੰ ਆਪਣੇ ਮਾਪਿਆਂ ਦੇ ਘਰ ਨੂੰ ਛੱਡ ਕੇ ਸੁਹਰੇ ਘਰ ਜਾਣਾ ਪੈਂਦਾ ਹੈ। ਸਮਾਜ ਅੰਦਰ ਇਸਤਰੀ ਦਾ ਅਸਲੀ ਘਰ ਸੁਹਰਾ ਘਰ ਹੁੰਦਾ ਹੈ। ਇਸਤਰੀ ਆਪਣੇ ਪਤੀ ਤੋਂ ਬਿਨਾਂ ਕੁੱਝ ਵੀ ਨਹੀਂ ਹੈ। ਗੁਰੂ ਜੀ ਬਾਰਾਮਾਹ ਮਾਝ ਵਿਚ ਇਹ ਦੱਸਦੇ ਹਨ ਕਿ ਜੀਵ ਇਸਤਰੀ ਦਾ ਮਾਪਿਆ ਵਾਲਾ ਘਰ ਸੰਸਾਰ ਹੈ ਅਤੇ ਇਸ ਦਾ ਅਸਲੀ ਘਰ ਪਰਮਾਤਮਾ ਦਾ ਘਰ ਹੈ। ਪਰ ਪਰਮਾਤਮਾ ਦੇ ਘਰ ਦੀ ਪ੍ਰਾਪਤੀ ਸਤਿਗੁਰੂ, ਸਾਧ ਸੰਗਤ ਦੁਆਰਾ ਹੀ ਹੋ ਸਕਦੀ ਹੈ। ਗੁਰੂ ਅਰਜਨ ਦੇਵ ਜੀ ਬਾਰਾਮਾਹ ਮਾਝ ਵਿਚ ਜੀਵ ਇਸਤਰੀ ਦੇ ਅਸਲੀ ਘਰ ਦੀ ਪ੍ਰਾਪਤੀ ਲਈ ਇਹਨਾਂ ਤੁਕਾਂ ਦੁਆਰਾ ਵਰਣਨ ਕੀਤਾ ਹੈ:-

1. ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥
ਜਨਮ ਕਰਮ ਮੁਲ ਉਤਰੈ ਮਨ ਤੇ ਜਾਇ ਗੁਮਾਨ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲ਼ੋਭੁ ਸੁਆਨੁ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥[4]

2. ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥[5]

3. ਕਤਿਕ ਹੋਵੈ ਸਾਧੂ ਸੰਗੁ ਬਿਨਸਹਿ ਸਭੇ ਸੋਚ॥[6]

4. ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ॥[7]

5. ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ॥[8]

6. ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ॥[9]

ਜਿਵੇਂ ਸਮਾਜ ਵਿਚ ਇਕ ਇਸਤਰੀ ਆਪਣੇ ਪਤੀ ਦੇ ਸਾਥ ਨਾਲ ਹੀ ਸਾਰੇ ਸੁੱਖਾ ਨੂੰ ਪ੍ਰਾਪਤ ਕਰ ਸਕਦੀ ਹੈ ਅਤੇ ਆਪਣੇ ਪਤੀ ਨਾਲ ਹੀ ਉਸ ਨੂੰ ਮਾਣ ਪ੍ਰਾਪਤ ਹੁੰਦਾ ਹੈ। ਪਤੀ ਤੋਂ ਬਿਨਾਂ ਉਸ ਨੂੰ ਕੋਈ ਵੀ ਪੁੱਛਦਾ ਨਹੀਂ ਹੈ। ਸਮਾਜ ਵਿਚ ਪਤੀ-ਪਤਨੀ ਦਾ ਅਟੁੱਟ ਸੰਬੰਧ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਹੀ ਆਤਮਾ ਅਤੇ ਪਰਮਾਤਮਾ ਦਾ ਅਟੁੱਟ ਸੰਬੰਧ ਹੁੰਦਾ ਹੈ। ਪਰ ਮੋਹ ਮਾਇਆ ਦੇ ਕਾਰਨ ਆਤਮਾ ਪਰਮਾਤਮਾ ਤੋਂ ਦੂਰ ਹੋ ਜਾਂਦੀ ਹੈ। ਫਿਰ ਭਟਕਣਾ ਹੀ ਭਟਕਣਾ ਹੈ। ਗੁਰੂ ਜੀ ਆਪਣੀ ਬਾਣੀ ਦੁਆਰਾ ਬਿਆਨ ਕਰਦੇ ਹਨ ਕਿ ਜਿਵੇਂ ਸਮਾਜ ਵਿਚ ਇਸਤਰੀ ਆਪਣੇ

ਪਤੀ ਤੋਂ ਬਿਨਾਂ ਕੁੱਝ ਵੀ ਨਹੀਂ ਹੈ। ਇਸੇ ਤਰ੍ਹਾਂ ਹੀ ਇਕ ਜੀਵ ਆਤਮਾ ਪਰਮਾਤਮਾ ਤੋਂ ਬਿਨਾਂ ਕੁੱਝ ਵੀ ਨਹੀਂ ਹੈ। ਇਸ ਵਿਛੋੜੇ ਨੂੰ ਬਾਰਾਮਾਹ ਮਾਝ ਵਿਚ ਇਸ ਤਰ੍ਹਾਂ ਬਿਆਨ ਕੀਤਾ ਹੈ:-

1. ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ॥
ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ॥ [10]

2. ਸ੍ਰਬ ਸੀਗਾਰ ਸੰਬੋਲ ਰਸ ਸੁਣ ਦੇਹੀ ਸਭ ਖਾਮ॥
ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ॥ [11]

3. ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥ [12]

ਗੁਰੂ ਜੀ ਬਾਰਾਮਾਹ ਮਾਝ ਵਿਚ ਇਕ ਜੀਵ ਇਸਤਰੀ ਦੇ ਹਾਰ ਸ਼ਿੰਗਾਰ ਨੂੰ ਬਿਆਨ ਕਰਦੇ ਹੋਏ ਦੱਸਦੇ ਹਨ ਕਿ ਸਮਾਜ ਵਿਚ ਰਹਿੰਦੀ ਇਸਤਰੀ ਆਪਣੇ ਪਤੀ ਲਈ ਹਾਰ ਸ਼ਿੰਗਾਰ ਕਰਦੀ ਹੈ। ਇਸਤਰੀ ਆਪਣੇ-ਆਪ ਨੂੰ ਸੁੰਦਰ ਬਣਾਉਣ ਲਈ ਬਾਹਰੀ ਸ਼ਿੰਗਾਰ ਕਰਦੀ ਹੈ। ਵੱਖਰੇ-ਵੱਖਰੇ ਪਹਿਰਾਵੇ ਪਹਿਨਦੀ ਹੈ। ਗੁਰੂ ਜੀ ਆਪਣੀ ਬਾਣੀ ਵਿਚ ਬਾਹਰੀ ਸ਼ਿੰਗਾਰ ਨੂੰ ਬੇਅਰਥ ਮੰਨਦੇ ਹਨ। ਬਾਹਰੀ ਸ਼ਿੰਗਾਰ ਨਾਲ ਅਸੀਂ ਕਦੀ ਵੀ ਸੁੰਦਰਤਾ ਨੂੰ ਪ੍ਰਾਪਤ ਨਹੀਂ ਕਰ ਸਕਦੇ। ਅਸਲੀ ਸੁੰਦਰਤਾ ਤਾਂ ਮਨ ਦੀ ਹੁੰਦੀ ਹੈ। ਜੋ ਅੰਦਰੋ ਪਵਿੱਤਰ ਹੈ, ਸਾਫ਼ ਮਨ ਦਾ ਹੈ, ਜਿਸ ਦੀ ਸੋਚ ਚੰਗੀ ਹੈ। ਉਹ ਹੀ ਸੁੰਦਰ ਅਖਵਾਉਂਦਾ ਹੈ। ਬਾਹਰੀ ਸੁੰਦਰਤਾ ਤਾ ਬੇਅਰਥ ਹੈ, ਨਾਸ਼ਵਾਨ ਹੈ। ਇਸਤਰੀ ਆਪਣੇ ਪਤੀ ਨੂੰ ਰੀਝਾਣ ਲਈ ਬਾਰਹੀ ਸ਼ਿੰਗਾਰ ਕਰਦੀ ਹੈ। ਪਰ ਪਤੀ ਭਾਵਨਾ ਤੇ ਰੀਝਦਾ ਹੈ। ਬਾਹਰੀ ਸ਼ਿੰਗਾਰ ਤੇ ਨਹੀਂ। ਗੁਰੂ ਜੀ ਆਪਣੀ ਬਾਣੀ ਵਿਚ ਦੱਸਦੇ ਹਨ ਕਿ :-

1. ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ॥ [13]

2. ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ॥ [14]

ਗੁਰੂ ਅਰਜਨ ਦੇਵ ਜੀ ਦੀ ਰਚਨਾ ਬਾਰਾਮਾਹ ਮਾਝ ਵਿਚ ਇਕ ਇਸਤਰੀ ਦੇ ਜੀਵਨ ਦੇ ਪੱਖਾਂ ਦਾ ਵਰਣਨ ਕਰਦੇ ਹੋਏ, ਉਸ ਨੂੰ ਆਧਿਆਤਮਕ ਰੰਗ ਵਿਚ ਰੰਗਿਆਂ ਹੈ। ਮੂਲ ਰੂਪ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਇਕ ਜੀਵ ਇਸਤਰੀ ਆਪਣੇ ਬੁਰੇ ਕਰਮਾਂ ਕਰਕੇ ਪਰਮਾਤਮਾ ਤੋਂ ਦੂਰ ਹੋ ਗਈ ਹੈ ਅਤੇ ਸੰਸਾਰਿਕ ਕੰਮਾਂ ਵਿਚ ਉਲਝ ਕੇ ਪਰਮਾਤਮਾ ਨੂੰ ਭੁੱਲ ਗਈ ਹੈ। ਇਸ ਕਰਕੇ ਹੀ ਇਕ ਜੀਵ ਇਸਤਰੀ ਦੁੱਖਾਂ ਨੂੰ ਭੋਗਦੀ ਹੈ। ਪਰਮਾਤਮਾ ਦੇ ਮਿਲਾਪ ਤੋਂ ਬਾਅਦ ਹੀ ਉਹ ਸਥਾਈ ਆਨੰਦ ਦੀ ਪ੍ਰਾਪਤੀ ਕਰ ਸਕਦੀ ਹੈ ਭਾਵ ਕਿ ਜੀਵਨ ਦੇ ਅਸਲ ਸੁੱਖ ਨੂੰ ਪ੍ਰਾਪਤ ਕਰ ਲੈਂਦੀ ਹੈ। ਗੁਰੂ ਅਰਜਨ ਦੇਵ ਜੀ ਬਾਰਾਮਾਹ ਮਾਝ ਵਿਚ ਪਰਮਾਤਮਾ ਦੀ ਪ੍ਰਾਪਤੀ ਤੋਂ ਬਾਅਦ ਜੀਵਨ ਦੇ ਅਸਲ ਸੁੱਖ ਦਾ ਇਸ ਤਰ੍ਹਾਂ ਵਰਣਨ ਕੀਤਾ ਹੈ:-

1. ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ॥ [15]

2. ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ॥ [16]

3. ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ॥[17]

4. ਜਿੰਨੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥[18]

5. ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥[19]

6. ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ॥
ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥
ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ॥[20]

7. ਸੇਜ ਸੁਹਾਈ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥
ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥[21]

**ਸਭਿਅਚਾਰ ਜਲਵਾਯੂ ਅਤੇ ਵਾਤਾਵਰਨ :** ਗੁਰੂ ਨਾਨਕ ਦੇਵ ਜੀ ਦੀਆਂ ਪੈੜ੍ਹਾਂ ਤੇ ਚਲਦਿਆਂ ਗੁਰੂ ਅਰਜਨ ਦੇਵ ਜੀ ਨੇ ਵੀ ਬਾਰਾਮਾਹ ਮਾਝ ਦੀ ਰਚਨਾ ਕੀਤੀ। ਬਾਰਾਮਾਹ ਮਾਝ ਬਾਰਾਂ ਮਹੀਨਿਆਂ ਨੂੰ ਮੁੱਖ ਰੱਖ ਕੇ ਲਿਖੀ ਲੋਕ ਕਾਵਿ ਰਚਨਾ ਹੈ। ਇਸ ਰਚਨਾ ਦਾ ਮੁੱਖ ਧੁਰਾ ਪ੍ਰਕਿਰਤੀ ਚਿਤਰਨ ਹੈ। ਹਰ ਮਹੀਨੇ ਰੁੱਤ ਬਦਲਦੀ ਹੈ। ਰੁੱਤ ਬਦਲਣ ਨਾਲ ਵਿਅਕਤੀ ਦੇ ਮਨੋਭਾਵ ਵੀ ਬਦਲਦੇ ਰਹਿੰਦੇ ਹਨ। ਇਸ ਸਭ ਦਾ ਚਿਤਰਨ ਬਾਰਾਮਾਹ ਮਾਝ ਵਿਚ ਕੀਤਾ ਹੈ। ਗੁਰੂ ਅਰਜਨ ਦੇਵ ਜੀ ਨੇ ਬਾਰਾਮਾਹ ਮਾਝ ਵਿਚ ਸਭਿਆਚਾਰ, ਵਾਤਾਵਰਨ, ਜਲਵਾਯੂ ਆਦਿ ਸਭ ਦਾ ਬਹੁਤ ਹੀ ਸੁਚੱਜੇ ਢੰਗ ਨਾਲ ਵਰਣਨ ਕੀਤਾ ਹੈ। "ਬਾਰਾਮਾਹ ਵਿਚ ਬਾਰਾਂ ਮਹੀਨਿਆਂ ਦੀ ਪ੍ਰਕਿਰਤੀ ਅਨੁਸਾਰ ਇਸ ਵਿਚ ਪੰਜਾਬ ਦੀਆਂ ਬਦਲਦੀਆਂ ਰੁੱਤਾਂ, ਉਹਨਾਂ ਦਾ ਵਾਯੂਮੰਡਲ, ਹਰ ਮਹੀਨੇ ਦਾ ਨਿੱਜੀ ਕੁਦਰਤੀ ਰੰਗ ਤੇ ਉਸ ਦਾ ਮਨ ਉੱਤੇ ਪਏ ਪ੍ਰਤੀਕਰਮ ਨੂੰ ਮੂਰਤੀਮਾਨ ਕੀਤਾ ਗਿਆ ਹੈ। ਹਰ ਮਹੀਨੇ ਦਾ ਨਾਂ ਦੂਹਰੇ ਵਿਚ ਵਰਤਿਆ ਗਿਆ ਹੈ।"[22] ਉਦਾਹਰਨ ਵਜੋਂ:-

ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥

ਇਥੇ ਚੇਤ ਦਾ ਪਹਿਲਾ ਅਰਥ ਮਹੀਨੇ ਦਾ ਨਾਮ ਹੈ ਅਤੇ ਦੂਜਾ ਅਰਥ ਗੋਬਿੰਦ ਪਰਮਾਤਮਾ ਦਾ ਨਾਮ ਅਰਾਧਣ ਹੈ।ਬਾਰਾਮਾਹ ਮਾਝ ਗੁਰੂ ਅਰਜਨ ਦੇਵ ਜੀ ਦੀ ਬਹੁਤ ਹੀ ਮਹੱਤਵਪੂਰਨ ਰਚਨਾ ਹੈ। ਇਸ ਰਚਨਾ ਦਾ ਸਿੱਧਾ ਸੰਬੰਧ ਸਾਡੇ ਪੰਜਾਬੀ ਸਭਿਆਚਾਰ ਨਾਲ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਬਾਰਾਮਾਹ ਮਾਝ ਵਿਚ ਦੇਸੀ ਬਾਰ੍ਹਾਂ ਮਹੀਨਿਆਂ ਦਾ ਵਰਣਨ ਕੀਤਾ ਜਾਂਦਾ ਹੈ। ਸਾਡੇ ਪੰਜਾਬੀ ਸਭਿਆਚਾਰ ਵਿਚ ਹਰ ਦੇਸੀ ਮਹੀਨੇ ਦੇ ਪਹਿਲੇ ਦਿਨ ਗੁਰਦੁਆਰੇ ਵਿਚ ਬਾਣੀ ਦਾ ਪਾਠ ਕੀਤਾ ਜਾਂਦਾ ਹੈ। ਜਿਸ ਨੂੰ ਸੰਗਰਾਂਦ ਦਾ ਨਾਮ ਦਿੱਤਾ ਗਿਆ ਹੈ। " ਸੰਗਰਾਂਦ ਸ਼ਬਦ ਸੰਸਕ੍ਰਿਤ ਦੇ ਸਾਂਕ੍ਰਾਂਤਿ ਦਾ ਪੰਜਾਬੀ ਰੂਪ ਹੈ। ਇਹ ਉਹ ਦਿਨ ਹੈ, ਜਿਸ ਵਿਚ ਸੂਰਜ ਨਵੀਂ ਰਾਸ਼ੀ ਵਿਚ ਪ੍ਰਵੇਸ਼ ਕਰਦਾ ਹੈ। ਇਹ ਸੂਰਜ ਮਹੀਨੇ ਦਾ ਪਹਿਲਾ ਦਿਨ ਹੈ। ਹਰ ਦੇਸੀ ਮਹੀਨੇ ਦੀ ਪਹਿਲੀ ਤਰੀਕ ਦਾ ਦਿਨ ਸੰਗਰਾਂਦ ਦੇ ਤੌਰ ਤੇ ਮਨਾਇਆ ਜਾਂਦਾ ਹੈ।"[23] ਸਾਡੇ ਪੰਜਾਬੀ ਸਭਿਆਚਾਰ ਵਿਚ ਸੰਗਰਾਂਦ ਵਾਲੇ ਦਿਨ ਗੁਰਦੁਆਰੇ ਜਾ ਕੇ ਸੰਬੰਧਿਤ ਮਹੀਨੇ ਦਾ ਨਾਮ ਸੁਣਨਾ ਬਹੁਤ ਹੀ ਸ਼ੁਭ ਮੰਨਿਆ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਦੀ ਰਚਨਾ

ਬਾਰਾਮਾਹ ਮਾਝ ਵਿਚ ਸਭਿਆਚਾਰਕ ਅੰਸ਼ ਤਾਂ ਦੇਖਣ ਨੂੰ ਮਿਲਦੇ ਹਨ। ਪਰ ਨਾਲ ਹੀ ਸਭਿਆਚਾਰ ਜਲਵਾਯੂ ਭਾਵ ਕਿ ਹਰ ਦੇਸੀ ਮਹੀਨੇ ਦਾ ਵਰਣਨ ਕੁਦਰਤ ਨਾਲ ਕੀਤਾ ਹੈ। ਬਾਰਾਮਾਹ ਮਾਝ ਵਿਚ ਪ੍ਰਕਿਰਤੀ ਚਿਤਰਨ ਨੂੰ ਹੀ ਮੁੱਖ ਆਧਾਰ ਬਣਾਇਆ ਹੈ।

ਬਾਰਾਮਾਹ ਮਾਝ ਵਿਚ ਸਭ ਤੋਂ ਪਹਿਲਾ ਚੇਤ ਮਹਿਨੇ ਦਾ ਵਰਣਨ ਮਿਲਦਾ ਹੈ। ਚੇਤ ਮਹੀਨੇ ਨੂੰ ਬਸੰਤ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸ ਮਹੀਨੇ ਵਿਚ ਸਾਰੇ ਰੁੱਖਾਂ ਨੂੰ ਵੱਖਰੇ-ਵੱਖਰੇ ਫੁੱਲ ਨਿਕਲਦੇ ਹਨ ਅਤੇ ਭੌਰੇ ਫੁੱਲਾਂ ਦੇ ਆਲੇ-ਦੁਆਲੇ ਘੁੰਮਦੇ ਹਨ ਤੇ ਫੁੱਲਾਂ ਤੋਂ ਰਸ ਗ੍ਰਹਿਣ ਕਰਕੇ ਸ਼ਹਿਦ ਦਾ ਨਿਰਮਾਣ ਕਰਦੇ ਹਨ ਜੋ ਸਾਡੇ ਘਰੇਲੂ ਜੀਵਨ ਵਿਚ ਬਹੁਤ ਹੀ ਕੰਮ ਆਉਂਦਾ ਹੈ। ਇਹ ਕੁਦਰਤ ਦੀ ਬਹੁਤ ਵੱਡੀ ਦੇਣ ਹੈ। ਕੋਇਲ ਅੰਬ ਤੇ ਬੈਠੀ ਸੁਰੀਲੀ ਆਵਾਜ ਕੱਢਦੀ ਹੈ। ਪ੍ਰਕਿਰਤੀ ਦਾ ਇਹ ਨਜ਼ਾਰਾ ਬਹੁਤ ਹੀ ਸੁੰਦਰ ਹੁੰਦਾ ਹੈ। ਜਿਸ ਜੀਵ ਰੂਪੀ ਇਸਤਰੀ ਦਾ ਪਤੀ ਉਸਦੇ ਕੋਲ ਹੁੰਦਾ ਹੈ, ਉਸਦੇ ਹਿਰਦੇ ਵਿਚ ਬਹੁਤ ਹੀ ਚਾਅ ਹੁੰਦਾ ਹੈ ਪਰ ਜਿਸਦਾ ਪਤੀ ਦੂਰ ਹੁੰਦਾ ਹੈ ਉਸਦੇ ਮਨ ਦੀ ਸਥਿਤੀ ਬਹੁਤ ਹੀ ਦੁਖਦਾਈ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਨੇ ਬਾਰਾਮਾਹ ਮਾਝ ਵਿਚ ਜੀਵ ਇਸਤਰੀ ਦੀ ਮਨੋਸਥਿਤੀ ਦਾ ਵਰਣਨ ਕੀਤਾ ਹੈ। ਸਾਡੇ ਪੰਜਾਬੀ ਸਭਿਆਚਾਰ ਵਿਚ ਇਸ ਮਹੀਨੇ ਬਸੰਤ ਦਾ ਤਿਉਹਾਰ ਮਨਾਇਆ ਜਾਂਦਾ ਹੈ। ਇਸ ਸਮੇਂ ਕੁਦਰਤੀ ਵਾਤਾਵਰਣ ਹਰਿਆਂ-ਭਰਿਆਂ ਹੁੰਦਾ ਹੈ। ਇਸ ਖੁਸ਼ੀ ਦੀ ਰੁੱਤ ਵਿਚ ਪਰਮਾਤਮਾ ਨੂੰ ਮਿਲਣ ਦੀ ਇੱਛਾ ਉਤਪੰਨ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਨੇ ਬਾਰਾਮਾਹ ਮਾਝ ਵਿਚ ਚੇਤ ਮਹੀਨੇ ਦਾ ਵਰਣਨ ਇਸ ਪ੍ਰਕਾਰ ਕੀਤਾ ਹੈ:-

ਚੇਤ ਗੋਵਿੰਦ ਅਰਾਧਿਐ ਹੋਵੇ ਅਨੰਦੁ ਘਣਾ॥
ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥
ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥
ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥[25]

ਵੈਸਾਖ ਦੇ ਮਹੀਨੇ ਕੁਦਰਤ ਹੋਰ ਵੀ ਸੁਹਾਵਣੀ ਹੋ ਜਾਂਦੀ ਹੈ। ਗੁਰੂ ਜੀ ਆਪਣੀ ਬਾਣੀ ਵਿਚ ਦੱਸਦੇ ਹਨ ਕਿ ਇਸ ਮਹੀਨੇ ਪਰਮਾਤਮਾ ਨੂੰ ਪਾਉਣ ਦੀ ਤਾਂਘ ਹੋਰ ਵੀ ਵੱਧ ਜਾਂਦੀ ਹੈ। ਗੁਰੂ ਅਰਜਨ ਦੇਵ ਜੀ ਇਸ ਮਹੀਨੇ ਬਾਰੇ ਦੱਸਦੇ ਹਨ ਕਿ ਇਹ ਮਹੀਨਾ ਤਾਂ ਹੀ ਚੰਗਾ ਲੱਗਦਾ ਹੈ ਜੇ ਸੰਤ ਦੁਆਰਾ ਪ੍ਰਭੂ ਦਾ ਮਿਲਾਪ ਹੋ ਜਾਵੇ। ਗੁਰੂ ਜੀ ਆਪਣੀ ਬਾਣੀ ਵਿਚ ਦੱਸਦੇ ਹਨ ਕਿ:-

ਵੈਸਾਖ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ॥[26]

ਵੈਸਾਖ ਦੇ ਮਹੀਨੇ ਸਾਡੇ ਪੰਜਾਬੀ ਸਭਿਆਚਾਰ ਵਿਚ ਹੋਰ ਵੀ ਇਤਿਹਾਸਕ ਘਟਨਾਵਾਂ ਦਾ ਜ਼ਿਕਰ ਆਉਂਦਾ ਹੈ ਜੋ ਕਿ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨਾਲ ਜੁੜੀ ਹੋਈ ਹੈ ਜਦੋਂ ਉਹਨਾਂ ਨੇ ਅਨੰਦਪੁਰ ਸਾਹਿਬ ਵਿਚ ਖਾਸਲਾ ਪੰਧ ਦੀ ਸਥਾਪਨਾ ਪੰਜ ਪਿਆਰਿਆਂ ਨੂੰ ਅਮ੍ਰਿੰਤ ਦਾ ਪਾਨ ਕਰਵਾ ਕੇ ਕੀਤੀ। ਇਸੇ ਮਹੀਨੇ ਹਰਿਮੰਦਰ ਸਾਹਿਬ ਵਿਖੇ ਜ਼ਲ੍ਹਿਆਂ ਵਾਲੇ ਬਾਗ ਵਿਚ ਜਨਰਲ ਡਾਇਰ ਨੇ ਨਹਿੱਤੇ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ ਜੋ ਕਿ ਬਹੁਤ ਹੀ ਦੁਖਦਾਈ ਘਟਨਾ ਸੀ। ਇਸ ਮਹੀਨੇ ਫਸਲਾਂ ਦੀ ਵਾਡੀ ਸ਼ੁਰੂ ਹੁੰਦੀ ਹੈ। ਇਸੇ ਲਈ ਇਹ ਮਹੀਨਾ ਇਤਿਹਾਸਕ ਅਤੇ ਸਮਾਜਕ ਪੱਖਾਂ ਵਿਚ ਆਪਣਾ ਵਿਸ਼ੇਸ਼ ਅਤੇ ਮਹੱਤਵਪੂਰਨ ਸਥਾਨ ਰੱਖਦਾ ਹੈ।

ਜੇਠ ਮਹੀਨਾ ਬਹੁਤ ਹੀ ਤਪਸ਼ ਵਾਲਾ ਮਹੀਨਾ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਜੇਠ ਦੇ ਮਹੀਨੇ ਪਰਮਾਤਮਾ ਨਾਲ ਜੁੜਨ ਦਾ ਉਪਦੇਸ਼ ਦਿੰਦੇ ਹਨ। ਗੁਰੂ ਜੀ ਅਨੁਸਾਰ ਜੇਠ ਮਹੀਨਾ ਉਸ ਲਈ ਹੀ ਚੰਗਾ ਹੁੰਦਾ ਹੈ ਜਿਨ੍ਹਾਂ ਦੇ ਪਰਮਾਤਮਾ ਦੀ ਕਿਰਪਾ ਨਾਲ ਭਾਗ ਚੰਗੇ ਹੁੰਦੇ ਹਨ:-

ਹਰਿ ਜੇਠੁ ਰੰਗੀਲਾ ਤਿਸੁ ਧਣੀ, ਜਿਸ ਕੈ ਭਾਗ ਮਥੰਨਿ॥[27]

ਹਾੜ ਦਾ ਮਹੀਨਾ ਜੇਠ ਮਹੀਨੇ ਨਾਲੋ ਵੀ ਵੱਧ ਗਰਮ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਅਨੁਸਾਰ ਇਸ ਮਹੀਨਾ ਉਹਨਾਂ ਜੀਵ ਇਸਤਰੀਆਂ ਲਈ ਦੁਖਦਾਈ ਹੁੰਦਾ ਹੈ ਜਿਹਨਾਂ ਦੇ ਪਤੀ ਉਹਨਾਂ ਕੋਲੋਂ ਦੂਰ ਹੁੰਦੇ ਹਨ। ਪਰਮਾਤਮਾ ਨੂੰ ਪਾਉਣ ਨਾਲ ਹੀ ਜੀਵ ਰੂਪੀ ਇਸਤਰੀਆਂ ਦਾ ਹੀ ਜੀਵਨ ਸੁਖੀ ਹੁੰਦਾ ਹੈ। ਇਸੇ ਕਰਕੇ ਪਰਮਾਤਮਾ ਦਾ ਮਿਲਾਪ ਜੀਵਨ ਦਾ ਅਸਲ ਉਦੇਸ਼ ਹੈ:-

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥...
ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ॥[28]

ਗਰਮੀ ਦੀ ਤਪਸ਼ ਤੋਂ ਬਾਅਦ ਸਾਵਣ ਦਾ ਮਹੀਨਾ ਸ਼ੁਰੂ ਹੁੰਦਾ ਹੈ ਜੋ ਕਿ ਬਹੁਤ ਠੰਡਾ ਅਤੇ ਸੁਹਾਵਣਾ ਮਹੀਨਾ ਹੁੰਦਾ ਹੈ। ਆਸਮਾਨ ਵਿਚ ਕਾਲੇ ਬੱਦਲ ਚੜ੍ਹਦੇ-ਉਤਰਦੇ ਹਨ। ਇਸ ਮਹੀਨੇ ਵਿਚ ਕੁਦਰਤ ਬਹੁਤ ਹੀ ਹਰੀ-ਭਰੀ ਹੋ ਜਾਂਦੀ ਹੈ। ਪਸ਼ੂ-ਪੰਛੀ ਵੀ ਖੁਸ਼ੀ ਨਾਲ ਝੂਮ ਉੱਠਦੇ ਹਨ। ਵਰਖਾ ਦਾ ਮੌਸਮ ਸ਼ੁਰੂ ਹੋ ਜਾਂਦਾ ਹੈ ਅਤੇ ਇਹ ਬਹੁਤ ਹੀ ਰੰਗੀਨੀ ਭਰਿਆਂ ਹੁੰਦਾ ਹੈ। ਜਿੱਥੇ ਵਰਖਾ ਦਾ ਮੌਸਮ ਮਨ ਨੂੰ ਲੁਭਾਉਂਦਾ ਹੈ ਉੱਥੇ ਹੀ ਬਿਜਲੀ ਦੀ ਚਮਕ ਡਰਾਵਣੀ ਜਿਹੀ ਪ੍ਰਤੀਤ ਹੁੰਦੀ ਹੈ। ਇਸ ਮਹੀਨੇ ਪ੍ਰੇਮੀ ਨੂੰ ਮਿਲਣ ਲਈ ਚਾਹਤ ਪੈਂਦਾ ਹੁੰਦੀ ਹੈ। ਜੋ ਜੀਵ ਇਸਤਰੀਆਂ ਪਰਮਾਤਮਾ ਨੂੰ ਅਪਣਾ ਲੈਂਦੀਆਂ ਹਨ, ਉਹੀ ਇਸ ਭਵ-ਸਾਗਰ ਵਿਚੋਂ ਪਾਰ ਹੁੰਦੀਆਂ ਹਨ। ਗੁਰੂ ਜੀ ਸਾਵਣ ਮਹੀਨੇ ਦਾ ਵਰਣਨ ਇਸ ਪ੍ਰਕਾਰ ਕਰਦੇ ਹਨ:-

ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਅਰੁ॥
ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਆਧਾਰੁ॥...
ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪਰਖ ਅਪਾਰੁ॥...
ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ॥[29]

ਭਾਦਰੋਂ ਦਾ ਮਹੀਨਾ ਵੀ ਸਾਵਣ ਰੁੱਤ ਵਾਂਗ ਵਰਖਾ ਵਾਲਾ ਮਹੀਨਾ ਹੁੰਦਾ ਹੈ। ਇਸ ਮਹੀਨੇ ਵਿਚ ਬੱਦਲ ਆਉਂਦੇ ਤਾਂ ਹਨ ਪਰ ਵਰਦੇ ਕੀਤੇ ਹੋਰ ਹੀ ਹਨ। ਗੁਰੂ ਅਰਜਨ ਦੇਵ ਜੀ ਨੇ 'ਭਾਦੁਇ ਭਰਮਿ ਭੁਮਾਈਆਂ' ਸ਼ਬਦ ਵਰਤਦੇ ਹੋਏ ਲਿਖਦੇ ਹਨ ਕਿ ਭਾਦਰੋਂ ਮਹੀਨੇ ਵਿਚ ਜਿਸ ਜੀਵ ਰੂਪੀ ਇਸਤਰੀ ਦਾ ਪਿਆਰ ਪ੍ਰਭੂ ਤੋਂ ਬਿਨਾਂ ਕਿਸੇ ਹੋਰ ਨਾਲ ਪੈ ਜਾਵੇ ਤਾਂ ਉਸਦੇ ਜੀਵਨ ਵਿਚ ਭਟਕਣਾ ਹੀ ਭਟਕਣਾ ਹੈ। ਇਕ ਜੀਵ ਇਸਤਰੀ ਬਾਹਰੀ ਸੁੰਦਰਤਾ ਨੂੰ ਵਧਾਉਣ ਲਈ ਚਾਹੇ ਜਿੰਨਾ ਮਰਜ਼ੀ ਸ਼ਿੰਗਾਰ ਕਰੇ ਉਹ ਸਾਰਾ ਵਿਆਰਥ ਹੀ ਹੁੰਦਾ ਹੈ। ਗੁਰੂ ਜੀ ਦੱਸਦੇ ਹਨ:-

ਭਾਦੁਇ ਭਰਮਿ ਭੁਲਾਣੀਆਂ ਦੂਜੈ ਲਗਾ ਹੇਤੁ॥
ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ॥[30]

ਭਾਦੋਂ ਤੋਂ ਬਾਅਦ ਗਰਮੀ ਦਾ ਮੌਸਮ ਖਤਮ ਹੋ ਜਾਂਦਾ ਹੈ। ਅੱਸੂ ਦੀ ਰੁੱਤ ਆ ਜਾਂਦੀ ਹੈ। ਇਹ ਰੁੱਤ ਬਹੁਤ ਹੀ ਮਿੱਠੀ ਰੁੱਤ ਹੁੰਦੀ ਹੈ। ਸਰਦੀ ਦਾ ਮੌਸਮ ਆਰੰਭ ਹੋ ਜਾਂਦਾ ਹੈ। ਹਰ ਪਾਸੇ ਪ੍ਰਕਿਰਤੀ ਹਰੀ-ਭਰੀ ਨਜ਼ਰ ਆਉਂਦੀ ਹੈ। ਰੰਗ-ਬਰੰਗੇ ਫੁੱਲ ਪ੍ਰਕਿਰਤੀ ਨੂੰ ਹੋਰ ਜ਼ਿਆਦਾ ਸੁੰਦਰ ਬਣਾਉਂਦੇ ਹਨ। ਇਸ ਰੁੱਤ ਵਿਚ ਗੁਰੂ ਜੀ ਦੱਸਦੇ ਹਨ

ਕਿ ਜੀਵ ਰੂਪੀ ਇਸਤਰੀ ਆਪਣੇ ਪਿਆਰੇ ਨੂੰ ਮਿਲਣ ਲਈ ਹੋਰ ਜ਼ਿਆਦਾ ਤੜਪ ਉੱਠਦੀ ਹੈ। ਗੁਰੂ ਅਰਜਨ ਦੇਵ ਜੀ ਇਸ ਮਹੀਨੇ ਇਸਤਰੀ ਦੀ ਹਾਲਤ ਨੂੰ ਬਿਆਨ ਕਰਦੇ ਹਨ:-

ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥
ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ॥...
ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ॥[31]

ਕੱਤਕ ਦਾ ਮਹੀਨਾ ਵੀ ਬੜਾ ਸੁਹਾਵਣਾ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਅਨੁਸਾਰ ਇਸ ਸੁੰਦਰ ਰੁੱਤ ਵਿਚ ਜੇ ਕੋਈ ਜੀਵ ਆਤਮਾ ਪਰਮਾਤਮਾ ਤੋਂ ਵਿਛੜ ਰਹੀ ਹੁੰਦੀ ਹੈ ਤਾਂ ਇਸ ਉਸਦੇ ਮਾੜੇ ਕਰਮਾਂ ਦਾ ਨਤੀਜਾ ਹੁੰਦਾ ਹੈ ਪਰ ਇਸ ਸੁੰਦਰ ਰੁੱਤ ਵਿਚ ਜਿਸਨੂੰ ਸਾਧ-ਸੰਗਤ ਮਿਲ ਜਾਵੇ ਉਸਦੇ ਸਾਰੇ ਹੀ ਰੋਗ ਖਤਮ ਹੋ ਜਾਂਦੇ ਹਨ। ਗੁਰੂ ਜੀ ਬਿਆਨ ਕਰਦੇ ਹਨ ਕਿ:-

ਕਤਿਕਿ ਕਰਮ ਕਮਾਵਣੇ, ਦੋਸੁ ਨ ਕਾਹੂ ਜੋਗੁ॥
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥...
ਕਤਿਕ ਹੋਵੈ ਸਾਧ ਸੰਗੁ ਬਿਨਸਹਿ ਸਭੇ ਸੋਚ॥[32]

ਮੱਘਰ ਵੀ ਕੱਤਕ ਵਾਂਗ ਠੰਡੀ ਰੁੱਤ ਹੁੰਦੀ ਹੈ। ਇਸ ਠੰਡੀ ਰੁੱਤ ਵਾਲੇ ਮਹੀਨੇ ਵਿਚ ਜੀਵ ਇਸਤਰੀਆਂ ਸੋਹਣੀਆਂ ਲੱਗਦੀਆਂ ਹਨ ਜੋ ਆਪਣੇ ਪ੍ਰਭੂ ਨਾਲ ਬੈਠੀਆਂ ਹੁੰਦੀਆਂ ਹਨ। ਜਿਨ੍ਹਾਂ ਬਾਰੇ ਗੁਰੂ ਜੀ ਦੱਸਦੇ ਹਨ ਕਿ:-

ਮੰਘਿਰਿ ਮਾਹਿ ਸੋਹੰਦੀਆਂ ਹਰਿ ਪਿਰ ਸੰਗਿ ਬੈਠੜੀਆਹ॥
ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥
ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ॥[33]

ਗੁਰੂ ਜੀ ਦੱਸਦੇ ਹਨ ਕਿ ਜੇ ਜਨਮ-ਮਰਨ ਦੇ ਚੱਕਰ ਤੋਂ ਮੁਕਤੀ ਪਾਉਂਣੀ ਹੈ ਤਾਂ ਇਸ ਮਹੀਨੇ ਪਰਮਾਤਮਾ ਦਾ ਨਾਮ ਜਪਣਾ ਚਾਹੀਦਾ ਹੈ:-

ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ॥[34]

ਪੋਹ ਮਹੀਨੇ ਵਿਚ ਸਰਦੀ ਬਹੁਤ ਜ਼ਿਆਦਾ ਵੱਧ ਜਾਂਦੀ ਹੈ। ਇਹ ਮਹੀਨਾ ਬਹੁਤ ਹੀ ਠੰਡਾ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਪੋਹ ਮਹੀਨੇ ਜਿਸ ਜੀਵ ਇਸਤਰੀ ਦੇ ਉੱਪਰ ਪਰਮਾਤਮਾ ਦੀ ਮਿਹਰ ਹੋਵੇ ਉਸਨੂੰ ਇਹ ਮਹੀਨਾ ਬਹੁਤ ਹੀ ਸੁਹਾਵਣਾ ਲੱਗਦਾ ਹੈ ਅਤੇ ਉਸਨੂੰ ਸਾਰੇ ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ:-

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥
ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ॥
ਪੋਖੁ ਸੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ॥[35]

ਕੜਕਦੀ ਸਰਦੀ ਪਿੱਛੋਂ ਮਾਘ ਅਤੇ ਫੱਗਣ ਦੇ ਮਹੀਨੇ ਆਉਂਦੇ ਹਨ। ਇਸ ਰੁੱਤ ਸਮੇਂ ਕੁਦਰਤ ਫਿਰ ਮਹਿਕ ਉੱਠਦੀ ਹੈ। ਫੱਗਣ ਦੇ ਮਹੀਨੇ ਲੋਕ ਹੋਲੀ ਦਾ ਤਿਉਹਾਰ ਮਨਾਉਂਦੇ ਹਨ। ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਇਸ ਸੁੰਦਰ ਰੁੱਤ ਵਿਚ ਉਹਨਾਂ ਜੀਵ ਇਸਤਰੀਆਂ ਅੰਦਰ ਆਤਮਕ ਆਨੰਦ ਪੈਦਾ ਹੁੰਦਾ ਹੈ ਜਿਹਨਾਂ ਦੇ ਹਿਰਦੇ ਵਿਚ ਪਰਮਾਤਮਾ ਆ ਵਸਦੇ ਹਨ:-

ਫਲਗੁਣਿ ਅਨੰਦ ਉਪਾਰਜਨਾ, ਹਰਿ ਸਜਣ ਪ੍ਰਗਟੇ ਆਇ॥
ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥
ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥

ਮਿਲਿ ਸਹੀਆ ਮੰਗਲੁ ਗਾਹਵੀ ਗੀਤ ਗੋਵਿੰਦ ਅਲਾਇ॥
ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਵ ਲਾਇ॥ [36]

ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਬਾਰ੍ਹਾਂ ਮਹੀਨਿਆਂ ਦੀਆਂ ਰੁੱਤਾਂ ਦਾ ਵਰਣਨ ਜੀਵ ਇਸਤਰੀ ਅਤੇ ਪਰਮਾਤਮਾ ਨਾਲ ਕੀਤਾ ਹੈ। ਜਿਨ੍ਹਾਂ ਲੋਕਾਂ ਨੇ ਨਾਮ-ਸਿਮਰਨ ਕੀਤਾ ਹੈ ਉਹ ਹੀ ਪਰਮਾਤਮਾ ਨੂੰ ਪਾਉਂਦੇ ਹਨ ਅਤੇ ਉਹਨਾਂ ਦਾ ਜੀਵਨ ਸਫਲ ਹੋ ਜਾਂਦਾ ਹੈ। ਅੰਤ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਗੁਰੂ ਅਰਜਨ ਦੇਵ ਜੀ ਨੇ ਬਾਰਾਮਾਹ ਮਾਝ ਵਿਚ ਇਸਤਰੀ ਅਤੇ ਪ੍ਰਕਿਰਤੀ ਨੂੰ ਪੇਸ਼ ਕੀਤਾ ਹੈ। ਗੁਰੂ ਜੀ ਦੱਸਦੇ ਹਨ ਕਿ ਜੀਵ ਇਸਤਰੀ ਬਾਹਰਮੁਖੀ ਤੋਂ ਅੰਤਰਮੁਖੀ ਹੋ ਕੇ ਪਰਮਾਤਮਾ ਦੇ ਚਰਨਾਂ ਨਾਲ ਜੁੜਕੇ ਬੂਰੇ ਕਰਮਾਂ ਨੂੰ ਤਿਆਗ ਕੇ ਆਪਣੇ ਚਰਿੱਤਰ ਨੂੰ ਬਲਵਾਨ ਅਤੇ ਪਵਿੱਤਰ ਬਣਾ ਸਕਦੀ ਹੈ।

## ਹਵਾਲੇ ਟਿੱਪਣੀਆਂ

1. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 133
2. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 133
3. ਰਜਵੰਤ ਕੌਰ ਮਠਾੜੂ, ਬਾਰਹ ਮਾਹਾ ਮਾਝ, ਪੰਨਾ 59
4. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 134
5. ਉਹੀ, ਪੰਨਾ 136
6. ਉਹੀ, ਪੰਨਾ 135
7. ਉਹੀ, ਪੰਨਾ 135
8. ਉਹੀ, ਪੰਨਾ 134
9. ਉਹੀ, ਪੰਨਾ 135
10. ਉਹੀ, ਪੰਨਾ 133
11. ਉਹੀ, ਪੰਨਾ 133
12. ਉਹੀ, ਪੰਨਾ 133
13. ਉਹੀ, ਪੰਨਾ 133
14. ਉਹੀ, ਪੰਨਾ 134
15. ਉਹੀ, ਪੰਨਾ 133
16. ਉਹੀ, ਪੰਨਾ 133
17. ਉਹੀ, ਪੰਨਾ 136
18. ਉਹੀ, ਪੰਨਾ 135
19. ਉਹੀ, ਪੰਨਾ 136
20. ਉਹੀ, ਪੰਨਾ 135
21. ਉਹੀ, ਪੰਨਾ 136
22. ਰਜਵੰਤ ਕੌਰ ਮਠਾੜੂ, ਬਾਰਹ ਮਾਹਾ ਮਾਝ, ਪੰਨਾ 23
23. ਰਜਵੰਤ ਕੌਰ ਮਠਾੜੂ, ਬਾਰਹ ਮਾਹਾ ਮਾਝ, ਪੰਨਾ 6
24. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 133
25. ਉਹੀ, ਪੰਨਾ 134
26. ਉਹੀ, ਪੰਨਾ 134
27. ਉਹੀ, ਪੰਨਾ 134

28. ਉਹੀ, ਪੰਨਾ 134
29. ਉਹੀ, ਪੰਨਾ 134
30. ਉਹੀ, ਪੰਨਾ 135
31. ਉਹੀ, ਪੰਨਾ 135
32. ਉਹੀ, ਪੰਨਾ 135
33. ਉਹੀ, ਪੰਨਾ 135
34. ਉਹੀ, ਪੰਨਾ 135
35. ਉਹੀ, ਪੰਨਾ 136

# ਸਾਰ ਅਤੇ ਸਥਾਪਨਾਵਾਂ

'ਸੁਖਮਨੀ ਸਾਹਿਬ' ਅਤੇ 'ਬਾਰਾਮਾਹ' ਸਿੱਖ ਵਿਰਸੇ ਦੀ ਅਦੁੱਤੀ ਰਚਨਾ ਹੈ। ਜੋ ਇਕ ਪਾਸੇ ਮਨੁੱਖੀ ਜੀਵਨ ਦੀ ਨੈਤਿਕ ਅਤੇ ਅਧਿਆਤਮਕ ਅਗਵਾਈ ਦਾ ਸਦੀਵੀਂ ਪ੍ਰਰੇਣਾ ਸਰੋਤ ਬਣਦੀ ਹੈ ਤੇ ਦੂਜੇ ਪਾਸੇ ਸਮਾਜਕ ਸੰਸਥਾਵਾਂ ਅਤੇ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਪ੍ਰਭਾਵਿਤ ਕਰਨ ਵਾਲੇ ਕ੍ਰਾਂਤੀਕਾਰੀ ਪ੍ਰਵਚਨ ਦਾ ਨਿਰਮਾਣ ਵੀ ਕਰਦੀ ਹੈ। ਇਹ ਰਚਨਾ ਮੂਲ ਮਾਨਵੀ ਸਰੋਕਾਰਾਂ ਨੂੰ ਪ੍ਰਭਾਸ਼ਿਤ ਕਰਦੀ ਹੈ। ਕੋਈ ਵੀ ਕੌਮ ਜਾਂ ਮਨੁੱਖੀ ਭਾਈਚਾਰਾ ਆਪਣੇ ਅਤੀਤ ਦੇ ਵਿਰਸੇ ਨਾਲ ਜੁੜ ਕੇ ਹੀ ਆਪਣੇ ਵਾਰਤਮਾਨ ਅਤੇ ਭਵਿੱਖ ਨੂੰ ਗੌਰਵਮਾਈ ਬਣਾ ਸਕਦਾ ਹੇ। ਭਾਵ ਵਿਰਸੇ ਦੀ ਯੁੱਗ ਅਨੁਕੂਲ ਵਿਆਖਿਆ ਨਾਲ ਹੀ ਕੋਈ ਸਮਾਜ-ਸਭਿਆਚਾਰਕ ਆਪਣੇ ਹਕੀਕੀ ਗੌਰਵ ਨੂੰ ਸਥਾਪਿਤ ਕਰ ਸਕਦਾ ਹੈ। ਅੱਜ ਦੇ ਵਿਸ਼ਵੀਕਰਨ ਦੇ ਯੁੱਗ ਵਿਚ ਤਾਂ ਇਹ ਗੱਲ ਹੋਰ ਵੀ ਮਹੱਤਵਪੂਰਨ ਬਣ ਜਾਂਦੀ ਹੈ ਕਿ ਅਸੀਂ ਆਪਣੇ ਅਤੀਤ ਕਾਲੀ ਵਿਰਸੇ ਨੂੰ ਵਿਸ਼ਵ ਵਿਆਪੀ ਵਿਰਸੇ ਪਰਿਪੇਖ ਵਿਚ ਰੱਖ ਕੇ ਸਮਝੀਏ। 'ਸੁਖਮਨੀ ਸਾਹਿਬ' ਅਤੇ 'ਬਾਰਾਮਾਹ' ਸਾਡੇ ਸਾਹਿਤ ਸਭਿਆਚਾਰ ਦੀ ਅਜਿਹੀ ਵੱਡਮੁੱਲੀ ਵਿਰਾਸਤ ਹੈ। ਜਿਸ ਨੇ ਮੱਧਕਾਲੀਨ ਪੰਜਾਬੀ ਅਤੇ ਭਾਰਤੀ ਸਮਾਜ ਸਭਿਆਚਾਰ ਨੂੰ ਨਰੋਈਆਂ ਲੀਹਾਂ ਉੱਤੇ ਉਸਰਨ ਲਈ ਮਾਨਵ ਹਿੱਤਕਾਰੀ ਵਿਸ਼ਵ ਦ੍ਰਿਸ਼ਟੀ ਪ੍ਰਦਾਨ ਕੀਤੀ।

ਜੇ ਅਸੀਂ ਅੱਜ ਦੇ ਸਮੇਂ ਦੀ ਗੱਲ ਕਰਏਿ ਤਾਂ ਅਜੋਕਾ ਯੁੱਗ ਵਿਗਿਆਨਕ ਕਾਢਾਂ ਨਾਲ ਭਰਪੂਰ ਹੈ। ਹਰ ਰੋਜ਼ ਹੋ ਰਹੀਆਂ ਵੱਖ-ਵੱਖ ਕਾਢਾਂ ਨੇ ਇਨਸਾਨ ਨੂੰ ਹਰ ਪ੍ਰਕਾਰ ਦੀਆਂ ਸਹੂਲਤਾਂ ਦਿੱਤੀਆਂ ਹਨ। ਅੱਜ ਮਸ਼ੀਨੀਕਰਨ ਦੇ ਕਾਰਨ ਮਨੁੱਖ ਨੇ ਅਣਗਿਣਤ ਸੁੱਖ ਸਾਧਨਾਂ ਨੂੰ ਹਾਸਿਲ ਕੀਤਾ ਹੈ। ਇਸ ਨਾਲ ਮਨੁੱਖ ਦੇ ਜੀਵਨ ਅੰਦਰ ਅੰਤਾਂ ਦਾ ਵਿਕਾਸ ਨਜ਼ਰ ਆਉਂਦਾ ਹੈ। ਅੱਜ ਦੇ ਸਮੇਂ ਅੰਦਰ ਵਿਗਿਆਨਕ ਤਕਨਾਲੌਜੀ ਨਾਲ ਮਨੁੱਖ ਨੇ ਜਿੱਥੇ ਅਨੇਕਾਂ ਹੀ ਅਣਗਿਣਤ ਸੁੱਖ-ਸਹੂਲਤਾਂ ਨੂੰ ਪ੍ਰਾਪਤ ਕੀਤਾ ਹੈ ਉੱਥੇ ਹੀ ਆਪਣੇ ਜੀਵਨ ਨੂੰ ਇਕ ਸੰਕਟ ਵਿਚ ਪਾ ਲਿਆ ਹੈ। ਮਨੁੱਖੀ ਜੀਵਨ ਵਿਚ ਆਏ ਇਸ ਵਿਕਾਸ ਨੇ ਅੱਜ ਦੇ ਮਨੁੱਖ ਦੀ ਜੀਵਨ-ਸ਼ੈਲੀ ਵਿਚ ਬਹੁਤ ਹੀ ਪਰਿਵਰਤਨ ਲਿਆਂਦਾ ਹੈ। ਮਨੁੱਖ ਸੰਸਾਰ ਦੀ ਚਮਕ-ਦਮਕ ਦੇਖ ਕੇ ਇੱਥੋਂ ਦੀਆਂ ਪਦਾਰਥਕ ਵਸਤੂਆਂ ਦੇ ਵਿਚ ਫਸ ਗਿਆ ਹੈ। ਇਸ ਅੰਧਕਾਰ ਵਿਚ ਫਸ ਕੇ ਅੱਜ ਦਾ ਵਿਅਕਤੀ ਅਮੀਰ ਹੋਣ ਲਈ ਹਰ ਤਰ੍ਹਾਂ ਦੇ ਕੰਮ ਕਰਦਾ ਹੈ। ਇਸ ਪੈਸੇ ਦੀ ਅੰਨ੍ਹੀ ਦੌੜ ਵਿਚ ਪਿਆ ਹੋਇਆ ਹੈ। ਜਿਸ ਕਾਰਨ ਉਹ ਅੱਜ ਅਸ਼ਾਂਤ ਹੈ। 'ਸੁਖਮਨੀ ਸਾਹਿਬ' ਅਤੇ 'ਬਾਰਾਮਾਹ' ਹੀ ਸੰਸਾਰ ਦੀ ਇਸ ਵਿਵਸਥਾ ਨੂੰ ਬਦਲ ਕੇ ਚੰਗੇ ਰਸਤੇ ਤੇ ਪਾ ਸਕਦੀ ਹੈ। ਅੱਜ ਦੇ ਇਨਸਾਨ ਦੀ ਜੀਵਨ-ਸ਼ੈਲੀ ਵਿਚ ਅਨੇਕਾਂ ਹੀ ਬੁਰੇ ਵਿਕਾਰ ਆ ਖੜ੍ਹੇ ਹੋਏ ਹਨ। ਆਪਾਧਾਪੀ, ਦੌੜ-ਭੱਜ, ਅਸੰਜਮ, ਮਾਨਸਿਕ ਦੁਰਦਸ਼ਾ ਅਜੋਕੇ ਮਨੁੱਖ ਲਈ ਚਿੰਤਾ ਦਾ ਕਾਰਣ ਬਣ ਗਈ ਹੈ। ਇਸ ਹਲਾਤ ਅੰਦਰ ਮਾਨਵ ਦੀ ਸਮੁੱਚੀ ਜੀਵਨ ਸ਼ੈਲੀ ਨੂੰ ਬਦਲਣ ਦੀ ਸਮਰਥਾ ਸੁਖਮਨੀ ਬਾਣੀ ਹੈ। ਗੁਰੂ ਅਰਜਨ ਦੇਵ ਜੀ ਦੀ ਰਚਨਾ 'ਸੁਖਮਨੀ ਸਾਹਿਬ' ਅਤੇ 'ਬਾਰਾਮਾਹ' ਕਿਸੇ ਇਕ ਜਾਤੀ ਲਈ ਨਹੀਂ, ਸਗੋਂ ਸਮੁੱਚੀ ਜਾਤੀ ਲਈ ਹੀ ਮਹੱਤਵ ਰੱਖਦੀ ਹੈ।

ਗੁਰੂ ਅਰਜਨ ਦੇਵ ਜੀ ਦੀ ਰਚਨਾ 'ਸੁਖਮਨੀ ਸਾਹਿਬ' ਅਤੇ 'ਬਾਰਾਮਾਹ' ਅਜਿਹੇ ਮਨੁੱਖ ਦਾ ਸੰਕਲਪ ਸਿਰਜਦੀ ਹੈ ਜੋ ਪਰਮਾਤਮਾ ਦੇ ਮਾਰਗ ਤੇ ਚੱਲਣ ਵਾਲਾ, ਸਬਰ ਸੰਤੋਖ ਦਾ ਧਾਰਨੀ ਅਤੇ ਪੰਜ ਵਿਕਾਰ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਤੋਂ ਮੁਕਤ ਹੋਵੇ। ਅਜਿਹਾ 'ਸਚਿਆਰ' ਮਨੁੱਖ ਬਣਨ ਦੀ ਸੇਧ ਗੁਰੂ ਜੀ ਦੀ ਬਾਣੀ ਦੁਆਰਾ ਦਿੱਤੀ ਗਈ ਹੈ। ਮਨੁੱਖ ਨੂੰ ਇਮਾਨਦਾਰੀ, ਮਿਹਨਤ, ਵੰਡ ਛਕਣ, ਨਾਮ ਜੱਪਣ ਆਦਿ ਦਾ ਸਬਕ ਮਿਲਦਾ ਹੈ ਅਤੇ ਪਰਉਪਕਾਰੀ ਦੀ ਭਾਵਨਾ ਜਨਮ ਲੈਂਦੀ ਹੈ। ਜਿਸ ਦੇ ਨਾਲ ਸਮਾਜ ਵਿਚਲੀਆਂ ਬੁਰਾਈਆਂ ਖਤਮ ਹੋ ਸਕਦੀਆਂ ਹਨ। ਇਹ ਸੁੱਚਜੀ ਦਿਸ਼ਾ ਹੀ ਮਨੁੱਖ ਦੀ ਜੀਵਨ-ਸ਼ੈਲੀ ਨੂੰ ਬਦਲ ਸਕਦੀ ਹੈ। ਇਸੇ ਲਈ ਅਜੋਕੇ ਸਮੇਂ ਦੇ ਸਮਾਜ-ਸਭਿਆਚਾਰ ਵਿਚ ਆਈ ਗਿਰਾਵਟ ਨੂੰ ਖਤਮ ਕਰਨ ਲਈ ਸੁਖਮਨੀ ਬਾਣੀ ਹੀ ਮਹੱਤਵਪੂਰਨ ਹੈ।

ਅਜੋਕੇ ਸਮੇਂ ਵਿਚ ਸਮਾਜ ਨੇ ਹਰ ਪੱਖ ਤੋਂ ਬਹੁਤ ਤੇਜੀ ਨਾਲ ਵਿਕਾਸ ਕੀਤਾ ਹੈ। ਵਰਤਮਾਨ ਦੌਰ ਵਿਚ ਨਵੀਂ ਤਕਨਾਲੋਜੀ ਦੇ ਵਿਕਾਸ ਨਾਲ ਜਿੰਦਗੀ ਦੀ ਰਫਤਾਰ ਬਹੁਤ ਤੇਜ਼ ਹੋ ਗਈ ਹੈ। ਇਸ ਨਾਲ ਸਾਡੇ ਸਮਾਜ-ਸਭਿਆਚਾਰ ਵਿਚ ਬੇਚੈਨੀ, ਅਸ਼ਾਂਤੀ, ਭੱਜ-ਦੌੜ ਅੱਜ ਦੇ ਮਨੁੱਖ ਲਈ ਸੰਕਟ ਬਣ ਗਈ ਹੈ। ਮਨੁੱਖ ਪਦਾਰਥਕ ਵਸਤਾਂ ਦੀ ਪ੍ਰਾਪਤੀ ਲਈ ਹਰ ਤਰ੍ਹਾਂ ਦੇ ਯਤਨ ਕਰਦਾ ਹੈ। ਇਸ ਭੱਜ-ਦੌੜ ਵਾਲੀ ਜਿੰਦਗੀ ਨਾਲ ਮਨੁੱਖ ਦੀ ਜੀਵਨ-ਸ਼ੈਲੀ ਵਿਚ ਬਹੁਤ ਪਰਿਵਰਤਨ ਆਏ ਹਨ ਜਿੰਨ੍ਹਾਂ ਦੀ ਪਹੁੰਚ ਨਕਾਰਾਤਮਕ ਪ੍ਰਭਾਵ ਵਾਲੀ ਹੈ। ਅੱਜ ਦੇ ਸਮੇਂ ਅੰਦਰ ਮਨੁੱਖ ਦੀ ਜੀਵਨ-ਸ਼ੈਲੀ ਪੂਰੀ ਤਰ੍ਹਾਂ ਨਾਲ ਦੂਸ਼ਿਤ ਹੋ ਗਈ ਹੈ। ਇਸ ਸੰਦਰਭ ਵਿਚ ਮਨੁੱਖ ਕੇਵਲ ਨਾਸ਼ਵਾਨ ਵਸਤਾਂ ਨੂੰ ਹੀ ਪਹਿਲ ਦਿੰਦਾ ਹੈ। ਜਿਸ ਕਾਰਨ ਅਜੋਕਾ ਮਨੁੱਖ ਨਾਸ਼ਵਾਨਤਾ ਨੂੰ ਹੀ ਸੱਚ ਮਨ ਕੇ ਬੈਠਾ ਹੈ। ਅੱਜ ਦੇ ਸਮੇਂ ਵਿਚ ਮਨੁੱਖ ਦੀ ਸੋਚ, ਵਿਹਾਰ, ਕਰਮ ਕੇਵਲ ਸੰਸਾਰ ਦੀਆਂ ਪਦਾਰਥਕ ਵਸਤਾਂ ਦੀ ਪ੍ਰਾਪਤੀ ਦੇ ਯਤਨ ਕਰਦਾ ਹੈ। ਇਸ ਲਈ ਮਨੁੱਖ ਦੀ ਸੋਚ ਵੀ ਪਦਾਰਥਵਾਦੀ ਹੋ ਗਈ ਹੈ। ਵਰਤਮਾਨ ਦੌਰ ਵਿਚ ਮਨੁੱਖ ਦੂਸਰੇ ਤੋਂ ਅਮੀਰ ਹੋਣ ਲਈ ਦਿਨ-ਰਾਤ ਯਤਨ ਕਰਦਾ ਹੈ। ਜਿਸ ਕਾਰਨ ਉਸਦੀ ਸੁੱਖ, ਸ਼ਾਂਤੀ, ਸਹਿਣਸ਼ੀਲਤਾ ਅਤੇ ਸੰਜਮ ਕੀਤੇ ਖੋਹ ਗਿਆ ਹੈ। ਅਜਿਹੀ ਤੇਜ਼ ਰਫਤਾਰ ਵਾਲੀ ਜਿੰਦਗੀ ਵਿਚ ਅਸ਼ਾਂਤੀ, ਤਣਾਉ, ਦੁੱਖ ਆਦਿ ਦਾ ਵਧਣਾ ਸੁਭਾਵਿਕ ਹੈ। ਅੱਜ ਸੰਸਾਰ ਵਿਚ ਹਰ ਇਕ ਵਿਅਕਤੀ ਅਸ਼ਾਂਤ ਅਤੇ ਦੁੱਖੀ ਹੈ। ਸੰਸਾਰਿਕ ਭੱਜ-ਦੌੜ ਮਨੁੱਖ ਨੂੰ ਕਦੇ ਵੀ ਸ਼ਾਂਤੀ ਨਹੀਂ ਦੇ ਸਕਦੀ। ਮਨੁੱਖ ਦੀ ਅੱਜ ਅਸ਼ਾਂਤੀ ਦਾ ਕਾਰਨ ਹੈ ਵੱਧਦੀਆਂ ਇੱਛਾਵਾਂ, ਅਤੇ ਇਨ੍ਹਾਂ ਇੱਛਾਵਾਂ ਦੀ ਪੂਰਤੀ ਨਾ ਹੋਣ ਕਰਕੇ ਅੱਜ ਦਾ ਮਨੁੱਖ ਦੁੱਖੀ ਅਤੇ ਚਿੰਤਾ ਗ੍ਰਸਤ ਹੈ। ਇਹ ਸਥਿਤੀ ਹੋਰ ਵੀ ਭਿਆਨਕ ਮੋੜ੍ਹ ਲੈ ਲੈਂਦੀ ਹੈ ਜਦੋਂ ਮਨੁੱਖ ਦੀ ਲੋੜ ਤੋਂ ਵੱਧ ਜ਼ਰੂਰਤਾਂ ਦੀ ਪ੍ਰਾਪਤੀ ਨਾ ਹੋਵੇ ਤਾਂ ਫਿਰ ਮਨੁੱਖ ਆਪਣੇ ਜੀਵਨ ਅੰਦਰ ਬੁਰੇ ਕਰਮ ਕਰਨ ਲੱਗ ਪੈਂਦਾ ਹੈ। ਜਿਸ ਨਾਲ ਮਨੁੱਖ ਦਾ ਜੀਵਨ ਅੱਜ ਭਿਆਨਕ ਰੂਪ ਲੈ ਰਿਹਾ ਹੈ।

ਮਨੁੱਖ ਦੀ ਸਭ ਤੋਂ ਵੱਡੀ ਦੁਸ਼ਮਣ ਉਸ ਦੀ ਲਾਲਸਾ ਹੈ। ਅੱਜ ਮਨੁੱਖੀ ਜੀਵਨ ਵਿਚ ਪਦਾਰਥਕ ਵਸਤੂਆਂ ਦੀ ਵੱਧ ਰਹੀ ਲਾਲਸਾ ਕਾਰਨ ਹੀ ਅੱਜ ਮਨੁੱਖ ਦੇ ਜੀਵਨ ਅੰਦਰ ਅਸ਼ਾਂਤੀ ਹੀ ਅਸ਼ਾਂਤੀ ਹੈ। ਸਾਡੇ ਮਹਾਂਪੁਰਸ਼ਾਂ ਨੇ ਇਸ ਲਾਲਸਾ ਤੋਂ ਨਿਜਾਤ ਪਾਉਣ ਲਈ ਸਾਨੂੰ ਪ੍ਰੇਰਨਾ ਦਿੱਤੀ ਹੈ। ਵਿਸ਼ਵੀਕਰਨ ਦੇ ਇਸ ਦੌਰ ਵਿਚ ਮਨੁੱਖ ਦੇ ਦੁੱਖਾਂ ਦਾ ਕਾਰਨ ਉਸ ਦੀ ਲਾਲਸਾ ਹੈ। ਅੱਜ ਜੇ ਅਸੀਂ ਸਮਾਜ ਅੰਦਰ ਦੇਖਦੇ ਹਾਂ ਤਾਂ ਹਰੇਕ ਵਿਅਕਤੀ

ਕੋਲ ਲੋੜ ਤੋਂ ਵੱਧ ਵਸਤੂਆਂ ਹਨ। ਪਰ ਫਿਰ ਵੀ ਉਸ ਦੀ ਲਾਲਸਾ ਕਦੀ ਪੂਰੀ ਨਹੀਂ ਹੁੰਦੀ ਹੈ। ਇਨ੍ਹਾਂ ਵੱਧ ਰਹੀਆਂ ਲਾਲਸਾ ਕਾਰਨ ਹੀ ਅੱਜ ਹਰ ਰੋਜ਼ ਅਪਰਾਧ ਦੀਆਂ ਘਟਨਾਵਾਂ ਸਾਡੇ ਸਾਹਮਣੇ ਆਉਂਦੀਆਂ ਹਨ। ਵੱਧ ਰਹੀਆਂ ਲਾਲਸਾਵਾਂ ਦੀ ਅਪੂਰਤੀ ਕਾਰਨ ਵਿਅਕਤੀ ਕਰੀ ਤਰ੍ਹਾਂ ਦੇ ਢੰਗ-ਤਰੀਕਿਆਂ ਨਾਲ ਇਹਨਾਂ ਦੀ ਪੂਰਤੀ ਕਰਨਾ ਚਹੁੰਦਾ ਹੈ। ਸੰਸਾਰਿਕ ਸੁੱਖਾਂ ਦੀ ਪ੍ਰਾਪਤੀ ਲਈ ਵਿਅਕਤੀ ਕੋਲ ਪੈਸਾ ਚਾਹੀਦਾ ਹੈ ਅਤੇ ਪੈਸੇ ਨੂੰ ਪਾਉਣ ਲਈ ਮਨੁੱਖ ਕਈ ਤਰ੍ਹਾਂ ਦੇ ਗਲਤ ਯਤਨ ਕਰਦਾ ਹੈ। ਉਹ ਆਪਣੇ ਜੀਵਨ ਵਿਚ ਰਿਸ਼ਵਤ, ਬੇਇਮਾਨੀ, ਝੂਠ, ਚੋਰੀ, ਲੜਾਈ-ਝਗੜੇ ਵਰਗੇ ਬੁਰੇ ਕਰਮ ਕਰਦਾ ਹੈ। ਅੱਜ ਸਮਾਜ ਵਿਚ ਹਰ ਪਾਸੇ ਲੜਾਈ-ਝਗੜੇ, ਲੁੱਟ-ਖੋਹ, ਜ਼ਬਰ-ਜਿਹਾਨ ਆਦਿ ਵਰਗੀਆਂ ਘਟਨਾਵਾਂ ਨੇ ਜਨਮ ਲਿਆ ਹੈ। ਇਸ ਪਿੱਛੇ ਲਾਲਸਾਵਾਂ ਦੀ ਪੂਰਤੀ ਦੇ ਗਲਤ ਯਤਨ ਕੰਮ ਕਰਦੇ ਹਨ। ਅੱਜ ਇਨਸਾਨ ਸੁੱਖੀ ਜੀਵਨ ਦੀ ਪ੍ਰਾਪਤੀ ਲਈ ਬੁਰੇ ਕਰਮ ਕਰਨ ਲਈ ਤਿਆਰ ਰਹਿੰਦਾ ਹੈ ਅਤੇ ਮਨੁੱਖ ਦੂਸਰਿਆਂ ਦੇ ਫਾਇਦੇ ਜਾ ਨੁਕਸਾਨ ਬਾਰੇ ਨਹੀਂ ਸੋਚਦਾ, ਬਸ ਆਪਣੀ ਹੀ ਅੰਨ੍ਹੀ ਦੋੜ ਵਿਚ ਲੱਗਾ ਹੋਇਆ ਹੈ। ਅਜਿਹੀਆਂ ਪ੍ਰਾਪਤੀਆਂ ਦੀਆਂ ਚਿੰਤਾ ਵਿਚ ਅੱਜ ਦਾ ਮਨੁੱਖ ਆਪਣੀ ਸੁੱਖ ਸ਼ਾਂਤੀ ਗਵਾ ਬੈਠਾ ਹੈ। ਇਸ ਸਭ ਪਿੱਛੇ ਇਕ ਹੀ ਕਾਰਨ ਹੈ ਕਿ ਮਨੁੱਖ ਦਾ ਅਸਲ ਸੱਚ ਤੋਂ ਦੂਰ ਹੋਣਾ ਹੈ। ਪਰ ਉਹ ਸੰਸਾਰ ਨੂੰ ਹੀ ਅਸਲ ਸੱਚ ਮੰਨ ਕੇ ਬੈਠਾ ਹੈ। ਅੱਜ ਦਾ ਮਨੁੱਖ ਪਰਮਾਤਮਾ ਤੋਂ ਟੁੱਟ ਕੇ ਸੰਸਾਰ ਦੀ ਅੰਨ੍ਹੀ ਦੌੜ ਵਿਚ ਲੱਗਾ ਹੋਇਆ ਹੈ ਅਤੇ ਸੰਸਾਰ ਦੀ ਮਾਇਆ ਵਿਚ ਫਸ ਕੇ ਆਪਣੇ ਅਸਲ ਉਦੇਸ਼ ਨੂੰ ਭੁੱਲ ਚੁੱਕਾ ਹੈ।

ਇਸ ਸੰਸਾਰ ਅੰਦਰ ਫੈਲੇ ਅੰਧਕਾਰ ਨੂੰ ਕੇਵਲ ਮਾਤਰ ਸੱਚ ਦੇ ਫੈਲਾਅ ਨਾਲ ਹੀ ਦੂਰ ਕੀਤਾ ਜਾ ਸਕਦਾ ਹੈ। ਇਸ ਤੱਥ ਨਾਲ ਸ਼ਾਇਦ ਆਪ ਸਭ ਸਹਿਮਤ ਹੋਵੋ। ਆਪ ਖੁਦ ਜਾਂ ਆਪ ਦਾ ਕੋਈ ਜਾਣਕਾਰ ਜਰੂਰ ਹੀ ਇਸ ਗੱਲ ਵਿਚ ਵਿਸ਼ਵਾਸ ਕਰਦਾ ਹੋਵੇਗਾ ਕਿ ਜ਼ਿੰਦਗੀ ਅੰਦਰ ਹਮੇਸ਼ਾ ਸੱਚ ਦਾ ਸਾਥ ਦੇਣਾ ਚਾਹੀਦਾ ਹੈ, ਅਜਿਹੇ ਵਿਅਕਤੀ ਇਸ ਸਿਧਾਂਤ ਨੂੰ ਅਧਿਆਤਮ ਦਾ ਸੰਦੇਸ਼ ਮੰਨ ਕੇ ਪਾਲਣਾ ਕਰਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜੀਵਨ ਨੂੰ ਸੱਚ ਦਾ ਅਧਾਰ ਪ੍ਰਦਾਨ ਕਰਨਾ ਹੀ ਅਧਿਆਤਮ ਹੈ। ਪਰ ਵੱਡਾ ਸੁਆਲ ਇਹ ਹੈ ਕਿ ਸੱਚ ਕੀ ਹੈ?

ਆਮ ਵਿਅਕਤੀ ਲਈ ਸੱਚ ਦੀ ਪਰਿਭਾਸ਼ਾ ਹੈ ਕਿ ਜਿਸ ਨੂੰ ਉਹ ਸੱਚ ਮੰਨਦਾ ਹੈ ਉਹ ਸੱਚ ਹੈ ਜਿਸ ਨੂੰ ਉਹ ਝੂਠ ਮੰਨਦਾ ਹੈ ਉਹ ਝੂਠ ਹੈ। ਪਰ ਇਸਦਾ ਫੈਸਲਾ ਕੌਣ ਕਰੇਗਾ ਕਿ ਇਹ ਸੋਚ ਸਹੀ ਹੈ? ਵਿਚਾਰਨਯੋਗ ਤੱਥ ਇਹ ਵੀ ਹੈ ਕਿ ਜੋ ਸਾਡੇ ਲਈ ਅੱਜ ਤੋਂ ਦਸ ਸਾਲ ਪਹਿਲਾਂ ਸੱਚ ਸੀ ਕੀ ਉਹ ਅੱਜ ਵੀ ਸੱਚ ਹੈ? ਜਾਂ ਫਿਰ ਜਿਸ ਨੂੰ ਅਸੀਂ ਅੱਜ ਸੱਚ ਮੰਨਦੇ ਹਾਂ ਕੀ ਉਹ ਦਸ ਸਾਲ ਬਾਅਦ ਸੱਚ ਹੋਵੇਗਾ? ਜੀ ਨਹੀਂ, ਅਜਿਹਾ ਜਰੂਰੀ ਨਹੀਂ। ਸਮੇਂ ਦੇ ਹਿਸਾਬ ਨਾਲ ਵਿਅਕਤੀ ਦੀ ਸੋਚ ਅਤੇ ਵਿਸ਼ਵਾਸ ਦੋਨੋਂ ਹੀ ਬਦਲਦੇ ਹਨ। ਇਸ ਦੀਆਂ ਅਨੇਕਾਂ ਉਦਾਹਰਣਾਂ ਵਿਅਕਤੀ ਦੇ ਜੀਵਨ ਅੰਦਰ ਹੋ ਸਕਦੀਆਂ ਹਨ। ਫਿਰ ਵਿਚਾਰ ਕਰੋ ਕਿ ਜਿਸ ਸੱਚ ਦੇ ਸਹਾਰੇ ਅਸੀਂ ਖੜ੍ਹੇ ਹਾਂ ਕੀ ਉਹ ਸਥਾਈ ਸੱਚ ਹੈ। ਅਸਲ ਵਿਚ ਸੱਚ ਤਾਂ ਉਹ ਪਰਮਾਤਮਾ ਹੈ ਜੋ ਕਦੇ ਨਹੀਂ ਬਦਲਦਾ।

ਭਾਵ ਪਰਮਾਤਮਾ ਹੀ ਉਹ ਸੱਚ ਹੈ ਜੋ ਹਰ ਸਮੇਂ ਸਥਾਈ ਰੂਪ ਵਿਚ ਰਹਿੰਦਾ ਹੈ। ਇਸਦਾ ਅਰਥ ਇਹੀ ਨਿਕਲਦਾ ਹੈ ਕਿ ਜੀਵਨ ਅੰਦਰ ਉਸ ਪਰਮਾਤਮਾ ਨੂੰ ਜਾਨਣਾ ਹੀ ਸੱਚ ਹੈ। ਸੁਖਮਨੀ ਬਾਣੀ ਸਾਨੂੰ ਇਸੇ ਸੱਚ ਤੋਂ

ਜਾਣੂ ਕਰਵਾਉਂਦੀ ਹੈ ਜਿਸ ਦੀ ਪ੍ਰਾਪਤੀ ਤੋਂ ਬਾਅਦ ਵਿਅਕਤੀ ਕਦੇ ਵੀ ਨਹੀਂ ਡੋਲਦਾ।ਆਪ ਸੋਚ ਰਹੇ ਹੋਵੋਗੇ ਕਿ ਪਰਮਾਤਮਾ ਸੱਚ ਹੈ ਇਹ ਤਾਂ ਸਾਰੀ ਦੁਨੀਆਂ ਹੀ ਮੰਨਦੀ ਹੈ। ਪਰ ਮੰਨਣ ਅਤੇ ਜਾਨਣ ਵਿਚ ਅੰਤਰ ਹੁੰਦਾ ਹੈ। ਮੰਨਣ ਵਾਲੇ ਦਾ ਵਿਸ਼ਵਾਸ ਕਦੋਂ ਖਤਮ ਹੋ ਜਾਵੇ ਕੁੱਝ ਨਹੀਂ ਕਿਹਾ ਜਾ ਸਕਦਾ। ਪਰ ਜੋ ਉਸ ਪਰਮਾਤਮਾ ਨੂੰ ਧੁਰ ਤੋਂ ਜਾਣ ਲੈਂਦਾ ਹੈ ਉਸ ਦਾ ਵਿਸ਼ਵਾਸ ਸਥਾਈ ਰਹਿੰਦਾ ਹੈ। ਇਸ ਲਈ 'ਸੁਖਮਨੀ ਸਾਹਿਬ' ਅਤੇ 'ਬਾਰਾਮਾਹ' ਸਾਨੂੰ ਇਸ ਪਰਮ ਸੱਚ ਪਰਮਾਤਮਾ ਬਾਰੇ ਜਾਣੂ ਕਰਵਾਉਂਦੀ ਹੈ। ਪਰਮਾਤਮਾ ਦੀ ਪ੍ਰਾਪਤੀ ਨਾਲ ਹੀ ਦੁਨੀਆਂ ਅੰਦਰ ਸ਼ਾਂਤੀ ਦੀ ਸਥਾਪਨਾ ਹੋ ਸਕਦੀ ਹੈ। ਇਸ ਲਈ ਆਉ ਸੱਚਾਈ ਪ੍ਰਤੀ ਆਪਣੀਆਂ ਨਿੱਜੀ ਧਾਰਨਾਵਾਂ ਤੋਂ ਉੱਪਰ ਉੱਠ ਕੇ 'ਸੁਖਮਨੀ ਸਾਹਿਬ' ਅਤੇ 'ਬਾਰਾਮਾਹ' ਦੁਆਰਾ ਦਰਸਾਏ ਮਾਰਗ ਦੇ ਪਾਂਧੀ ਬਣ ਕੇ ਆਪਣੇ ਜੀਵਨ ਨੂੰ ਸਫਲ ਕਰੀਏ।

ਗੁਰੂ ਅਰਜਨ ਦੇਵ ਜੀ ਨੇ 'ਸੁਖਮਨੀ ਸਾਹਿਬ' ਅਤੇ 'ਬਾਰਾਮਾਹ' ਵਿਚ ਸੰਸਾਰਿਕ ਸੁੱਖਾਂ ਤੋਂ ਉੱਪਰ ਉੱਠ ਕੇ ਆਤਮਿਕ ਸੁੱਖ ਬਾਰੇ ਜਾਣੂ ਕਰਵਾਇਆ ਹੈ। ਗੁਰੂ ਜੀ ਨੇ ਸੁਖਮਨੀ ਬਾਣੀ ਅੰਦਰ ਦੱਸਿਆ ਹੈ ਕਿ ਪਰਮਾਤਮਾ ਦਾ ਸੁੱਖ ਦੇਣ ਵਾਲੀ ਅਸਲ ਮਣੀ ਹੀ ਸੁਖਮਨੀ ਹੈ। ਪਰਮਾਤਮਾ ਦਾ ਨਾਮ ਭਗਤਾਂ ਦੇ ਹਿਰਦੇ ਅੰਦਰ ਸਮਾਇਆ ਹੈ। ਸੁਖਮਨੀ ਸਾਹਿਬ ਦੀ ਪਰਿਭਾਸ਼ਾ ਤੋਂ ਸਾਨੂੰ ਇਹ ਪਤਾ ਲੱਗਦਾ ਹੈ ਕਿ ਪੂਰੀ ਬਾਣੀ ਪਰਮਾਤਮਾ ਦੇ ਦੁਆਲੇ ਹੀ ਘੁੰਮਦੀ ਹੈ। ਸੁਖਮਨੀ ਬਾਣੀ ਦੀ ਪਹਿਲੀ ਅਸਟਪਦੀ ਨੂੰ ਅਰੰਭ ਕਰਨ ਤੋਂ ਪਹਿਲਾਂ ਇਕ ਸਲੋਕ ਦਰਜ ਹੈ।

ਆਦਿ ਗੁਰਏ ਨਮਹ॥ ਜੁਗਾਦਿ ਗੁਰਏ ਨਮਹ॥
ਸਤਿਗੁਰਏ ਨਮਹ॥ ਸ੍ਰੀ ਗੁਰਦੇਵਏਵ ਨਮਹ॥

ਸੁਖਮਨੀ ਬਾਣੀ ਵਿਚ ਦੱਸਿਆ ਹੈ ਕਿ ਗੁਰੂ ਰੂਪੀ ਸ਼ਕਤੀ ਆਦਿ ਜੁਗਾਦਿ ਤੋਂ ਹੀ ਚੱਲੀ ਆ ਰਹੀ ਹੈ। ਭਾਵ ਕਿ ਜਦ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ ਹੈ ਪਰਮਾਤਮਾ ਦਾ ਨਾਮ ਉਦੋਂ ਤੋਂ ਹੀ ਲਿਆ ਜਾਂਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਮੈਂ ਇਸ ਸਤਿਗੁਰੂ ਨੂੰ ਨਮਸਕਾਰ ਕਰਦਾ ਹਾਂ। ਜਿਸ ਦੁਆਰਾ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਜੀ ਦਾ ਅਸਲ ਮਨੋਰਥ ਇਹ ਦੱਸਣਾ ਹੈ ਕਿ ਪਰਮਾਤਮਾ ਇਕੋ ਹੀ ਹੈ। ਦੂਸਰੀ ਇਸ ਸੰਸਾਰ ਅੰਦਰ ਕੋਈ ਵੀ ਸ਼ਕਤੀ ਨਹੀਂ ਹੈ। ਸਾਰੇ ਕੁੱਝ ਦੀ ਰਚਨਾ ਕਰਨ ਵਾਲਾ ਪਰਮਾਤਮਾ ਆਪ ਹੀ ਹੈ। ਸੰਸਾਰ ਦੀ ਹਰ ਇਕ ਵਸਤੂ ਵਿਚ ਪਰਮਾਤਮਾ ਦਾ ਵਾਸ ਹੈ। ਪਰਮਾਤਮਾ ਸਰਬ ਵਿਆਪਕ ਹੈ। ਫਿਰ ਅਸੀਂ ਕਿਉਂ ਪਰਮਾਤਮਾ ਦੇ ਸਰੂਪ ਨੂੰ ਸਮਝ ਨਹੀਂ ਸਕਦੇ ਹਾਂ। ਗੁਰੂ ਅਰਜਨ ਦੇਵ ਜੀ ਦੱਸਦੇ ਹਨ :

ਰੂਪੁ ਨ ਰੇਖ ਨ ਰੰਗ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥
ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ॥

ਗੁਰੂ ਜੀ ਸਲੋਕ ਅੰਦਰ ਪਰਮਾਤਮਾ ਦੇ ਰੂਪ, ਰੇਖ, ਰੰਗ ਅਤੇ ਤ੍ਰੈਗੁਣ ਤੋਂ ਮੁਕਤ ਹੈ। ਸੰਸਾਰ ਹੀ ਰੂਪ, ਰੇਖ, ਰੰਗ ਆਦਿ ਦੇ ਬੰਧਨ ਵਿਚ ਆਉਂਦਾ ਹੈ। ਪਰ ਪਰਮਾਤਮਾ ਦਾ ਕੋਈ ਵੀ ਰੂਪ ਨਹੀਂ ਹੁੰਦਾ ਹੈ। ਪਰਮਾਤਮਾ ਦਾ ਮੂਲ ਗੁਣ ਸਦੀਵੀ ਹੈ ਅਤੇ ਇਸ ਸੰਸਾਰ ਅੰਦਰ ਹੋਰ ਕੋਈ ਵੀ ਚੀਜ਼ ਸਦੀਵੀ ਨਹੀਂ ਹੈ। ਇਸ ਲਈ ਪਰਮਾਤਮਾ ਨੂੰ ਉਹ ਹੀ ਜਾਣ ਸਕਦਾ ਹੈ ਜਿਸ ਤੇ ਪਰਮਾਤਮਾ ਆਪ ਕਿਰਪਾ ਕਰਦਾ ਹੈ। ਪਰਮਾਤਮਾ ਤੇ ਜੋਤ ਰੂਪ

ਵਿਚ ਸਭ ਅੰਦਰ ਬਿਰਜਮਾਨ ਹੈ। ਇਸ ਲਈ ਲੋੜ ਹੈ ਅੱਜ ਸਾਨੂੰ ਵੀ ਜਾਣਨ ਦੀ ਤਾਂ ਜੋ ਅਸੀਂ ਅਸਲ ਸੱਚ ਨੂੰ ਜਾਣ ਸਕੀਏ। ਫਿਰ ਹੀ ਸਾਡੇ ਜੀਵਨ ਦੇ ਉਦੇਸ਼ ਦੀ ਪੂਰਤੀ ਹੋ ਸਕਦੀ ਹੈ। ਪਰ ਵਿਚਾਰਨ ਯੋਗ ਗੱਲ ਇਹ ਹੈ ਕਿ ਪਰਮਾਤਮਾ ਨੂੰ ਕਿਸ ਤਰਾਂ ਜਾਣ ਸਕਦੇ ਹਾਂ। ਗੁਰੂ ਅਰਜਨ ਦੇਵ ਜੀ ਨੇ ਇਸ ਦੇ ਹੱਲ ਲਈ ਨਾਮ ਸਿਮਰਨ ਦੀ ਮਹਾਨਤਾ ਨੂੰ ਪੇਸ਼ ਕੀਤਾ ਹੈ। ਜੇ ਅਸੀਂ ਅਜੋਕੇ ਸਮਾਜ-ਸਭਿਆਚਾਰ ਸਥਿਤੀ ਅੰਦਰ ਸੁਧਾਰ ਲਿਆਉਣਾ ਚਹੁੰਦੇ ਹਾਂ ਤਾਂ ਸਾਨੂੰ ਵੀ ਪਰਮਾਤਮਾ ਦੇ ਨਾਮ ਸਿਮਰਨ ਨਾਲ ਜੁੜਨਾ ਪਵੇਗਾ। ਗੁਰੂ ਜੀ ਦੱਸਦੇ ਹਨ ਕਿ ਪਰਮਾਤਮਾ ਦਾ ਨਾਮ ਕਰਮ ਕਾਂਢੀ ਪੂਜਾ ਅਤੇ ਹਰ ਪ੍ਰਕਾਰ ਦੇ ਸ਼ਾਸਤਰਾਂ ਤੋਂ ਵੀ ਉੱਪਰ ਮੰਨਿਆ ਗਿਆ ਹੈ। ਗੁਰੂ ਜੀ ਬਿਆਨ ਕਰਦੇ ਹਨ ਕਿ ਧਾਰਮਕ ਕਰਮ-ਕਾਂਢ, ਜਪ-ਤਪ, ਜੋਗ, ਅਭਿਆਸ, ਕਰਮ, ਧਰਮ, ਹਵਨ, ਵਰਤ, ਤਪੱਸਿਆ, ਪੁੰਨ-ਦਾਨ ਆਦਿ ਸਾਧਨਾਂ ਨੂੰ ਪਰਮਾਤਮਾ ਦੇ ਨਾਮ ਸਿਮਰਨ ਨਾਲ ਨਹੀਂ ਜੋੜ ਸਕਦੇ ਹਾਂ। ਇਹ ਤਾਂ ਸਿਰਫ ਇਕ ਪਾਖੰਡਤਾ ਹੈ ਇਸ ਨਾਲ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ ਹੈ। ਇਹ ਸਾਰੇ ਬਾਹਰੀ ਝੂਠੇ ਕਰਮ-ਕਾਂਡ ਹਨ ਜਿਸ ਨਾਲ ਵਿਅਕਤੀ ਅੰਧਵਿਸ਼ਵਾਸ ਦੇ ਚੱਕਰ ਵਿਚ ਫਸਿਆ ਰਹਿੰਦਾ ਹੈ। ਗੁਰੂ ਅਰਜਨ ਦੇਵ ਜੀ ਪਰਮਾਤਮਾ ਦੇ ਨਾਮ ਦੀ ਮਹਿਮਾ ਬਾਰੇ ਦੱਸਦੇ ਹਨ:

ਮਨ ਹਰਿ ਕੇ ਨਾਮ ਕੀ ਮਹਿਮਾ ਊਚ॥

ਨਾਨਕ ਨਾਮਿ ਉਧਰੇ ਪਤਿਤ ਬਹੁ ਮੂਚ॥

ਇਸ ਲਈ ਗੁਰੂ ਜੀ ਆਪਣੀ ਬਾਣੀ ਰਾਹੀ ਮਨੁੱਖ ਨੂੰ ਉਪਦੇਸ਼ ਦਿੰਦੇ ਹਨ ਕਿ ਕੇਵਲ ਪਰਮਾਤਮਾ ਦਾ ਨਾਮ ਹੀ ਜਪਣਾ ਚਾਹੀਦਾ ਹੈ। ਇਸ ਅੰਧਕਾਰ ਵਿਚੋਂ ਬਾਹਰ ਨਿਕਲਨਾ ਚਾਹੀਦਾ ਹੈ। ਫਿਰ ਹੀ ਸਾਨੂੰ ਚੰਗੇ ਅਤੇ ਬੁਰੇ ਦੀ ਪਹਿਚਾਣ ਕਰਨੀ ਆ ਸਕਦੀ ਹੈ। ਨਾਮ ਸਿਮਰਨ ਦੀ ਪ੍ਰਾਪਤੀ ਤੋਂ ਬਾਅਦ ਮਨੁੱਖ ਕਦੀ ਵੀ ਗਲਤ ਰਸਤੇ ਤੇ ਚੱਲ ਹੀ ਨਹੀਂ ਸਕਦਾ ਹੈ। ਗੁਰੂ ਜੀ ਨੇ ਆਪਣੀ ਰਾਹੀ ਇਕ ਪੂਰੇ ਸੰਤ ਭਾਵ ਸਤਿਗੁਰੂ ਦੇ ਗੁਣਾਂ ਬਾਰੇ ਦੱਸਿਆ ਹੈ। 'ਸੁਖਮਨੀ ਸਾਹਿਬ' ਅਤੇ 'ਬਾਰਾਮਾਹ' ਅਨੁਸਾਰ ਇਕ ਸੰਤ ਪਦ ਨੂੰ ਵਡਿਆਇਆ ਹੈ ਅਤੇ ਸੰਤ ਉਸ ਨੂੰ ਕਿਹਾ ਜਾਂਦਾ ਹੈ ਜਿਸ ਦੀ ਆਤਮਾ ਸ਼ਾਂਤ, ਮਨ ਅਤੇ ਇੰਦਰੀਆਂ ਤੇ ਉਸ ਦੇ ਕਾਬੂ ਹੋਣ । ਸੰਤ ਆਪਣੇ ਚੰਗੇ ਵਿਚਾਰਾਂ ਨਾਲ ਮਾਨਵਤਾ ਦਾ ਭਲਾ ਕਰਦੇ ਹਨ। ਗੁਰੂ ਜੀ ਦੱਸਦੇ ਹਨ ਕਿ ਸੰਤ ਕੋਈ ਜੰਗਲਾਂ ਵਿਚ ਜਾ ਕੇ ਕੋਈ ਜਪ-ਤਪ ਨਹੀਂ ਕਰਦਾ, ਸਗੋਂ ਸੰਸਾਰ ਵਿਚ ਰਹਿ ਕੇ ਸਮਾਜ ਦਾ ਕਲਿਆਣ ਕਰਦਾ ਹਨ। ਇਹ ਸਤਿਗੁਰੂ ਵੀ ਸੱਚੇ ਮਾਰਗ ਤੇ ਚਲੱਦਾ ਹੈ ਅਤੇ ਦੂਜਿਆਂ ਨੂੰ ਵੀ ਸੱਚ ਦਾ ਉਪਦੇਸ਼ ਦਿੰਦਾ ਹੈ। ਗੁਰੂ ਜੀ ਦੱਸਦੇ ਹਨ ਕਿ ਪਰਮਾਤਮਾ ਨੇ ਇਸ ਸੰਸਾਰ ਅੰਦਰ ਅਨੇਕਾਂ ਹੀ ਜੀਵ ਪੈਦਾ ਕੀਤੇ ਹਨ ਜੋ ਆਪੋ-ਆਪਣੇ ਕਰਮਾਂ ਅਨੁਸਾਰ ਜੂਨਾਂ ਨੂੰ ਭੋਗਦੇ ਹਨ। ਪਰ ਇਨ੍ਹਾਂ ਜੂਨਾਂ ਤੋਂ ਮੁਕਤੀ ਪਾਉਣ ਲਈ ਮਨੁੱਖ ਨੂੰ ਸੰਤ ਭਾਵ ਇਕ ਸਤਿਗੁਰੂ ਦੀ ਸ਼ਰਨ ਵਿਚ ਪਵੇਗਾ ਫਿਰ ਹੀ ਅਸੀਂ ਜਨਮ-ਮਰਨ ਤੋਂ ਮੁਕਤੀ ਪਾ ਸਕਦੇ ਹਾਂ। ਗੁਰੂ ਜੀ ਬਾਰਾਮਾਹ ਮਾਝ ਵਿਚ ਦੱਸਦੇ :-

ਕਤਿਕ ਹੋਵੈ ਸਾਧ ਸੰਗੁ ਬਿਨਸਹਿ ਸਭੇ ਸੋਚ॥

ਜਿਸ ਮਨੁੱਖ ਨੇ ਪਰਮਾਤਮਾ ਦੇ ਪੂਰੇ ਨਾਮ ਨੂੰ ਜੱਪਦਾ ਹੈ ਉਹ ਹੀ ਪਰਮਾਤਮਾ ਨੂੰ ਪਾ ਸਕਦਾ ਹੈ। ਗੁਰੂ ਜੀ ਦੱਸਦੇ ਹਨ ਕਿ ਸਾਨੂੰ ਵੀ ਪੂਰਾ ਗੁਰੂ ਧਾਰਨ ਕਰਨਾ ਚਾਹੀਦਾ ਹੈ ਜੋ ਸਾਨੂੰ ਪਰਮਾਤਮਾ ਦੇ ਨਾਲ ਇਕ-ਮਿਕ ਕਰ

ਦੇਵੇ ਅਤੇ ਸਾਨੂੰ ਵੀ ਪੂਰੇ ਗੁਰੂ ਦੇ ਗੁਣ ਗਾਉਣੇ ਚਾਹੀਦੇ ਹਨ। ਗੁਰੂ ਜੀ ਅੱਜ ਦੇ ਸਮਾਜ ਨੂੰ ਜਾਣੂ ਕਰਵਾਉਂਦੇ ਹਨ ਕਿ ਸਾਨੂੰ ਵੀ ਆਪਣੇ ਜੀਵਨ ਅੰਦਰ ਪੂਰੇ ਗੁਰੂ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ। ਜੋ ਆਪਣੇ ਨਾਮ ਸਿਮਰਨ ਦੁਆਰਾ ਇਸ ਸਮਾਜਕ ਬੁਰਾਈਆਂ ਦਾ ਖਾਤਮਾ ਕਰ ਕਰ ਸਕੇ। ਇਸ ਲਈ ਅੱਜ ਸਾਨੂੰ ਵੀ ਇਸ ਤਰ੍ਹਾਂ ਦੇ ਨਾਮ ਦੀ ਲੋੜ ਹੈ ਜੋ ਸਾਡੀ ਜੀਵਨ-ਸ਼ੈਲੀ ਨੂੰ ਚੰਗੇ ਰਸਤੇ ਤੇ ਲੈ ਕੇ ਆਵੇ।

ਪੂਰੇ ਗੁਰ ਕਾ ਸੁਨਿ ਉਪਦੇਸੁ॥
ਪਾਰਬ੍ਰਹਮੁ ਨਿਕਟਿ ਕਰਿ ਪੇਖੁ॥
ਸਾਸਿ ਸਾਸਿ ਸਿਮਰਹੁ ਗੋਬਿੰਦ॥
ਮਨ ਅੰਤਰ ਕੀ ਉਤਰੈ ਚਿੰਦ॥

ਇਕ ਸਤਿਗੁਰੂ ਹੀ ਹੈ ਜੋ ਅੱਜ ਅਜੋਕੇ ਸਮਾਜ ਦੀਆਂ ਪ੍ਰਸਥਿਤੀਆਂ ਵਿਚ ਸੁਧਾਰ ਲੈ ਕੇ ਆ ਸਕਦਾ ਹੈ। ਇਸ ਲਈ ਮਨੁੱਖ ਨੂੰ ਪੂਰੇ ਸਤਿਗੁਰੂ ਦਾ ਉਪਦੇਸ਼ ਮਨ ਕੇ ਜੀਵਨ ਬਤੀਤ ਕਰਨਾ ਚਾਹੀਦਾ ਹੈ। ਇਕ ਪੂਰਾ ਗੁਰੂ ਹੀ ਸੱਚੇ ਗਿਆਨ ਦੀ ਪ੍ਰਾਪਤੀ ਕਰਵਾਉਂਦਾ ਹੈ। ਜਿਸ ਨਾਲ ਅਸੀਂ ਪਰਮਾਤਮਾ ਦੀ ਪ੍ਰਾਪਤੀ ਕਰ ਕੇ ਆਪਣੇ ਜੀਵਨ ਨੂੰ ਮੁਕਤ ਕਰੀਏ।ਸੁਖਮਨੀ ਸਾਹਿਬ ਦੀ ਬਾਣੀ ਸਿਮਰਨ ਤੇ ਬੱਲ ਦਿੰਦੀ ਹੈ। ਨਾਮ ਦੇ ਨਾਲ ਜੁੜਨ ਨਾਲ ਅਕਾਲ ਪੁਰਖ ਦੇ ਗੁਣਾਂ ਦਾ ਭੇਦ ਸਾਹਮਣੇ ਆਉਂਦਾ ਹੈ ਤੇ ਮਨੁੱਖੀ ਹੋਂਦ ਦੀ ਪ੍ਰਤੀਤੀ ਹੁੰਦੀ ਹੈ। ਜਦੋਂ ਉਸ ਸਰਬ-ਸਮਰੱਥ ਪ੍ਰਿਤਪਾਲਕ ਦੇ ਹੁਕਮ ਦੀ ਸੋਝੀ ਹੁੰਦੀ ਹੈ ਤਾਂ ਉਹਦੀ ਰਜ਼ਾ ਵਿਚ ਰਹਿਣ ਦਾ ਬੱਲ ਮਿਲਦਾ ਹੈ। ਹੁਕਮ ਨੂੰ ਦ੍ਰਿੜ ਕਰਕੇ ਰਜ਼ਾ ਵਿਚ ਰਹਿਣਾ ਸਿਖਾਇਆ ਜਾਂਦਾ ਹੈ ਕਿਉਂਕਿ ਰਜ਼ਾ ਵਿਚ ਹੀ ਸੁੱਖ ਤੇ ਸ਼ਾਂਤੀ ਹੈ। ਇਸ ਤਰ੍ਹਾਂ ਸਿਮਰਨ ਤੇ ਹੁਕਮ ਮਨ ਨੂੰ ਨਿਯੰਤਰਣ ਵਿਚ ਰੱਖਣ ਦੀ ਯੋਗ ਜੁਗਤ ਹੈ ਤੇ ਰਜ਼ਾ ਵਿਚ ਰਹਿ ਕੇ ਹੀ ਮਰਿਆਦਾ ਤੇ ਸੰਜਮ ਵਿਚ ਵਿਚਰਿਆ ਜਾ ਸਕਦਾ ਹੈ। ਜਿੱਥੇ ਅਕਾਲਪੁਰਖ ਦਾ ਸਿਮਰਨ ਹੁੰਦਾ ਹੈ ਉੱਥੇ ਉਸ ਦੀ ਸਰਬ ਵਿਆਪੀ ਹੋਂਦ ਸਾਹਮਣੇ ਆਉਂਦੀ ਹੈ ਉੱਥੇ ਫਿਰ ਸਮੁੱਚੀ ਕਾਇਨਾਤ ਦੀ ਨਿਸ਼ਕਾਮ ਸੇਵਾ ਦਾ ਆਦਰਸ਼ ਸਾਹਮਣੇ ਆਉਂਦਾ ਹੈ। ਸੇਵਾ ਬਹੁਤ ਵੱਡਾ ਜੀਵਨ ਸੰਤਭ ਹੈ। ਸੇਵਾ ਨਾਲ ਸਬਰ, ਸੰਤੋਖ, ਹਮਦਰਦੀ, ਸਦਭਾਵਨਾ, ਤਿਆਗ, ਹਲੀਮੀ ਤੇ ਪਿਆਰ ਵਰਗੇ ਭਾਵ ਪੈਦਾ ਹੁੰਦੇ ਹਨ। ਅਰਦਾਸ ਜਾਂ ਪ੍ਰਾਥਨਾ ਦੀ ਜੁਗਤ ਨਾਲ ਹਉਮੈ, ਹੰਕਾਰ, ਆਕੜ ਵਿਕਸਿਤ ਨਹੀਂ ਹੁੰਦੀ ਅਤੇ ਨਿਮਰਤਾ ਤੇ ਨਿਰਮਾਣਤਾ ਦੇ ਗੁਣਾਂ ਨਾਲ ਮਨੁੱਖ ਹਮੇਸ਼ਾ ਤਣਾਉ ਰਹਿਤ ਰਹਿੰਦਾ ਹੈ। 'ਸੁਖਮਨੀ ਸਾਹਿਬ' ਅਤੇ 'ਬਾਰਾਮਾਹ' ਆਤਮਿਕ ਤੌਰ ਤੇ ਪ੍ਰਫੁੱਲਤ, ਮਾਨਸਿਕ ਤੌਰ ਤੇ ਸ਼ਾਂਤ-ਚਿਤ ਤੇ ਸਦਾਚਾਰਕ ਤੌਰ ਤੇ ਸੁਦ੍ਰਿੜ ਇਨਸਾਨ ਦੀ ਘਾੜਤ ਤੇ ਜ਼ੋਰ ਦਿੰਦੀ ਹੈ। ਸੱਚੇ ਆਚਰਣ ਤੋਂ ਉੱਤੇ ਕੁਝ ਵੀ ਨਹੀਂ। 'ਸੁਖਮਨੀ ਸਾਹਿਬ' ਅਤੇ 'ਬਾਰਾਮਾਹ' ਉੱਚ ਨੈਤਿਕ ਗੁਣਾਂ ਦਾ ਵਿਸਥਾਰ ਹੈ। ਉਹ ਗੁਣ ਜਿੰਨ੍ਹਾਂ ਨੂੰ ਧਾਰਨ ਕਰਕੇ ਮਨੁੱਖ ਸਦਾਚਾਰ ਦੀਆਂ ਬੁਲੰਦੀਆਂ ਨੂੰ ਛੂਹ ਕੇ ਆਪਣਾ ਜੀਵਨ ਸਫਲਾ ਕਰਦਾ ਹੈ।ਅਜਿਹੇ ਮਨੁੱਖ ਦੂਜਿਆਂ ਦੀ ਦੌਲਤ ਜਾਂ ਸੰਪਤੀ ਤੇ ਬੁਰੀ ਨਜ਼ਰ ਨਹੀਂ ਰੱਖਦੇ। ਸੁਹਿਰਦ ਤੇ ਸੰਤੋਖੀ ਹੁੰਦੇ ਹਨ। 'ਸੁਖਮਨੀ ਸਾਹਿਬ' ਅਤੇ 'ਬਾਰਾਮਾਹ' ਵਿਚ ਪੇਸ਼ ਕਰਮਾਂ ਦਾ ਆਦਰਸ਼ ਕਰਮ ਕਮਾਉਣ ਤੇ ਹੀ ਜ਼ੋਰ ਦਿੰਦਾ ਹੈ। ਅੱਜ ਸਾਰਾ ਵਿਸ਼ਵ ਤੰਗ-ਖ਼ਿਆਲੀ, ਬਖੀਲੀ, ਨਫ਼ਰਤ ਦੀ ਮੰਦ ਭਾਵਨਾ ਨੂੰ ਬੱਲ ਦੇ ਰਿਹਾ ਹੈ ਤੇ ਬਾਰੂਦ ਦੇ ਢੇਰ ਤੇ ਬੈਠਾ ਹੈ। ਲੋੜ ਹੈ ਵਿਸ਼ਵ ਭਾਈਚਾਰੇ ਦੀ,

ਸਦਭਾਵਨਾ ਦੀ, ਪਰਸਪਰ ਮਿਲਵਰਤਨ ਦੀ। ਗੁਰੂ ਜੀ ਦੀ ਬਾਣੀ ਸਰਬਤ ਦੇ ਭਲੇ ਦਾ ਸੰਵਾਦ ਰਚਾਉਂਦੀ ਹੈ। ਸਰਬਸਾਂਝੀਵਾਲਤਾ ਦਾ ਪੈਗ਼ਾਮ ਹੈ। ਜਾਤ-ਪਾਤ ਦੀਆਂ ਵੰਡੀਆਂ ਦਾ ਖੰਡਨ ਕਰਕੇ ਅਨੇਕਤਾ ਵਿਚ ਏਕਤਾ ਪੈਦਾ ਕਰਦੀ ਹੈ। ਸੁਖਮਨੀ ਸਾਹਿਬ ਮੈਤਰੀ ਭਾਵਾਂ, ਬਰਾਬਰੀ ਤੇ ਸਦਭਾਵਨਾ ਦਾ ਸੁਨੇਹਾ ਦਿੰਦੀ ਹੈ ਜਿੱਥੇ ਸਾਰੀਆਂ ਦੂਰੀਆਂ ਮਿੱਟ ਜਾਂਦੀਆਂ ਹਨ। ਸਾਧਸੰਗਤ ਦੀ ਮਹਿਮਾ ਨਾਲ ਜਿੱਥੇ ਗੁਰੂ ਦੀ ਓਟ ਵਿਚ ਰਹਿ ਕੇ ਉਚ-ਅਧਿਆਤਮਕ ਤੱਤਾਂ ਦੀ ਪਛਾਣ ਕਰਦੇ ਹਾਂ, ਉੱਥੇ 'ਨਾ ਕੋ ਬੈਰੀ ਨਾਹਿ ਬਿਗਾਨਾ ਸਗਲ ਸੰਗ ਹਮ ਕੋ ਬਨਿ ਆਈ' ਦੀ ਅਵੱਸਥਾ ਵੀ ਆਉਂਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕਿਰਤ ਕਰਨ ਤੇ ਪੁਰਜ਼ੋਰ ਹੈ। ਕਿਰਤੀ ਮਨੁੱਖ ਦੇ ਸੰਕਲਪ ਰਾਹੀਂ ਸਵੈ-ਮਾਣ ਤੇ ਇੱਜ਼ਤ ਨਾਲ ਜਿਉਣ ਦੀ ਜਾਚ ਦਾ ਸੁਨੇਹਾ ਹੈ। ਆਲਸੀ, ਦਲਿਦੱਰੀ ਤੇ ਦੂਜਿਆਂ ਦੇ ਅੱਗੇ ਹੱਥ ਅੱਡਣਾ ਧਿਰਕਾਰ ਹੈ। ਉਦੱਮੀ ਬੰਦਾ ਹੀ ਪਰਿਵਾਰ, ਸਮਾਜ, ਦੇਸ਼, ਭਾਈਚਾਰੇ ਅਤੇ ਧਰਮ ਲਈ ਸਾਰਥਿਕ ਭੂਮਿਕਾ ਨਿਭਾ ਸਕਦਾ ਹੈ। ਉੱਦਮ ਕਰਕੇ ਨੇਕ ਕਿਰਤ ਕਰਨ ਵਿਚ ਹੀ ਸਭ ਸੁੱਖ ਹਨ ਤੇ ਗੁਰਬਾਣੀ ਮਨੁੱਖ ਨੂੰ ਇੰਨ੍ਹਾਂ ਗੁਣਾਂ ਨੂੰ ਧਾਰਨ ਕਰਨ ਲਈ ਹਿੰਮਤ, ਦ੍ਰਿੜਤਾ ਤੇ ਪ੍ਰੇਰਣਾ ਬਖਸ਼ਦੀ ਹੈ। ਨੇਕ ਕਿਰਤ ਕਰਕੇ ਵੰਡ ਕੇ ਛਕਣਾ ਸਿਖਾਇਆ ਗਿਆ ਹੈ। ਜਿਸ ਨਾਲ ਹਮਦਰਦੀ ਤੇ ਸਨੇਹ ਪੈਦਾ ਹੁੰਦਾ ਹੈ। ਵਿਹਾਰ ਵਿਚ ਸੁਹਿਰਦਤਾ ਆਉਂਦੀ ਹੈ। ਸਰਬਪੱਖੀ ਪਿਆਰ ਵੱਧਦਾ ਹੈ। ਮਾਇਆ ਬਾਰੇ ਬੇਲੋੜੀ ਖਿੱਚ ਨੂੰ ਠੱਲ ਪੈਂਦੀ ਹੈ। ਸਬਰ-ਸੰਤੋਖ ਨੂੰ ਆਧਾਰ ਬਣਾ ਕੇ ਇਨਸਾਨ ਹੇਰਾ ਫੇਰੀਆਂ, ਰਿਸ਼ਵਤਖੋਰੀਆਂ, ਠੱਗੀਆਂ-ਚੋਰੀਆਂ, ਘਪਲੇਬਾਜੀਆਂ ਤੇ ਘੁਟਾਲਿਆਂ ਤੋਂ ਸੰਕੋਚ ਕਰਕੇ ਜੀਣਾ ਸਿੱਖਦਾ ਹੈ।ਸੁਖਮਨੀ ਸਾਹਿਬ ਅਤੇ ਬਾਰਾਮਾਹ ਬਾਣੀ ਇਕ ਆਸ ਹੈ, ਆਸ਼ਾ ਹੈ, ਸੁਨੇਹਾ ਹੈ, ਸਾਕਾਰਾਤਮਕਤਾ ਹੈ। ਗੁਰੀ ਜੀ ਦੀ ਬਾਣੀ ਵਿਚ ਜੀਵਨ ਨੂੰ ਵਧੀਆ ਜੀਣ ਦੀ ਜੁਗਤ ਬੁਣੀ ਗਈ ਹੈ।

ਅਸੀਂ ਉੱਪਰ ਅੱਜ ਦੇ ਸਮਾਜ-ਸਭਿਆਚਾਰ ਦੀ ਸਥਿਤੀ ਨੂੰ ਪੇਸ਼ ਕਰਦੇ ਹੋਇਆ ਗੁਰੂ ਅਰਜਨ ਦੇਵ ਜੀ ਦੀ ਬਾਣੀ ਸੁਖਮਨੀ ਸਾਹਿਬ ਅਤੇ ਬਾਰਾਮਾਹ ਨੂੰ ਸਮਾਜ-ਸਭਿਆਚਾਰ ਦੇ ਸੰਦਰਭ ਵਿਚ ਵਿਚਾਰ ਚਰਚਾ ਕੀਤੀ ਹੈ। ਗੁਰੂ ਜੀ ਦੀ ਬਾਣੀ ਆਧਿਆਤਮਕ ਅਤੇ ਸਮਾਜਕ ਦੋਵੇਂ ਪੱਖਾਂ ਤੋਂ ਮਹਾਨ ਹੈ। ਸਮਾਜਕ ਪੱਖ ਨੂੰ ਪੇਸ਼ ਕਰਦਿਆ ਗੁਰੂ ਜੀ ਦੀ ਬਾਣੀ ਵਿਚ ਨੈਤਿਕਤਾ ਦਾ ਅੰਸ਼ ਵਧੇਰੇ ਮਿਲਦਾ ਹੈ ਅਤੇ ਆਧਿਆਤਮਕ ਖੇਤਰ ਵਿਚ ਗੁਰੂ ਜੀ ਨੇ ਜੀਵ ਆਤਮਾ ਨੂੰ ਪ੍ਰਭੂ ਦੇ ਨਾਮ ਸਿਮਰਨ ਲਈ ਪ੍ਰੇਰਿਤ ਕਰਦਿਆ ਹੋਇਆ ਸਮਾਜਕ ਨਾਸ਼ਮਾਨਤਾ ਦੀ ਗੱਲ ਕੀਤੀ ਹੈ। ਗੁਰੂ ਜੀ ਨੇ ਆਪਣੀ ਬਾਣੀ ਸੁਖਮਨੀ ਸਾਹਿਬ ਅਤੇ ਬਾਰਾਮਾਹ ਰਾਹੀ ਪਰਮਾਤਮਾ ਦੀ ਪ੍ਰਾਪਤੀ ਹੀ ਜੀਵਨ ਦਾ ਅਸਲ ਉਦੇਸ਼ ਹੈ। ਇਸ ਬਾਰੇ ਜਾਣੂ ਕਰਵਾਇਆ ਹੈ। ਮੁਕਤੀ ਦਾ ਮਾਰਗ ਦੱਸਦਿਆਂ ਮਨੁੱਖ ਨੂੰ ਪਰਮਾਤਮਾ ਦੀ ਭਗਤੀ ਨਾਲ ਜੋੜਿਆ।

ਸਭਿਆਚਾਰਕ ਪੱਖ ਤੋਂ ਗੁਰੂ ਜੀ ਨੇ ਸੁਖਮਨੀ ਸਾਹਿਬ ਅਤੇ ਬਾਰਾਮਾਹ ਵਿਚ ਮਨੁੱਖ ਨੂੰ ਚੰਗੀ ਜੀਵਨ-ਜਾਂਚ ਦਾ ਉਪਦੇਸ਼ ਦਿੱਤਾ। ਗੁਰੂ ਜੀ ਨਾ ਬਾਣੀ ਰਾਹੀ ਜਾਤ-ਪਾਤ, ਝੂਠੇ ਰਸਮ-ਰੀਵਾਜ, ਅੰਧਵਿਸ਼ਵਾਸ ਦਾ ਖੰਡਨ ਕੀਤਾ, ਮਨੁੱਖ ਨੂੰ ਸਾਂਝੀਵਾਲਤਾ ਤੇ ਏਕਤਾ ਦਾ ਉਪਦੇਸ਼ ਦਿੱਤਾ ਹੈ। ਗੁਰੂ ਜੀ ਨੇ ਬਾਰਾਮਾਹ ਬਾਣੀ ਵਿਚ ਇਸਤਰੀ ਨੂੰ ਸਨਮਾਨ ਯੋਗ ਸਥਾਨ ਦਿੱਤਾ। ਅਸੀਂ ਜਾਣਦੇ ਹਾਂ ਕਿ ਭਾਰਤੀ ਸਮਾਜ ਵਿਚ ਇਸਤਰੀ ਨੂੰ ਉਸ ਦਾ ਬਣਦਾ ਸਥਾਨ ਨਹੀਂ ਦਿੱਤਾ ਜਾਂਦਾ। ਪਰ ਗੁਰੂ ਜੀ ਨੇ ਬਾਰਾਮਾਹ ਬਾਣੀ ਵਿਚ ਇਸਤਰੀ ਦੀ ਸਥਿਤੀ ਨੂੰ ਉਸਦੇ ਸਮਾਜਕ ਪ੍ਰਸੰਗ

ਵਿਚ ਰੱਖ ਕੇ ਉਸ ਨੂੰ ਆਧਿਆਤਮਕ ਮਨੋਰਥ ਵਜੋਂ ਪ੍ਰਯੋਗ ਕੀਤਾ ਗਿਆ ਹੈ। ਗੁਰੂ ਜੀ ਨੇ ਬਾਣੀ ਰਾਹੀ ਆਤਮਾ-ਪਰਮਾਤਮਾ ਦੇ ਸੰਬੰਧਾਂ ਨੂੰ ਗੁਰੂ ਜੀ ਨੇ ਪਤੀ-ਪਤਨੀ ਦੇ ਪ੍ਰਤੀਕਾਂ ਰਾਹੀ ਪੇਸ਼ ਕਰਦੇ ਹੋਏ ਇਸਤਰੀ ਦੀ ਸਰੇਸ਼ਟਤਾ ਅਤੇ ਸਮਾਜਕ ਇਜ਼ਤ ਨੂੰ ਕਾਇਮ ਕੀਤਾ ਗਿਆ ਹੈ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਦੁਆਰਾ ਜਿੱਥੇ ਇਸਤਰੀ ਨੂੰ ਸਮਾਜ ਵਿਚ ਆਦਰਯੋਗ ਸਥਾਨ ਦਿਵਾਉਣ ਵਿਚ ਸਹਾਈ ਸਿੱਧ ਹੋਏ ਹਨ। ਉੱਥੇ ਹੀ ਇਸਤਰੀ ਕੋਲੋਂ ਨੈਤਿਕ ਅਤੇ ਸਦਾਚਾਰਕ ਮੁੱਲਾਂ ਦੁਆਰਾ ਇਕ ਚੰਗੇ ਜੀਵਨ ਜੀਉਣ ਦੀ ਮੰਗ ਕੀਤੀ ਹੈ।

ਅੱਜ ਸਾਡੇ ਸਮਾਜ-ਸਭਿਆਚਾਰ ਵਿਚ ਸੁਧਾਰ ਦੀ ਬਹੁਤ ਲੋੜ ਹੈ। ਪਰ ਅਸਲ ਵਿਚ ਸੁਧਾਰ ਤਾਂ ਹੀ ਆ ਸਕਦਾ ਹੈ ਜੇ ਅਸੀਂ ਮਹਾਂਪੁਰਸ਼ਾਂ ਦੇ ਜੀਵਨ ਤੋਂ ਸਿੱਖਿਆ ਪ੍ਰਾਪਤ ਕਰਦੇ ਹਾਂ। 'ਸੁਖਮਨੀ ਸਾਹਿਬ' ਅਤੇ 'ਬਾਰਾਮਾਹ' ਵੀ ਸਾਨੂੰ ਦਿਸ਼ਾ ਨਿਰਦੇਸ਼ ਕਰਦੀ ਹੈ। ਇਸ ਲਈ ਲੋੜ ਹੈ 'ਸੁਖਮਨੀ ਸਾਹਿਬ' ਅਤੇ 'ਬਾਰਾਮਾਹ' ਦੇ ਉਪਦੇਸ਼ਾਂ ਨੂੰ ਆਪਣੇ ਜੀਵਨ ਵਿਚ ਲਾਗੂ ਕਰਕੇ ਆਪਣਾ ਅਤੇ ਸਮਾਜ ਦਾ ਕਲਿਆਣ ਕਰੀਏ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੀ ਬਾਣੀ ਸਮਾਜਕ, ਧਾਰਮਕ, ਸਭਿਆਚਾਰਕ ਪੱਖਾਂ ਨੂੰ ਪੇਸ਼ ਕਰਦੀ ਹੋਈ ਸਮਾਜ ਨੂੰ ਨਵੀਂ ਪਛਾਣ ਦਿੰਦੀ ਹੈ।

# ਪੁਸਤਕ ਸੂਚੀ


1.
2. ਸਤਿਬੀਰ ਸਿੰਘ, ਜੀਵਨੀ ਗੁਰੂ ਅਰਜਨ ਦੇਵ ਜੀ ਪਰਤਖ੍ਹ ਹਰਿ, ਜਲੰਧਰ, ਨਿਊ ਬੁੱਕ ਕੰਪਨੀ ਮਾਈ ਹੀਰਾਂ ਗੇਟ, 2013
3. ਸਵਿੰਦਰਜੀਤ ਕੌਰ, ਸਮਾਜ ਵਿਗਿਆਨ ਨਾਲ ਜਾਣ-ਪਛਾਣ, ਪਟਿਆਲਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 1994
4. ਕਸੇਲ, ਕਿਰਪਾਲ ਸਿੰਘ, ਪਰਮਿੰਦਰ ਸਿੰਘ, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਲੁਧਿਆਣਾ, ਲਾਹੌਰ ਬੁੱਕ ਸ਼ਾਪ, 2013
5. ਸੋਲਨ, ਕਰਤਾਰ ਸਿੰਘ, (ਡਾ.), ਗੁਰਮੱਤਿ ਦੇ ਮੂਲਿਕ ਸਿਧਾਂਤ, ਗੁਰੂ ਨਾਨਕ ਪ੍ਰਚਾਰ ਸਭਾ, ਜਲੰਧਰ 1991
6. ਕਸੇਲ, ਕਿਰਪਾਲ ਸਿੰਘ, (ਪ੍ਰੋ:), ਪਰਮਿੰਦਰ ਸਿੰਘ, (ਡਾ.), ਗੁਰੂ ਸਾਹਿਬਾਨ ਦਾ ਸਾਹਿਤ, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਲਾਹੌਰ ਬੁੱਕ ਸ਼ਾਪ, 2013
7. ਕਾਂਗ, ਅਮਰਜੀਤ ਸਿੰਘ, (ਡਾ.), ਕਾਂਗ, ਜਸਪਾਲ ਕੌਰ, (ਡਾ.) ਗੁਰਮਿਤ ਵਿਚ ਨੈਤਿਕਤਾ ਦਾ ਸੰਕਲਪ, ਮੱਧਕਾਲੀ ਪੰਜਾਬੀ ਸਾਹਿਤ ਵਿਵੇਕ, ਨਾਨਕ ਸਿੰਘ ਪੁਸਤਕ ਮਾਲਾ, 2001
8. ਕਾਂਗ, ਕੁਲਬੀਰ ਸਿੰਘ, (ਡਾ.). ਗੁਰੂ ਗ੍ਰੰਥ ਸਾਹਿਬ ਦਾ ਇਖਕਾਲੀ ਸੰਦੇਸ਼, ਪੰਜਾਬੀ ਦੁਨੀਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ, 2001
9. ਕੋਹਲੀ, ਸੁਰਿੰਦਰ ਸਿੰਘ, (ਡਾ.), ਵਧਾਵਾ ਸਿੰਘ, ਗਿਆਨੀ ਲਾਲ ਸਿੰਘ, ਗੁਰਮਤਿ-ਸਾਹਿਤ, ਪੰਜਾਬੀ ਭਾਸ਼ਾ ਵਿਭਾਗ, ਭਾਗ ਪਹਿਲਾ, 1850 ਈ. ਤੱਕ
10. ਖੋਜ ਪਤ੍ਰਿਕਾ, ਬਾਣੀ ਕਾਵਿ-ਰੂਪ, (ਵਿਸ਼ੇਸ਼ ਅੰਕ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸੰਤਬਰ 2003
11. ਗੁਰਮਤਿ ਪ੍ਰਕਾਸ਼, ਸ੍ਰੀ ਗੁਰੁ ਗ੍ਰੰਥ ਸਾਹਿਬ ਵਿਸ਼ੇਸ਼ ਅੰਕ, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 2010
12. ਗੁਰਮੁਖ ਸਿੰਘ, ਸੁਖਮਨੀ ਸਾਹਿਬ ਪ੍ਰਵਚਨ ਤੇ ਪਾਠ ਵਿਚਾਰ, ਅੰਮ੍ਰਿਤਸਰ, ਵਾਰਿਸ ਸ਼ਾਹ ਫਾਊਂਡੇਸ਼ਨ, 2005
13. ਗੁਰਮੁਖ ਸਿੰਘ, ਬਾਰਹਮਾਹ ਦਰਸ਼ਨ (ਮਾਝ ਅਤੇ ਤੁਖਾਰੀ), ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2008
14. ਗੁਰਜੀਤ ਸਿੰਘ, (ਡਾ.), ਸਭਿਆਚਾਰ ਦਾ ਫਲਸਫ਼ਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009
15. ਗੁਲਵੰਤ ਸਿੰਘ, ਗੁਰਮਤਿ ਸਾਹਿਤ ਚਿੰਤਨ, ਅੰਮ੍ਰਿਤਸਰ, ਸਿੰਘ ਬ੍ਰਦਰਜ਼, 1997

16. ਗਿਆਨੀ, ਸ਼ੇਰ ਸਿੰਘ, ਗੁਰਮਿਤ ਦਰਸ਼ਨ ਅੰਮ੍ਰਿਤਸਰ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪਟਿਆਲਾ, 2007
17. ਗਾਸੋ, ਓਮ ਪ੍ਰਕਾਸ਼, ਪੰਜਾਬੀ ਸਭਿਆਚਾਰ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000
18. ਗੋਸਲ, ਹਰਦਿਲਜੀਤ ਸਿੰਘ, ਭਾਰਤੀ ਦਰਸ਼ਨ (ਦਾਰਸ਼ਨਿਕਤਾ ਅਤੇ ਸੰਕਲਪ), ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2012
19. ਗਿੱਲ, ਮਹਿੰਦਰ ਕੌਰ, ਗੁਰੂ ਅਰਜਨ ਦੇਵ ਜੀਵਨ ਤੇ ਬਾਣੀ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009
20. ਜਸਬੀਰ ਕੌਰ, (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਿੰਨ ਪਰਿਪੇਖ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪਬਲੀਕੇਸ਼ਨ ਬਿਊਰੋ, 2004
21. ਜਗਬੀਰ ਸਿੰਘ, ਗੁਰਮਿਤ ਕਾਵਿਧਾਰਾ ਦੇ ਪ੍ਰਮੁੱਖ ਕਵੀ (2) ਉੱਤਰ-ਗੁਰੂ ਨਾਨਕ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ, 2004
22. ਜਸਵਿੰਦਰ ਸਿੰਘ, (ਡਾ.), ਪੰਜਾਬੀ ਸਭਿਆਚਾਰ ਪਛਾਣ ਚਿੰਨ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2012
23. ਜੋਧ ਸਿੰਘ, ਗੁਰੂ ਅਰਜਨ ਦੇਵ ਸ਼ਹੀਦੀ ਅਤੇ ਰਚਨਾ, ਪਟਿਆਲਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2007
24. ਜੱਗੀ, ਰਤਨ ਸਿੰਘ, (ਪ੍ਰੋਫ਼ੈਸਰ), ਖੋਜ ਪਤ੍ਰਿਕਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985
25. ਜੱਗੀ, ਰਤਨ ਸਿੰਘ, ਡਾ., ਸੂਫੀ ਕਾਵਿ-ਧਾਰਾ, ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਦੂਜਾ (1700 ਈ.-1900ਈ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012
26. ਜੱਗੀ, ਰਤਨ ਸਿੰਘ, ਸਾਹਿੱਤ ਕੋਸ਼ ਪਾਰਿਭਾਸ਼ਿਕ ਸ਼ਬਦਾਵਲੀ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001
27. ਜੱਗੀ, ਗੁਰਸ਼ਰਨ ਕੌਰ, ਗੁਰੂ ਅਰਜਨ ਦੇਵ ਜੀਵਨ ਅਤੇ ਰਚਨਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988
28. ਜੋਧ ਸਿੰਘ, (ਡਾ.), ਗੁਰੂ ਅਰਜਨ ਦੇਵ ਸ਼ਹੀਦੀ ਅਤੇ ਰਚਨਾ, ਪਬਲੀਕੇਸ਼ਨ ਬਿਉਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2007
29. ਤਲਵੜਾ, ਜੋਗਿੰਦਰ ਸਿੰਘ, ਗੁਰਬਾਣੀ ਦਾ ਸਰਲ ਵਿਆਕਰਣ-ਬੋਧ ਜਿਲਦ-1, ਅੰਮ੍ਰਿਤਦਰ, ਸਿੰਘ ਬ੍ਰਦਰਜ਼, 2004

30. ਪਰਮਿੰਦਰ ਸਿੰਘ, (ਡਾ.), ਸੂਫੀ ਕਾਵਿ-ਧਾਰਾ, ਪੰਜਾਬੀ ਸਾਹਿਤ ਦਾ ਇਤਿਹਾਸ, ਆਦਿ ਕਾਲ ਤੋਂ 1700 ਈ. ਤੱਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2011

31. ਪੂਨੀ, ਬਲਬੀਰ ਸਿੰਘ, ਪ੍ਰੋ., ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਵਾਰਿਸ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਾਰ, 2013

32. ਬਲਵਿੰਦਰ ਪਾਲ ਸਿੰਘ, (ਪ੍ਰੋ.), ਸ਼ਹੀਦਾਂ ਦੇ ਸਿਰਤਾਜ, ਵੇਗਾ ਪ੍ਰਿੰਟਰਜ਼ ਰੇਲਵੇ ਰੋਡ, ਜਲੰਧਰ, 2006

33. ਬ੍ਰਹਮਜਗਦੀਸ਼ ਸਿੰਘ, (ਪ੍ਰੋ.), ਰਾਜਬੀਰ ਕੌਰ, (ਪ੍ਰੋ.), ਪੰਜਾਬੀ ਸਾਹਿਤ ਦਾ ਇਤਿਹਾਸ, ਅੰਮ੍ਰਿਤਸਰ, ਵਾਰਿਸ ਸ਼ਾਹ ਫਾਉਂਡੇਸ਼ਨ, 2011

34. ਬ੍ਰਹਮਜਗਦੀਸ਼ ਸਿੰਘ, (ਪ੍ਰੋ.), ਗੁਰੂ ਗ੍ਰੰਥ ਸੰਕਲਪ ਕੋਸ਼, ਵਾਰਿਸ ਸ਼ਾਹ ਫ਼ਾਉਡੇਸ਼ਨ, ਅੰਮ੍ਰਿਤਸਰ, 2013

35. ਬ੍ਰਹਮਜਗਦੀਸ਼ ਸਿੰਘ, (ਪ੍ਰੋ:), ਗੁਰਮਤਿ ਕਾਵਿ: ਇਤਿਹਾਸਕ ਵਿਚਾਰਧਾਰਨ ਪਰਿਪੇਖ, ਵਾਰਿਸ਼ ਸ਼ਾਹ ਫਾਊਡੇਸ਼ਨ, 2011

36. ਬੇਗੋਵਾਲ, ਜਸਵੰਤ, ਬਾਰਹਮਾਹਾ (ਤੁਖਾਰੀ ਅਤੇ ਮਾਝ) ਸਮੀਖਿਆ ਅਤੇ ਵਿਆਖਯਾ, ਜਲੰਧਰ, ਸੁੰਦਰ ਬੁੱਕ ਡਿਪੋ, 2008

37. ਮਠਾੜੂ, ਰਜਵੰਤ ਕੌਰ, ਬਾਰਹ ਮਾਹਾ ਮਾਝ ਚਿੰਤਨ ਤੇ ਕਲਾ, ਲਾਕਟ ਪ੍ਰਿੰਟਰਜ਼ ਚੌਂਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ, 2000

38. ਰਾਜਿੰਦਰ ਪਾਲ ਸਿੰਘ, (ਡਾ.), ਜਸਵਿੰਦਰ ਸਿੰਘ (ਡਾ.), ਸੁਰਜੀਤ ਸਿੰਘ (ਡਾ.), ਪੰਜਾਬੀ ਡਾਇਸਪੋਰਾ ਸਾਹਿਤ ਅਤੇ ਸਭਿਆਚਾਰ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012